Downloaded from https:// www.studiestoday.com

ਅੱਠਵੀਂ ਸ਼੍ਰੇਣੀ ਲਈ

# ਪੰਜਾਬੀ ਪੁਸਤਕ - 8

(ਪਹਿਲੀ ਭਾਸ਼ਾ)

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ, ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

## ਪੰਜਾਬ ਸਕੂਲ ਸਿੱਖਿਆ ਬੋਰਡ

### ਸਾਹਿਬਜ਼ਾਦਾ ਅਜੀਤ ਸਿੰਘ ਨਗਰ

Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

ਐਡੀਸ਼ਨ 2018 ................ 2,59,258 ਕਾਪੀਆਂ

All rights, including those of translation, reproduction
and annotation etc., are reserved by the
Punjab Government

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ, ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਇਹ ਪੁਸਤਕ ਵਿਕਰੀ ਲਈ ਨਹੀਂ ਹੈ।

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਚੋਵਾਇਸ ਬੁੱਕਸ ਐਂਡ ਪ੍ਰਿੰਟਰਜ਼ ਪ੍ਰਾ. ਲਿਮਿਟਿਡ, ਜਲੰਧਰ ਰਾਹੀਂ ਛਾਪੀ ਗਈ।

Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਪੰਜਾਬੀ ਨੂੰ ਪੰਜਾਬ ਦੀ ਰਾਜ-ਭਾਸ਼ਾ ਹੋਣ ਸਦਕਾ ਰਾਜ ਦੇ ਸਕੂਲ ਸਿੱਖਿਆ-ਕ੍ਰਮ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਮੁੱਢ ਤੋਂ ਹੀ ਇਸ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸ ਸਿਲਸਿਲੇ ਵਿੱਚ ਬੋਰਡ ਦੁਆਰਾ ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਸਮੇਂ-ਸਮੇਂ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਨਵਿਆਇਆ ਜਾਂਦਾ ਹੈ। ਇਸੇ ਲੜੀ ਅਧੀਨ ਐੱਨ. ਸੀ. ਐੱਫ਼. 2005 ਅਤੇ ਪੀ. ਸੀ. ਐੱਫ਼ 2013 ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਪਾਠ-ਪੁਸਤਕ ਨੂੰ ਸੋਧਿਆ ਗਿਆ ਹੈ।

ਹਥਲੀ ਪਾਠ-ਪੁਸਤਕ ਅੱਠਵੀਂ ਸ਼੍ਰੇਣੀ (ਪਹਿਲੀ ਭਾਸ਼ਾ) ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਬੱਚਿਆਂ ਦੀਆਂ ਰੁਚੀਆਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਲਈ ਇਸ ਪੁਸਤਕ ਵਿੱਚ ਕਵਿਤਾਵਾਂ, ਕਹਾਣੀਆਂ, ਜੀਵਨੀਆਂ, ਲੇਖ ਅਤੇ ਇਕਾਂਗੀ ਵਾਲ਼ੇ ਪਾਠ ਸ਼ਾਮਲ ਕਰ ਕੇ ਸੁੰਦਰ ਚਿੱਤਰਾਂ ਰਾਹੀਂ ਇਸ ਨੂੰ ਮਨਮੋਹਣਾ ਬਣਾਉਣ ਦਾ ਜਤਨ ਕੀਤਾ ਗਿਆ ਹੈ।

ਇਹ ਪਾਠ-ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਾਬੀ ਵਿਕਾਸ ਕੇਂਦਰ ਦੇ ਵਿਸ਼ਾ ਮਾਹਰ ਅਫ਼ਸਰ ਸ੍ਰੀਮਤੀ ਰਜਿੰਦਰ ਕੌਰ ਚੌਹਾਨ ਵੱਲੋਂ ਸਾਬਕਾ ਡਾਇਰੈਕਟਰ ਅਕਾਦਮਿਕ ਸ੍ਰੀਮਤੀ ਅਮਰੀਤਾ ਗਿੱਲ, ਸ੍ਰੀਮਤੀ ਮਨਜੀਤ ਕੌਰ ਉਪ-ਡਾਇਰੈਕਟਰ, ਪੰਜਾਬੀ ਵਿਕਾਸ ਕੇਂਦਰ ਦੀ ਅਗਵਾਈ ਹੇਠ ਖੇਤਰ ਦੇ ਮਾਹਰਾਂ-ਵਿਸ਼ੇਸ਼ ਕਰ ਕੇ ਡਾ. ਬਲਜੀਤ ਕੌਰ, ਸ੍ਰੀ ਤਰਸੇਮ ਸਿੰਘ ਬੁੱਟਰ, ਡਾ. ਸਰਬਜੀਤ ਕੌਰ ਸੋਹਲ, ਸ੍ਰੀਮਤੀ ਬਲਦੀਪ ਕੌਰ ਸੰਧੂ ਅਤੇ ਡਾ. ਰਮਾ ਰਤਨ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਉਹਨਾਂ ਸਭਨਾਂ ਲੇਖਕਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ, ਜਿਨ੍ਹਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪਾਠ ਪੁਸਤਕ ਦੇ ਚਿੱਤਰ ਚਿੱਤਰਕਾਰ ਸ: ਗੁਰਦੀਪ ਸਿੰਘ ਦੀਪ ਨੇ ਤਿਆਰ ਕੀਤੇ ਅਤੇ ਇਸ ਪੁਸਤਕ ਨੂੰ ਹੋਰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

*ਚੇਅਰਮੈਨ*

**ਪੰਜਾਬ ਸਕੂਲ ਸਿੱਖਿਆ ਬੋਰਡ**

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

# ਪਾਠ-ਸੂਚੀ


| ਲੜੀ ਨੰ: | ਪਾਠ ਦਾ ਨਾਂ | | ਲੇਖਕ ਦਾ ਨਾਂ | ਪੰਨਾ ਨੰ: |
|---|---|---|---|---|
| 1. | ਜੈ ਭਾਰਤ ਮਾਤਾ | ਕਵਿਤਾ | ਸ਼ਿਵ ਕੁਮਾਰ ਬਟਾਲਵੀ | 1 |
| 2. | ਪੇਮੀ ਦੇ ਨਿਆਣੇ | ਕਹਾਣੀ | ਪ੍ਰਿੰ. ਸੰਤ ਸਿੰਘ ਸੇਖੋਂ | 3 |
| 3. | ਛਿੰਝ ਛਰਾਹਾਂ ਦੀ | ਲੇਖ | ਅਮਰੀਕ ਸਿੰਘ ਦਿਆਲ | 8 |
| 4. | ਸ੍ਰੀ ਗੁਰੂ ਅਰਜਨ ਦੇਵ ਜੀ | ਜੀਵਨੀ | ਡਾ. ਹਰਿੰਦਰ ਕੌਰ | 13 |
| 5. | ਉੱਦਮ ਕਰੀਂ ਜ਼ਰੂਰ | ਕਵਿਤਾ | ਬਲਦੇਵ ਧਾਲੀਵਾਲ | 17 |
| 6. | ਦਲੇਰੀ | ਕਹਾਣੀ | ਦਰਸ਼ਨ ਸਿੰਘ ਆਸ਼ਟ | 20 |
| 7. | ਰੂਪਨਗਰ | ਲੇਖ | ਡਾ. ਕਰਨੈਲ ਸਿੰਘ ਸੋਮਲ | 25 |
| 8. | ਬਾਬਾ ਫ਼ਰੀਦ | ਜੀਵਨੀ | ਪ੍ਰੋ. ਪਿਆਰਾ ਸਿੰਘ ਪਦਮ | 30 |
| 9. | ਪੰਜਾਬ | ਕਵਿਤਾ | ਧਨੀ ਰਾਮ ਚਾਤ੍ਰਿਕ | 36 |
| 10. | ਹਰਿਆਵਲ ਦੇ ਬੀਜ | ਕਹਾਣੀ | ਕਰਨਲ ਜਸਬੀਰ ਭੁੱਲਰ | 39 |
| 11. | ਪੰਜਾਬੀ ਲੋਕ-ਨਾਚ : ਗਿੱਧਾ | ਲੇਖ | ਸੁਖਦੇਵ ਮਾਦਪੁਰੀ | 44 |
| 12. | ਪੰਜਾਬ ਦਾ ਸੁਪਨਸਾਜ਼ ਡਾ. ਮਹਿੰਦਰ ਸਿੰਘ ਰੰਧਾਵਾ | ਜੀਵਨੀ | ਜਨਕਰਾਜ ਸਿੰਘ | 49 |
| 13. | ਧਰਤੀ | ਕਵਿਤਾ | ਕੁਲਦੀਪ ਸਿੰਘ | 55 |
| 14. | ਸਾਂਝੀ ਮਾਂ | ਕਹਾਣੀ | ਗੁਲਜ਼ਾਰ ਸਿੰਘ ਸੰਧੂ | 58 |
| 15. | ਰਬਿੰਦਰ ਨਾਥ ਟੈਗੋਰ | ਜੀਵਨੀ | ਰਵਿੰਦਰ ਕੌਰ | 63 |
| 16. | ਗੁਲਾਬ ਦੀ ਫ਼ਸਲ | ਕਵਿਤਾ | ਹਰਭਜਨ ਸਿੰਘ ਹੁੰਦਲ | 67 |
| 17. | ਲੋਹੜੀ | ਲੇਖ | ਡਾ. ਹਰਨੇਕ ਸਿੰਘ ਕਲੇਰ | 70 |
| 18. | ਹਾਕੀ ਦਾ ਜਾਦੂਗਰ : ਧਿਆਨ ਚੰਦ | ਜੀਵਨੀ | ਪ੍ਰੋ. ਸੁਰਜੀਤ ਸਿੰਘ ਮਾਨ | 75 |
| 19. | ਅੰਮੜੀ ਦਾ ਵਿਹੜਾ | ਕਵਿਤਾ | ਅੰਮ੍ਰਿਤਾ ਪ੍ਰੀਤਮ | 81 |


Downloaded from https:// www.studiestoday.com

Downloaded from https:// www.studiestoday.com


| | | | | |
|---|---|---|---|---|
| 20. | ਛੱਲੀਆਂ ਦੇ ਰਾਖੇ | ਕਹਾਣੀ | ਡਾ. ਗੁਰਮੀਤ ਸਿੰਘ ਬੈਦਵਾਣ | 85 |
| 21. | ਗਿਆਨ, ਵਿਗਿਆਨ ਤੇ ਮਨੋਰੰਜਨ ਦਾ ਅਨੋਖਾ ਸੰਗਮ : ਸਾਇੰਸ-ਸਿਟੀ | ਲੇਖ | ਅਸ਼ਨੀ ਕੁਮਾਰ | 89 |
| 22. | ਸ਼ਿਵ ਸਿੰਘ : ਬੁੱਤ – ਘਾੜਾ | ਜੀਵਨੀ | ਮਲਕੀਤ ਸਿੰਘ 'ਆਰਟਿਸਟ' | 96 |
| 23. | ਪਿੰਡ ਦੀ ਘੁਲਾੜੀ | ਕਵਿਤਾ | ਮਨਮੋਹਨ ਸਿੰਘ ਦਾਊਂ | 101 |
| 24. | ਭੂਆ | ਕਹਾਣੀ | ਨਾਨਕ ਸਿੰਘ | 104 |
| 25. | ਰੱਬ ਦੀ ਪੌੜੀ | ਸਫ਼ਰਨਾਮਾ | ਬਲਵੰਤ ਗਾਰਗੀ | 112 |
| 26. | ਗੱਗੂ | ਕਹਾਣੀ | ਕੋਮਲ ਸਿੰਘ | 118 |
| 27. | ਵੱਡੇ ਭੈਣ ਜੀ | ਇਕਾਂਗੀ | ਗੁਰਚਰਨ ਕੌਰ ਚੱਪੜਚਿੜੀ | 124 |


Downloaded from https:// www.studiestoday.com

Downloaded from https:// www.studiestoday.com

ਪਾਠ-1

# ਜੈ ਭਾਰਤ ਮਾਤਾ



ਜੈ ਭਾਰਤ, ਜੈ ਭਾਰਤ ਮਾਤਾ,
ਲਹੂਆਂ ਦੇ ਸੰਗ ਲਿਖੀ ਗਈ ਹੈ,
ਅਣਖ ਤੇਰੀ ਦੀ ਲੰਮੀ ਗਾਥਾ।
ਜੈ ਭਾਰਤ, ਜੈ ਭਾਰਤ ਮਾਤਾ।

ਹਲਦੀ ਘਾਟੀ ਤੇਰੀ, ਤੇਰੇ ਸੋਮਨਾਥ ਦੇ ਮੰਦਰ,
ਤੇਰੇ ਦੁੱਖਾਂ ਦੀ ਬਾਤ ਸੁਣਾਂਦੇ, ਰਾਜਪੂਤਾਨੀ ਖੰਡਰ।
ਬਿਆਸਾ ਦੇ ਕੰਢੇ ਤੋਂ ਮੁੜਿਆ, ਖਾ ਕੇ ਮਾਰ ਸਿਕੰਦਰ।
ਜੈ ਭਾਰਤ, ਜੈ ਭਾਰਤ ਮਾਤਾ।

'ਜਲ੍ਹਿਆਂ ਵਾਲ਼ੇ' ਬਾਗ਼ ਤੇਰੇ ਦੀ, ਅੱਜ ਵੀ ਅਮਰ ਕਹਾਣੀ,
'ਕਾਮਾਗਾਟਾ ਮਾਰੂ' ਤੇਰੇ, ਅੱਗ ਲਾਈ ਵਿੱਚ ਪਾਣੀ।
ਚੰਡੀ ਬਣ ਕੇ ਰਣ ਵਿੱਚ ਜੂਝੀ, ਤੇਰੀ ਝਾਂਸੀ ਰਾਣੀ।
ਜੈ ਭਾਰਤ, ਜੈ ਭਾਰਤ ਮਾਤਾ।

'ਭਗਤ ਸਿੰਘ' ਜਿਹੇ ਪੁੱਤਰ ਤੇਰੇ, 'ਊਧਮ ਸਿੰਘ', 'ਸਰਾਭੇ',
ਡੁੱਲ੍ਹੇ ਖ਼ੂਨ ਦਾ ਬਦਲਾ ਉਸ ਨੇ, ਤੋਲ ਲਿਆ ਵਿੱਚ ਛਾਬੇ।
ਗੋਰੀ ਅਣਖ ਨੂੰ ਰੰਡੀ ਕਰ ਗਏ, ਤੇਰੇ ਗ਼ਦਰੀ ਬਾਬੇ।
ਜੈ ਭਾਰਤ, ਜੈ ਭਾਰਤ ਮਾਤਾ।



Downloaded from https:// www.studiestoday.com

Downloaded from https:// www.studiestoday.com

'ਲਾਜਪਤ' ਜਿਹੇ ਬਣ ਗਏ ਤੇਰੀ, ਲਾਜ-ਪੱਤ ਦੇ ਰਾਖੇ,
'ਸ਼ਿਵਾ' ਅਤੇ 'ਪ੍ਰਤਾਪ' ਤੇਰੇ ਨੇ, ਲਿਖੇ ਸ਼ਹੀਦੀ ਸਾਕੇ।
ਫਾਂਸੀ ਦੇ ਫੱਟਿਆਂ 'ਤੇ ਬੈਠੀ, ਤਵਾਰੀਖ਼ ਪਈ ਆਖੇ।
ਜੈ ਭਾਰਤ, ਜੈ ਭਾਰਤ ਮਾਤਾ।

## ਪਾਠ-ਅਭਿਆਸ

1. ਦੱਸੋ :

(ੳ) ਇਸ ਕਵਿਤਾ ਵਿੱਚ ਕਿਹੜੇ-ਕਿਹੜੇ ਦੇਸ-ਭਗਤਾਂ ਦਾ ਜ਼ਿਕਰ ਆਇਆ ਹੈ?

(ਅ) ਇਸ ਕਵਿਤਾ ਵਿੱਚ ਦੇਸ ਦੀ ਅਜ਼ਾਦੀ ਦੇ ਇਤਿਹਾਸ ਨਾਲ਼ ਸੰਬੰਧਿਤ ਕਿਹੜੀਆਂ ਥਾਂਵਾਂ ਦਾ ਵਰਨਣ ਹੈ?

2. ਹੇਠ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ :

(ੳ) ਲਹੂਆਂ ਦੇ ਸੰਗ ਲਿਖੀ ਗਈ ਹੈ,
ਅਣਖ ਤੇਰੀ ਦੀ ਲੰਮੀ ਗਾਥਾ।

(ਅ) ਫਾਂਸੀ ਦੇ ਫੱਟਿਆਂ 'ਤੇ ਬੈਠੀ,
ਤਵਾਰੀਖ਼ ਪਈ ਆਖੇ।
ਜੈ ਭਾਰਤ, ਜੈ ਭਾਰਤ ਮਾਤਾ।

3. ਔਖੇ ਸ਼ਬਦਾਂ ਦੇ ਅਰਥ :

ਸੰਗ : ਨਾਲ਼
ਗਾਥਾ : ਕਥਾ, ਕਹਾਣੀ
ਚੰਡੀ : ਦੁਰਗਾ ਦੇਵੀ, ਤਲਵਾਰ
ਛਾਬਾ : ਤੱਕੜੀ ਦਾ ਇੱਕ ਪਲੜਾ, ਡੂੰਘੀ ਟੋਕਰੀ
ਸਾਕਾ : ਇਤਿਹਾਸ ਵਿੱਚ ਵਾਪਰੀ ਅਹਿਮ ਘਟਨਾ
ਤਵਾਰੀਖ਼ : ਇਤਿਹਾਸ, ਬੀਤੇ ਸਮੇਂ ਦੀ ਵਾਰਤਾ
ਅਣਖ : ਸ੍ਵੈਮਾਣ, ਗ਼ੈਰਤ
ਖੰਡਰ : ਡਿੱਗੀ-ਢੱਠੀ ਇਮਾਰਤ, ਥੋਲ਼ੇ
ਅਮਰ : ਜੋ ਮਰੇ ਨਾ, ਸਦੀਵੀ, ਚਿਰੰਜੀਵ

ਇਸ ਕਵਿਤਾ ਵਿੱਚ ਪੰਜਾਬ ਦੇ ਇੱਕ ਦਰਿਆ ਬਿਆਸ ਦਾ ਜ਼ਿਕਰ ਆਇਆ ਹੈ, ਪੰਜਾਬ ਦੇ ਬਾਕੀ ਦਰਿਆਵਾਂ ਦੇ ਨਾਂ ਲਿਖੋ।

ਦੇਸ-ਪਿਆਰ ਸੰਬੰਧੀ ਕੋਈ ਹੋਰ ਕਵਿਤਾ ਯਾਦ ਕਰ ਕੇ ਆਪਣੇ ਸਕੂਲ ਦੀ ਬਾਲ-ਸਭਾ ਵਿੱਚ ਸੁਣਾਓ।



Downloaded from https:// www.studiestoday.com

Downloaded from https:// www.studiestoday.com

## ਪਾਠ-2

# ਪ੍ਰੇਮੀ ਦੇ ਨਿਆਣੇ

ਵੀਹ ਕੁ ਸਾਲ ਪਹਿਲਾਂ ਦੀ ਗੱਲ ਹੈ। ਮੈਂ ਸੱਤ ਕੁ ਵਰ੍ਹੇ ਦਾ ਸਾਂ ਤੇ ਮੇਰੀ ਵੱਡੀ ਭੈਣ ਗਿਆਰਾਂ ਵਰ੍ਹੇ ਦੀ। ਅਸਾਡਾ ਖੇਤ ਘਰੋਂ ਮੀਲ ਕੁ ਦੀ ਵਿੱਥ 'ਤੇ ਸੀ। ਅੱਧ-ਵਿਚਕਾਰੋਂ ਇੱਕ ਜਰਨੈਲੀ ਸੜਕ ਲੰਘਦੀ ਸੀ ਜਿਸ ਵਿੱਚੋਂ ਜਾਂਗਲ਼ੀਆਂ, ਪਠਾਣਾਂ, ਰਾਸ਼ਿਆਂ ਤੇ ਹੋਰ ਪਰਦੇਸੀਆਂ ਦਾ ਕਾਫ਼ੀ ਲਾਂਘਾ ਸੀ। ਅਸੀਂ ਸਭ ਅੰਞਾਣੇ ਜਿਨ੍ਹਾਂ ਨੂੰ ਰਾਸ਼ਿਆਂ ਤੋਂ ਘਰ ਬੈਠਿਆਂ ਵੀ ਡਰ ਆਉਂਦਾ ਸੀ, ਇਸ ਸੜਕ ਵਿੱਚੋਂ ਦੀ ਕਿਸੇ ਸਿਆਣੇ ਦੇ ਸਾਥ ਤੋਂ ਬਗ਼ੈਰ ਲੰਘਣ ਤੋਂ ਬਹੁਤ ਭੈ ਖਾਂਦੇ ਸਾਂ। ਪਰ ਟੰਟਾ ਇਹ ਸੀ ਕਿ ਇੱਕ ਵੇਲ਼ੇ ਬਾਪੂ ਅਤੇ ਕਾਮੇ ਦੀ ਰੋਟੀ ਫੜਾਉਣ ਜ਼ਰੂਰ ਜਾਣਾ ਪੈਂਦਾ ਸੀ ਤੇ ਸਾਡੀ ਅਵਸਥਾ ਹਰ ਰੋਜ਼ ਇੱਕ ਮੁਸ਼ਕਲ ਘਾਟੀ ਲੰਘਣ ਵਾਲ਼ੀ ਹੁੰਦੀ ਸੀ।

ਅਸੀਂ ਆਮ ਤੌਰ 'ਤੇ ਘਰੋਂ ਹੌਸਲਾ ਕਰਕੇ ਇਕੱਲੇ ਹੀ ਤੁਰ ਪੈਂਦੇ ਪਰ ਜਦ ਸੜਕ ਤਿੰਨ ਕੁ ਘਮਾਉਂ ਦੀ ਵਿੱਥ 'ਤੇ ਰਹਿ ਜਾਂਦੀ ਤਾਂ ਨਹਿਰ ਦਾ ਸੂਆ ਟੱਪਣ ਲੱਗੇ ਪਠੋਰਿਆਂ ਵਾਕੁਰ ਖਲੋ ਕੇ ਆਸੇ-ਪਾਸੇ ਤੱਕਣ ਲੱਗ ਜਾਂਦੇ ਤਾਂਜੋ ਕਿਸੇ ਪਿੰਡੋਂ ਆਉਂਦ-ਜਾਂਦੇ ਸਿਆਣੇ ਦੀ ਸ਼ਰਨ ਲੈ ਕੇ ਭੈ-ਸਾਗਰ ਨੂੰ ਤਰਨ ਜੋਗੇ ਹੋ ਜਾਈਏ।

ਅਸਾਨੂੰ ਧਾਰਮਿਕ ਸਿੱਖਿਆ ਵੀ ਕੁਝ ਇਸ ਕਿਸਮ ਦੀ ਮਿਲ਼ ਰਹੀ ਸੀ ਕਿ ਅਜਿਹੇ ਡਰ ਸਾਡੇ ਸੁਭਾਵਾਂ ਦਾ ਹਿੱਸਾ ਬਣ ਗਏ ਸਨ। ਹਰ ਰੋਜ਼ ਸ਼ਾਮ ਨੂੰ ਅਸੀਂ ਘਰ ਸਿਆਣਿਆਂ ਕੋਲ਼ੋਂ ਨਰਕ-ਸੁਰਗ ਦੀਆਂ ਕਹਾਣੀਆਂ ਸੁਣਦੇ। ਸੁਰਗ ਤਾਂ ਸਾਨੂੰ ਖੇਡ ਤੋਂ ਬਾਹਰ ਕਿਤੇ ਘੱਟ ਹੀ ਪ੍ਰਾਪਤ ਹੁੰਦਾ ਪਰ ਨਰਕ ਦੇ ਹਰ ਥਾਂ ਖੁੱਲ੍ਹੇ ਗੱਫੇ ਮਿਲ਼ਦੇ। ਸਭ ਤੋਂ ਵੱਡਾ ਨਰਕ ਮਦਰਸਾ ਸੀ ਤੇ ਜੇ ਉਸ ਤੋਂ ਕਿਸੇ ਦਿਨ ਛੁੱਟ ਜਾਂਦੇ ਤਾਂ ਖੇਤ ਰੋਟੀ ਦੇਣ ਜਾਣ ਦਾ ਨਰਕ ਪੇਸ਼ ਆ ਜਾਂਦਾ। ਗੱਲ ਕੀ ਸਾਡੇ ਅੰਞਾਣੇ ਰਾਹ ਦੇ ਹਰ ਇੱਕ ਮੋੜ 'ਤੇ ਨਰਕ ਜਾਣੋਂ ਘਾਤ ਲਾਈ ਖਲੋਤਾ ਹੁੰਦਾ। ਖ਼ਬਰੇ ਇਸ ਸੜਕ ਦਾ ਭੈ-ਸਾਗਰ ਲੰਘਣ ਕਰਕੇ ਅਸਾਨੂੰ ਖੇਤ ਜਾਣਾ ਨਰਕ ਲੱਗਦਾ ਸੀ ਜਾਂ ਖੇਤ ਰੋਟੀ ਲੈ ਜਾਣ ਲੱਗੇ ਇਸ ਸੜਕ ਨੂੰ ਲੰਘਣਾ ਪੈਣ ਕਰਕੇ, ਇਹ ਅਸਾਨੂੰ ਭੈ-ਸਾਗਰ ਦਿਖਾਈ ਦਿੰਦਾ ਸੀ, ਮੈਂ ਇਸ ਦੀ ਬਾਬਤ ਯਕੀਨ ਨਾਲ਼ ਕੁਝ ਨਹੀਂ ਕਹਿ ਸਕਦਾ। ਇਹ ਮੈਨੂੰ ਪਤਾ ਹੈ ਕਿ ਖੇਤ ਸੁਰਗ ਸੀ ਤੇ ਰੋਟੀ ਲੈ ਕੇ ਜਾਣ ਦੀ ਖੇਚਲ਼ ਨਰਕ ਅਤੇ ਉਹ ਜਰਨੈਲੀ ਸੜਕ, ਵਿਚਕਾਰਲਾ ਭੈ-ਸਾਗਰ।

ਸਿਆਲ਼ ਦੇ ਦਿਨ ਸਨ। ਅਸੀਂ ਦੋਵੇਂ ਭੈਣ-ਭਰਾ ਦੁਪਹਿਰ ਦੀ ਰੋਟੀ ਲੈ ਕੇ ਖੇਤ ਨੂੰ ਚੱਲ ਪਏ। ਨਿੱਘੀ-ਨਿੱਘੀ ਧੁੱਪ ਪੈ ਰਹੀ ਸੀ ਤੇ ਅਸੀਂ ਟੁਰੇ ਜਾਂਦੇ ਵੀ ਜਾਣੋ ਸਿਆਲ਼ ਦੀ ਧੁੱਪ ਵਿੱਚ ਨੀਂਦ ਦਾ ਨਿੱਘ ਲੈ ਰਹੇ ਸਾਂ ਪਰ ਦਿਲ ਵਿੱਚ ਸੜਕ ਲੰਘਣ ਦਾ ਡਰ ਚੂਹੇ ਵਾਂਗ ਕੁਤਰ ਰਿਹਾ ਸੀ।

ਅਸੀਂ ਡਰ ਨੂੰ ਦਬਾਉਣ ਦਾ ਇੱਕ ਆਮ ਤਰੀਕਾ ਵਰਤਣਾ ਚਾਹਿਆ। ਭੈਣ ਮੈਨੂੰ ਇੱਕ ਕਹਾਣੀ ਸੁਣਾਉਣ ਲੱਗ ਪਈ: "ਇੱਕ ਸੀ ਰਾਜਾ। ਉਹਦੀ ਰਾਣੀ ਮਰ ਗਈ। ਮਰਨ ਲੱਗੀ ਰਾਣੀ ਨੇ ਰਾਜੇ ਨੂੰ ਕਿਹਾ, 'ਤੂੰ ਮੈਨੂੰ ਇੱਕ ਕਰਾਰ ਦੇਹ।' ਰਾਜੇ ਨੇ ਪੁੱਛਿਆ, "ਕੀ ?"



Downloaded from https:// www.studiestoday.com

Downloaded from https:// www.studiestoday.com

ਮੈਂ ਕਹਾਣੀ ਵੱਲੋਂ ਧਿਆਨ ਮੋੜ ਕੇ ਪਿਛਾਂਹ ਪਿੰਡ ਵੱਲ ਨੂੰ ਦੇਖਿਆ ਕਿ ਕਿਤੇ ਕੋਈ ਆਦਮੀ ਅਸਾਡੇ ਰਾਹ ਜਾਣ ਵਾਲ਼ਾ ਆ ਰਿਹਾ ਹੋਵੇ।

"ਤੂੰ ਸੁਣਦਾ ਨੀ, ਬੀਰ", ਭੈਣ ਨੇ ਮੇਰੇ ਮੋਢੇ ਨੂੰ ਹਲੂਣ ਕੇ ਆਖਿਆ।

"ਨਹੀਂ, ਮੈਂ ਸੁਣਦਾਂ।" ਮੈਂ ਭਰਾਵਾਂ ਵਾਲ਼ੀ ਗੁਸਤਾਖ਼ੀ ਨਾਲ਼ ਜਵਾਬ ਦਿੱਤਾ।

"ਅੱਛਾ, ਜਦ ਉਹ ਰਾਣੀ ਮਰਨ ਲੱਗੀ ਤਾਂ ਉਸ ਨੇ ਰਾਜੇ ਨੂੰ ਸੱਦ ਕੇ ਕਿਹਾ, "ਤੂੰ ਮੇਰੇ ਨਾਲ਼ 'ਕਰਾਰ ਕਰ।"

ਰਾਜੇ ਨੇ ਪੁੱਛਿਆ, "ਕੀ ?" ਰਾਣੀ ਨੇ ਕਿਹਾ, "ਤੂੰ ਹੋਰ ਵਿਆਹ ਨਾ ਕਰਾਈਂ। ਸੱਚ, ਮੈਂ ਦੱਸਣਾ ਭੁੱਲ ਗਈ, ਰਾਣੀ ਦੇ ਦੋ ਪੁੱਤ ਤੇ ਇੱਕ ਧੀ ਵੀ ਸੀਗੇ।"

ਅਸਾਨੂੰ ਰਾਜਾ ਤੇ ਰਾਣੀ ਆਪਣੇ ਮਾਂ-ਪਿਓ ਵਰਗੇ ਹੀ ਭਾਸਦੇ ਸਨ। ਜੇ ਅਸਾਡੀ ਮਾਂ ਮਰਨ ਲੱਗੇ ਤਾਂ ਸਾਡੇ ਪਿਓ ਨੂੰ ਵੀ ਇਹ ਵਚਨ ਦੇਣ ਲਈ ਆਖੇ-ਇਹ ਖ਼ਿਆਲ ਅਸਾਡੇ ਅਚੇਤ ਮਨ ਵਿੱਚ ਕੰਮ ਕਰ ਰਿਹਾ ਹੋਵੇਗਾ। ਮੈਨੂੰ ਉਹ ਧੀ ਆਪਣੀ ਭੈਣ ਲੱਗੀ ਤੇ ਉਹਦਾ ਪੁੱਤ, ਆਪਣਾ ਆਪ।

ਮੇਰੀ ਭੈਣ ਪਿੰਡ ਵੱਲ ਦੇਖ ਰਹੀ ਸੀ। "ਸੁਣਾ 'ਗਾਹਾਂ", ਮੈਂ ਉਸ ਨੂੰ ਪਹਿਲੀ ਤਰ੍ਹਾਂ ਹੀ ਖਰ੍ਹਵੇ ਬੋਲ ਨਾਲ਼ ਆਖਿਆ।

ਰਾਣੀ ਨੇ ਕਿਹਾ, "ਬਈ ਮੇਰੇ ਪੁੱਤ ਤੇ ਧੀ ਨੂੰ ਮਤਰੇਈ ਦੁੱਖ ਦੇਊਗੀ," ਭੈਣ ਨੇ ਹੋਰ ਵੀ ਮਿੱਠੀ ਤੇ ਹੋਰ ਵੀ ਤ੍ਰੀਮਤ ਬਣ ਕੇ ਦੱਸਿਆ। ਏਸ ਲਈ ਉਸ ਨੇ ਰਾਜੇ ਤੋਂ ਇਹ 'ਕਰਾਰ ਮੰਗਿਆ। ਰਾਜੇ ਨੇ ਕਿਹਾ, "ਚੰਗਾ ਮੈਂ 'ਕਰਾਰ ਦਿੰਨਾਂ।"

ਜਿਵੇਂ ਕਿਤੇ ਜੇ ਰਾਜਾ ਇਹ ਇਕਰਾਰ ਨਾ ਦਿੰਦਾ ਤਾਂ ਰਾਣੀ ਮਰਨ ਤੋਂ ਨਾਂਹ ਕਰ ਦਿੰਦੀ।

" ਹੂੰ।"

ਭਾਵੇਂ ਅਸੀਂ ਦੋਂਹਾਂ ਨੇ ਇਹ ਸੁਣਿਆ ਹੋਇਆ ਸੀ ਕਿ ਦਿਨੇ ਕਹਾਣੀਆਂ ਪਾਉਣ ਨਾਲ਼ ਰਾਹੀ ਰਾਹ ਭੁੱਲ ਜਾਂਦੇ ਹਨ, ਅਸਾਂ ਇੱਕ ਦੂਜੇ ਨੂੰ ਇਹ ਚਿਤਾਵਨੀ ਨਾ ਕਰਵਾਈ ਤੇ ਇਸ ਸੂਝ ਨੂੰ ਆਪਣੇ ਦਿਲਾਂ ਤੇ ਵਿਚਾਰਾਂ 'ਤੇ ਅਸਰ ਨਾ ਕਰਨ ਦਿੱਤਾ।

"ਪਰ ਰਾਜੇ ਨੇ ਝੱਟ ਹੀ ਦੂਜਾ ਵਿਆਹ ਕਰਵਾ ਲਿਆ।"

" ਹੂੰ!"

ਪਿਛਲੇ ਮੋੜ 'ਤੇ ਅਸਾਨੂੰ ਇੱਕ ਆਦਮੀ ਆਉਂਦਾ ਦਿਸਿਆ। ਅਸਾਂ ਸੁੱਖ ਦਾ ਸਾਹ ਭਰਿਆ ਤੇ ਉਸ ਨੂੰ ਨਾਲ਼ ਰਲ਼ਾਉਣ ਲਈ ਖਲੋ ਗਏ। ਅਸਾਡੀ ਬਾਤ ਵੀ ਖਲੋ ਗਈ ਪਰ ਉਹ ਆਦਮੀ ਕਿਸੇ ਹੋਰ ਪਾਸੇ ਨੂੰ ਜਾ ਰਿਹਾ ਸੀ ਤੇ ਅਸਾਡੇ ਵੱਲ ਨਾ ਮੁੜਿਆ। ਜਿਸ ਮੰਤਵ ਨੂੰ ਪੂਰਾ ਕਰਨ ਲਈ ਇਹ ਬਾਤ ਦਾ ਪਖੰਡ ਰਚਿਆ ਸੀ, ਉਹ ਪੂਰਾ ਨਾ ਹੋ ਸਕਿਆ। ਸਾਡਾ ਖ਼ਿਆਲ ਸੀ ਕਿ ਬਾਤ ਦੇ ਰੁਝੇਵੇਂ ਵਿੱਚ ਅਸੀਂ ਅਚੇਤ ਹੀ ਸੜਕ ਪਾਰ ਹੋ ਜਾਵਾਂਗੇ ਪਰ ਹੁਣ ਜਦ ਸੜਕ ਘੁਮਾਉਂ ਕੁ ਦੂਰ ਰਹਿ ਗਈ ਤਾਂ ਅਸਾਡੀ ਕਹਾਣੀ ਵੀ ਠਠੰਬਰ ਕੇ ਖਲੋ ਗਈ। ਅਸੀਂ ਦੋਵੇਂ ਸਹਿਮ ਕੇ ਖਲੋ ਗਏ।



Downloaded from https:// www.studiestoday.com

Downloaded from https:// www.studiestoday.com

ਦਸ-ਵੀਹ ਕਦਮ ਹੋਰ ਪੁੱਟੇ ਤਾਂ ਅਸਾਡਾ ਡਰ ਹੋਰ ਵਧ ਗਿਆ। ਸੜਕ ਵਿੱਚ ਇੱਕ ਪਾਸੇ ਇੱਕ ਕਾਲ਼ੇ ਸੂਫ਼ ਦੀ ਵਾਸਕਟ ਤੇ ਪਠਾਣਾਂ ਵਰਗੀ ਖੁੱਲ੍ਹੀ ਸਲਵਾਰ ਵਾਲ਼ਾ ਆਦਮੀ ਲੰਮਾ ਪਿਆ ਸੀ।



"ਔਹ ਦੇਖ, ਬੀਬੀ! ਰਾਸ਼ਾ ਪਿਆ।"

ਉਸ ਆਦਮੀ ਨੇ ਪਾਸਾ ਪਰਤਿਆ।

"ਇਹ ਤਾਂ ਹਿੱਲਦੈ, ਜਾਗਦੈ, " ਮੇਰੀ ਭੈਣ ਨੇ ਸਹਿਮ ਕੇ ਆਖਿਆ। "ਹੁਣ ਕੀ ਕਰੀਏ ?"

"ਇਹ ਆਪਾਂ ਨੂੰ ਫੜ ਲਊ ?"

"ਹੋਰ ਕੀ!" ਉਸ ਨੇ ਜਵਾਬ ਦਿੱਤਾ।

ਅਸੀਂ ਰਾਤ ਨੂੰ ਘਰੋਂ ਬਾਹਰ ਤਾਂ ਘੱਟ ਹੀ ਕਦੀ ਨਿਕਲ਼ੇ ਸਾਂ ਪਰ ਇਹ ਸੁਣਿਆ ਹੋਇਆ ਸੀ ਕਿ ਜੇ ਡਰ ਲੱਗੇ ਤਾਂ 'ਵਾਹਿਗੁਰੂ' ਦਾ ਨਾਂ ਲੈਣਾ ਚਾਹੀਦਾ ਹੈ, ਫਿਰ ਡਰ ਹਟ ਜਾਂਦਾ ਹੈ।

"ਆਪਾਂ ਵੀ 'ਵਾਹਿਗੁਰੂ-ਵਹਿਗੁਰੂ' ਕਰੀਏ।"

"ਵਾਹਿਗੁਰੂ ਤੋਂ ਤਾਂ ਭੂਤ-ਪ੍ਰੇਤ ਹੀ ਡਰਦੇ ਨੇ,ਆਦਮੀ ਨਹੀਂ" , ਮੇਰੀ ਭੈਣ ਨੇ ਕਿਹਾ।

ਮੈਂ ਮੰਨ ਗਿਆ। ਸੜਕ ਵਿੱਚ ਪਿਆ ਰਾਸ਼ਾ ਤਾਂ ਆਦਮੀ ਸੀ, ਉਹ ਰੱਬ ਤੋਂ ਕਦ ਡਰਨ ਲੱਗਾ ਸੀ ?

"ਤਾਂ ਫੇਰ, ਹੁਣ ਕੀ ਕਰੀਏ ?"

ਅਸੀਂ ਪੰਜ-ਸੱਤ ਮਿੰਟ ਸਹਿਮ ਕੇ ਖਲੋਤੇ ਰਹੇ। ਹਾਲੇ ਵੀ ਅਸਾਡੇ ਦਿਲਾਂ ਵਿੱਚ ਆਸ ਸੀ ਕਿ ਕੋਈ ਆਦਮੀ ਇਸ ਰਾਸ਼ੇ ਨੂੰ ਡਰਾਉਣ ਵਾਲ਼ਾ ਅਸਾਡੇ ਨਾਲ਼ ਆ ਮਿਲ਼ੇਗਾ ਪਰ ਇਹ ਆਸ ਪੂਰੀ ਹੁੰਦੀ ਨਾ ਦਿਸੀ।

ਅਸੀਂ ਇੱਕ ਦੂਸਰੇ ਦੇ ਮੂੰਹ ਵੱਲ ਤੱਕਦੇ ਰਹੇ ਪਰ ਅਜਿਹੇ ਸਮੇਂ ਅਸੀਂ ਉਸ ਵੇਲ਼ੇ ਇੱਕ ਦੂਸਰੇ ਦੇ ਚਿਹਰਿਆਂ ਵਿੱਚ ਕੀ ਲੱਭ ਸਕਦੇ ਸਾਂ ? ਅਸਾਡਾ ਭਲੱਪਣ, ਅਸਾਡੀ ਏਕਤਾ, ਬੇਕਰਾਰ ਹੋਏ ਖਲੋਤੇ ਸਨ। ਕੁਝ ਮਿੰਟਾਂ ਬਾਅਦ ਮੇਰਾ ਰੋਣ ਨਿਕਲ਼ ਗਿਆ।



Downloaded from https:// www.studiestoday.com

Downloaded from https:// www.studiestoday.com

ਮੇਰੀ ਭੈਣ ਨੇ ਪੱਲੇ ਨਾਲ਼ ਮੇਰੇ ਅੱਥਰੂ ਪੂੰਝਦਿਆਂ ਆਖਿਆ, "ਨਾ ਵੀਰ, ਰੋਨਾਂ ਕਿਉਂ ਐਂ, ਆਪਾਂ ਐਥੇ ਖੜੋਨੇ ਆਂ, ਹੁਣੇ ਪਿੰਡੋਂ ਕੋਈ ਆ ਜਾਊ।"

ਅਸਾਂ ਕੁਝ ਕਦਮ ਸੜਕ ਵੱਲ ਪੁੱਟੇ, ਫਿਰ ਖਲੋ ਗਏ ਤੇ ਫਿਰ ਉਹ ਹੀ ਪੰਜ ਕਦਮ ਮੁੜ ਆਏ।

ਅੰਤ ਮੇਰੀ ਭੈਣ ਨੇ ਕੁਝ ਵਿਚਾਰ ਬਾਅਦ ਕਿਹਾ, "ਆਪਾਂ ਕਹਾਂਗੇ ਅਸੀਂ ਤਾਂ ਪੇਮੀ ਦੇ ਨਿਆਣੇ ਆਂ, ਸਾਨੂੰ ਨਾ ਫੜ।"

ਉਸ ਦੇ ਮੂੰਹ ਵਿੱਚੋਂ 'ਪੇਮੀ' ਸ਼ਬਦ ਬੜਾ ਮਿੱਠਾ ਨਿਕਲ਼ਦਾ ਹੁੰਦਾ ਸੀ ਤੇ ਹੁਣ ਤਾਂ ਜਦ ਉਹ ਮੇਰੇ ਵੱਲ ਝੁਕ ਕੇ ਮੈਨੂੰ ਤੇ ਆਪਣੇ ਆਪ ਨੂੰ ਦਿਲਾਸਾ ਦੇ ਰਹੀ ਸੀ, ਉਹ ਖ਼ੁਦ ਪੇਮੀ ਬਣੀ ਹੋਈ ਸੀ।

ਮੇਰੇ ਦਿਲ ਨੂੰ ਢਾਰਸ ਬੱਝ ਗਈ। ਰਾਸ਼ੇ ਨੂੰ ਜਦ ਪਤਾ ਲੱਗੇਗਾ ਕਿ ਅਸੀਂ ਪੇਮੀ ਦੇ ਨਿਆਣੇ ਹਾਂ ਤਾਂ ਉਹ ਅਸਾਨੂੰ ਕੁਝ ਨਹੀਂ ਆਖੇਗਾ, ਨਹੀਂ ਪਕੜੇਗਾ।

ਜਿਵੇਂ ਕੰਬਦਾ ਹਿਰਦਾ ਤੇ ਥਿੜਕਦੇ ਪੈਰ 'ਵਾਹਿਗੁਰੂ-ਵਾਹਿਗੁਰੂ' ਕਹਿੰਦੇ ਸ਼ਮਸ਼ਾਨ-ਭੂਮੀ ਵਿੱਚੋਂ ਗੁਜ਼ਰ ਜਾਂਦੇ ਹਨ,ਉਵੇਂ ਹੀ ਅਸੀਂ ਪੇਮੀ ਦਾ ਨਾਂ ਲੈ ਕੇ ਸੜਕ ਪਾਰ ਹੋ ਗਏ। ਰਾਸ਼ਾ ਉਸੇ ਤਰ੍ਹਾਂ ਉੱਥੇ ਹੀ ਪਿਆ ਰਿਹਾ।

## ਪਾਠ-ਅਭਿਆਸ

1. ਦੱਸੋ :

(ੳ) ਲੇਖਕ ਅਤੇ ਉਸ ਦੀ ਭੈਣ ਨੂੰ ਬਚਪਨ ਵਿੱਚ ਹਰ ਰੋਜ਼ ਕਿੱਥੇ ਜਾਣਾ ਪੈਂਦਾ ਸੀ ਅਤੇ ਕਿਉਂ ?

(ਅ) ਬੱਚਿਆਂ ਨੂੰ ਕਿਹੜੀ ਗੱਲ ਭੈ-ਸਾਗਰ ਲੱਗਦੀ ਸੀ ਅਤੇ ਕਿਉਂ ?

(ੲ) ਲੇਖਕ ਕਿਹੜੀਆਂ ਗੱਲਾਂ ਨੂੰ ਨਰਕ ਤੇ ਕਿਹੜੀਆਂ ਨੂੰ ਸੁਰਗ ਆਖਦਾ ਹੈ ?

(ਸ) ਲੇਖਕ ਅਤੇ ਉਸ ਦੀ ਭੈਣ ਨੇ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਲਈ ਕਿਹੜਾ ਤਰੀਕਾ ਸੋਚਿਆ ?

(ਹ) ਭੈਣ-ਭਰਾ ਸੜਕ ਪਾਰ ਕਰਨ ਵਿੱਚ ਸਫ਼ਲ ਕਿਵੇਂ ਹੋਏ ?

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਬੀਰ | : | ਵੀਰ, ਭਰਾ |
| ਪਠੋਰੇ | : | ਮੇਮਣੇ, ਲੇਲੇ, ਛੇਲੇ |
| ਵਾਕੁਰ | : | ਵਾਂਗ |
| ਭੈ-ਸਾਗਰ | : | ਭਵ-ਸਾਗਰ, ਸੰਸਾਰ |
| ਮਦਰਸਾ | : | ਸਕੂਲ, ਪਾਠਸ਼ਾਲਾ |
| 'ਕਰਾਰ | : | ਇਕਰਾਰ, ਕੌਲ, ਪ੍ਰਣ, ਵਚਨ |
| ਠਠੰਬਰ ਕੇ | : | ਡੌਰ-ਭੌਰ ਹੋ ਕੇ, ਡਰ ਕੇ |
| ਘਮਾਉਂ ਕੁ | : | ਘੁਮਾਂ ਕੁ, ਅੱਠ ਕਨਾਲ਼ ਥਾਂ |



Downloaded from https:// www.studiestoday.com

Downloaded from https:// www.studiestoday.com

| | | |
|---|---|---|
| ਸੂਫ | : | ਕਾਲ਼ੇ ਰੰਗ ਦਾ ਕੱਪੜਾ |
| ਵਾਸਕਟ | : | ਫ਼ਤੂਹੀ, ਕੋਟੀ (ਬਿਨਾਂ ਬਾਂਹਾਂ ਤੋਂ) |
| ਭਲੱਪਣ | : | ਭਲਿਆਈ, ਭਲਮਾਣਸੀ |
| ਬੇਕਰਾਰ | : | ਬੇਚੈਨ, ਵਿਆਕੁਲ |
| ਢਾਰਸ | : | ਦਿਲਾਸਾ, ਧੀਰਜ, ਤਸੱਲੀ |

3. ਵਾਕਾਂ ਵਿੱਚ ਵਰਤੋ :

ਮੁਸ਼ਕਲ-ਘਾਟੀ, ਸ਼ਰਨ, ਮੰਤਵ, ਰੁਝੇਵੇਂ, ਗੁਸਤਾਖ਼ੀ, ਦਿਲਾਸਾ, ਠਠੰਬਰ ਕੇ, ਘਾਤ ਲਾਈ ਖਲੋਤਾ

ਵਿਆਕਰਨ : ਤੁਸੀਂ ਪਿਛਲੀ ਸ਼੍ਰੇਣੀ ਵਿੱਚ ਪੜ੍ਹ ਚੁੱਕੇ ਹੋ ਕਿ ਕਿਸੇ ਵਿਅਕਤੀ, ਵਸਤੂ, ਸਥਾਨ, ਗੁਣ, ਭਾਵ ਆਦਿ ਦਾ ਬੋਧ ਕਰਾਉਣ ਵਾਲ਼ੇ ਸ਼ਬਦਾਂ ਨੂੰ ਨਾਂਵ ਕਿਹਾ ਜਾਂਦਾ ਹੈ, ਜਿਵੇਂ ਏਕਮ, ਸੋਨਾ, ਐੱਸ.ਏ.ਐੱਸ. ਨਗਰ, ਫ਼ੌਜ, ਖ਼ੁਸ਼ੀ ਆਦਿ

ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ :

(ੳ) ਆਮ ਨਾਂਵ ਜਾਂ ਜਾਤੀ ਵਾਚਕ ਨਾਂਵ

(ਅ) ਖ਼ਾਸ ਨਾਂਵ ਜਾਂ ਨਿੱਜ ਵਾਚਕ ਨਾਂਵ

(ੲ) ਵਸਤੂ-ਵਾਚਕ ਨਾਂਵ ਜਾਂ ਪਦਾਰਥ ਵਾਚਕ ਨਾਂਵ

(ਸ) ਇਕੱਠ-ਵਾਚਕ ਨਾਂਵ ਜਾਂ ਸਮੂਹ ਵਾਚਕ ਨਾਂਵ

(ਹ) ਭਾਵਵਾਚਕ ਨਾਂਵ

ਆਮ ਨਾਂਵ ਜਾਂ ਜਾਤੀ ਵਾਚਕ ਨਾਂਵ : ਜਿਹੜੇ ਸ਼ਬਦ ਕਿਸੇ ਵਸਤੂ, ਜੀਵ ਜਾਂ ਸਥਾਨ ਆਦਿ ਦੀ ਪੂਰੀ ਜਾਤੀ ਜਾਂ ਸ਼੍ਰੇਣੀ ਦਾ ਬੋਧ ਕਰਾਉਣ, ਉਹਨਾਂ ਨੂੰ ਆਮ ਨਾਂਵ ਜਾਂ ਜਾਤੀ ਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ : ਸੜਕ, ਪਠਾਣ, ਰਾਸ਼ਾ, ਆਦਮੀ, ਵਾਸਕਟ, ਮਦਰਸਾ ਆਦਿ।

ਖ਼ਾਸ ਨਾਂਵ ਜਾਂ ਨਿੱਜ ਵਾਚਕ ਨਾਂਵ : ਜਿਹੜੇ ਸ਼ਬਦ ਤੋਂ ਕਿਸੇ ਖ਼ਾਸ ਵਿਅਕਤੀ, ਖ਼ਾਸ ਜੀਵ, ਖ਼ਾਸ ਵਸਤੂ ਜਾਂ ਖ਼ਾਸ ਸਥਾਨ ਦੇ ਨਾਂ ਦਾ ਬੋਧ ਹੁੰਦਾ ਹੈ, ਉਸ ਨੂੰ ਖ਼ਾਸ ਨਾਂਵ ਜਾਂ ਨਿੱਜ ਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ : ਪੇਮੀ, ਹਿਮਾਲਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਅਨੰਦਪੁਰ ਸਾਹਿਬ, ਸਤਲੁਜ, ਬਿਆਸ, ਰਾਵੀ ਆਦਿ।

> ਬੱਚਿਓ ! ਆਪਣੇ ਨਾਲ਼ ਵਾਪਰੀ ਕਿਸੇ ਅਜਿਹੀ ਦਿਲਚਸਪ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।




Downloaded from https:// www.studiestoday.com

Downloaded from https:// www.studiestoday.com

## ਪਾਠ-3

# ਛਿੰਝ ਛਰਾਹਾਂ ਦੀ



ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਮਾਲਕ ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਬੜੇ ਸ਼ੁਕੀਨ ਰਹੇ ਹਨ। ਜਰਗ ਦਾ ਮੇਲਾ, ਛਪਾਰ ਦਾ ਮੇਲਾ ਅਤੇ ਜਗਰਾਵਾਂ ਦੀ ਰੋਸ਼ਨੀ ਵਰਗੇ ਵੱਡੇ ਮੇਲੇ ਪੰਜਾਬੀਆਂ ਲਈ ਹਮੇਸ਼ਾਂ ਖਿੱਚ ਦਾ ਕੇਂਦਰ ਰਹੇ ਹਨ। ਇਹ ਮੇਲੇ ਪੰਜਾਬ ਦੇ ਘੁੱਗ ਵਸਦੇ ਇਲਾਕਿਆਂ ਵਿੱਚ ਲੱਗਦੇ ਹਨ। ਸਦੀਆਂ ਪੁਰਾਣਾ ਮੇਲਾ 'ਛਿੰਝ ਛਰਾਹਾਂ ਦੀ' ਭਾਵੇਂ ਇਸੇ ਪੱਧਰ ਦਾ ਹੈ ਪਰੰਤੂ ਪੰਜਾਬ ਦੇ ਪਛੜੇ ਨੀਮ-ਪਹਾੜੀ ਇਲਾਕੇ ਅਤੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੀ ਵੱਖੀ ਨਾਲ਼ ਲੱਗਦਾ ਹੋਣ ਕਰ ਕੇ, ਇਸ ਮੇਲੇ ਦਾ ਓਨਾ ਪ੍ਰਚਾਰ ਅਤੇ ਪ੍ਰਸਾਰ ਨਹੀਂ ਹੋ ਸਕਿਆ, ਜਿੰਨਾ ਹੋਣਾ ਚਾਹੀਦਾ ਸੀ। ਇਹ ਮੇਲਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਤੋਂ ਚੜ੍ਹਦੇ ਪਾਸੇ, ਸ਼ਿਵਾਲਿਕ ਪਹਾੜੀਆਂ ਦੀ ਗੋਦ 'ਚ ਵੱਸੇ 'ਬੀਤ' ਇਲਾਕੇ ਦੇ ਪਿੰਡ ਅਚਲਪੁਲ (ਛਰਾਹਾਂ) ਵਿਖੇ ਹਰ ਵਰ੍ਹੇ ਮੱਘਰ ਮਹੀਨੇ ਦੇ ਜੇਠੇ ਐਤਵਾਰ ਤੋਂ ਲੈ ਕੇ ਲਗਾਤਾਰ ਚਾਰ ਦਿਨ ਚੱਲਦਾ ਹੈ। ਦੂਰ-ਦੂਰ ਤੱਕ ਇਹ ਮੇਲਾ ਏਨਾ ਮਸ਼ਹੂਰ ਹੈ ਕਿ ਇਹ ਟੋਟਕਾ ਆਪਮੁਹਾਰੇ ਹੀ ਲੋਕਾਂ ਦੀ ਜ਼ੁਬਾਨ ਵਿੱਚੋਂ ਫੁੱਟ ਪੈਂਦਾ ਹੈ :

"ਦਾਲ਼ ਮਾਂਹਾਂ ਦੀ, ਛਿੰਝ ਛਰਾਹਾਂ ਦੀ।"

'ਛਿੰਝ ਛਰਾਹਾਂ ਦੀ' ਨਾਂ ਨਾਲ਼ ਮਸ਼ਹੂਰ ਸਾਰੇ ਵਰਗਾਂ ਦਾ ਸਾਂਝਾ ਇਹ ਮੇਲਾ ਜਿੱਥੇ ਇਲਾਕੇ ਦੀ ਵਿਰਾਸਤੀ ਨਿਸ਼ਾਨੀ ਹੈ, ਉੱਥੇ ਧਾਰਮਿਕ, ਸੱਭਿਆਚਾਰਿਕ ਅਤੇ ਇਤਿਹਾਸਿਕ ਪੱਖੋਂ ਵੀ ਇਸ ਦਾ ਖ਼ਾਸ ਮਹੱਤਵ ਹੈ। ਮੇਲੇ ਵਾਲ਼ੇ ਸਥਾਨ ਅਚਲਪੁਰ ਨੂੰ ਵੱਖ-ਵੱਖ ਇਲਾਕਿਆਂ ਤੋਂ ਛੇ ਪਗਡੰਡੀਆਂ ਆ ਕੇ ਮਿਲ਼ਦੀਆਂ ਸਨ। ਲੋਕ ਪੈਦਲ ਹੀ ਸਫ਼ਰ ਕਰਦੇ ਸਨ। ਛੇ ਰਾਹਾਂ ਦਾ ਕੇਂਦਰ-ਬਿੰਦੂ ਹੋਣ ਕਰ ਕੇ ਇਸ ਮੇਲੇ ਦਾ ਨਾਂ 'ਛਿੰਝ ਛਰਾਹਾਂ ਦੀ' ਪੈ ਗਿਆ। ਕਈਆਂ ਦਾ ਇਹ ਵੀ ਖ਼ਿਆਲ ਹੈ ਕਿ ਛਰਾਹਾਂ ਸ਼ਬਦ ਸ਼ਾਹਾਂ ਤੋਂ ਬਣਿਆ ਹੈ। ਪੁਰਾਣੇ ਵੇਲ਼ਿਆਂ ਵਿੱਚ ਵੱਡੇ-ਵੱਡੇ ਸ਼ਾਹ-ਲੋਕ ਖੱਚਰਾਂ 'ਤੇ ਧਨ ਲੱਦ ਕੇ ਇਸ ਮੇਲੇ ਵਿੱਚ ਜੂਆ ਖੇਡਣ ਅਤੇ ਵਪਾਰ ਕਰਨ ਲਈ ਆਉਂਦੇ ਹੁੰਦੇ ਸਨ। ਪਿੰਡ ਦੇ ਲਹਿੰਦੇ



Downloaded from https:// www.studiestoday.com

Downloaded from https:// www.studiestoday.com

ਪਾਸੇ ਚੁਫੇਰਿਓਂ ਪਿੱਪਲ਼ਾਂ, ਬੋਹੜਾਂ ਅਤੇ ਨਿੰਮਾਂ ਦੇ ਦਰਖ਼ਤਾਂ ਨਾਲ਼ ਘਿਰਿਆ ਸਾਫ਼-ਸੁਥਰੇ ਵਾਤਾਵਰਨ 'ਚ ਸਥਿਤ ਸਿੱਧ ਬਾਬਾ ਬਾਲਕ ਰੂਪ ਜੀ (ਸਿੱਧ ਬਾਬਾ ਬਾਲਕ ਨਾਥ ਜੀ ਦਾ ਬਾਲ-ਰੂਪ) ਦਾ ਪ੍ਰਾਚੀਨ ਮੰਦਰ ਸਸ਼ੋਭਿਤ ਹੈ। ਮੇਲੇ ਵਿੱਚ ਪਹੁੰਚਣ ਵਾਲ਼ੀਆਂ ਸੰਗਤਾਂ ਸਭ ਤੋਂ ਪਹਿਲਾਂ ਇੱਥੇ ਨਤਮਸਤਕ ਹੁੰਦੀਆਂ ਹਨ। ਜਾਨ-ਮਾਲ ਦੀ ਸੁੱਖ-ਸਾਂਦ ਲਈ ਮੰਨਤਾਂ ਮੰਗਦੀਆਂ ਹਨ ਅਤੇ ਸੁੱਖਣਾਂ ਲਾਹੁੰਦੀਆਂ ਹਨ। ਲੋਕ ਵਾਜਿਆਂ-ਗਾਜਿਆਂ ਨਾਲ਼ ਰਿਸ਼ਤੇਦਾਰਾਂ ਸਮੇਤ ਹਾਜ਼ਰੀਆਂ ਭਰਦੇ ਹਨ। ਮੇਲੇ ਵਾਲ਼ੇ ਐਤਵਾਰ ਤੋਂ ਮਹੀਨਾ ਪਹਿਲਾਂ ਚਾਰ ਜੱਗ ਕਰਵਾਏ ਜਾਂਦੇ ਹਨ। ਇਹ ਜੱਗ ਅਚਲਪੁਰ, ਮਜਾਰੀ, ਨੈਣਵਾਂ, ਇੰਦੋਵਾਲ਼ ਅਤੇ ਝੋਣੋਵਾਲ਼ ਆਦਿ ਪਿੰਡਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ਼ ਹੁੰਦੇ ਹਨ। ਮੇਲੇ ਦੇ ਸਾਰੇ ਦਿਨਾਂ ਵਿੱਚ ਅਤੁੱਟ ਲੰਗਰ ਚੱਲਦਾ ਹੈ। ਘਰਾਂ ਵਿੱਚ ਮਾਂਹਾਂ ਦੀ ਦਾਲ਼ ਜ਼ਰੂਰ ਬਣਦੀ ਹੈ। ਮੇਲੇ ਦੇ ਪਹਿਲੇ ਦਿਨ ਪਹਿਲਵਾਨਾਂ ਦੇ ਘੋਲ਼ ਕਰਵਾਏ ਜਾਂਦੇ ਹਨ। ਮੇਲੇ ਵਿੱਚ ਪੁਰਾਣੇ ਪੇਂਡੂ ਸੱਭਿਆਚਾਰ ਦੇ ਦਰਸ਼ਨ ਹੁੰਦੇ ਹਨ :

"ਪੰਜਾਬੀ ਪੇਂਡੂ ਸੱਭਿਆਚਾਰ ਦਾ ਦਰਪਣ,
'ਛਿੰਝ ਛਰਾਹਾਂ ਦੀ, ਮੇਲੇ ਦੇ ਦਰਸ਼ਨ।"



ਪੰਜਾਬੀ ਘਰਾਂ ਵਿੱਚੋਂ ਅਲੋਪ ਹੋ ਰਹੇ ਮਿੱਟੀ ਦੇ ਬਣੇ ਭਾਂਡੇ ਜਿਵੇਂ ਚਾਟੀਆਂ, ਘੜੇ, ਦਧੂਨੀਆਂ, ਤੌੜੀਆਂ, ਚੱਪਣੀਆਂ, ਕੁੱਜੇ ਅਤੇ ਹੋਰ ਨਿੱਤ ਵਰਤੋਂ ਦੀਆਂ ਵਸਤਾਂ ਪੇਂਡੂ ਸੁਆਣੀਆਂ ਲਈ ਖਿੱਚ ਦਾ ਕੇਂਦਰ ਹੁੰਦੀਆਂ ਹਨ। ਪੁਰਾਣੇ ਸਮਿਆਂ ਵਿੱਚ ਲੁੜੀਂਦੀਆਂ ਚੀਜ਼ਾਂ ਖ਼ਰੀਦਣ ਲਈ ਬਜ਼ਾਰ ਨੇੜੇ ਨਹੀਂ ਸਨ ਹੁੰਦੇ। ਲੋਕ ਸਾਲ ਭਰ ਦੀਆਂ ਚੀਜ਼ਾਂ ਮੇਲੇ ਵਿੱਚੋਂ ਖ਼ਰੀਦ ਲੈਂਦੇ ਸਨ। ਉਹਨਾਂ ਲਈ ਇਹ ਮੇਲਾ ਸਲਾਨਾ ਬਜ਼ਾਰ ਹੀ ਹੋਇਆ ਕਰਦਾ ਸੀ। ਮੇਲੇ ਦਾ ਸੰਬੰਧ ਇਸ ਖੇਤਰ ਦੇ ਕਿਰਸਾਣੀ ਜੀਵਨ ਨਾਲ਼ ਵੀ ਹੈ। ਇਹਨਾਂ ਦਿਨਾਂ ਵਿੱਚ ਮੱਕੀ ਦੀ ਫ਼ਸਲ ਅਤੇ ਕੱਖ-ਕੰਡਾ ਸੰਭਾਲ਼ ਕੇ ਕਣਕ ਦੀ ਬਿਜਾਈ ਦਾ ਕੰਮ ਨਿਬੇੜ ਲਿਆ ਜਾਂਦਾ ਹੈ। ਗੰਨੇ ਤੋਂ ਗੁੜ ਬਣਾਉਣ ਦੇ ਕੰਮ ਨੂੰ ਹਾਲੇ ਵਕਤ ਹੁੰਦਾ ਹੈ। ਕਿਸਾਨਾਂ ਲਈ ਇਹ ਦਿਨ ਵਿਹਲ ਵਾਲ਼ੇ ਹੁੰਦੇ ਹਨ।

ਅੱਜ-ਕੱਲ੍ਹ ਆਵਾਜਾਈ ਦੇ ਸਾਧਨਾਂ ਵਿੱਚ ਅਥਾਹ ਵਾਧਾ ਹੋਣ ਕਰ ਕੇ ਅਤੇ ਪਿੰਡ-ਪਿੰਡ, ਗਲ਼ੀ- ਗਲ਼ੀ ਹੱਟੀਆਂ ਦੀ ਪਹੁੰਚ ਕਾਰਨ ਲੋਕਾਂ ਦੇ ਖ਼ਰੀਦੋ-ਫ਼ਰੋਖਤ ਦੇ ਢੰਗਾਂ ਵਿੱਚ ਤਬਦੀਲੀ ਆਈ ਹੈ। ਸਮੇਂ ਦੀ ਤੋਰ ਨੇ ਮੇਲੇ ਦਾ ਰੰਗ-ਢੰਗ ਬਦਲ ਦਿੱਤਾ ਹੈ। ਪੁਰਾਣੀ ਤਕਨੀਕ ਵਾਲ਼ੀਆਂ



Downloaded from https:// www.studiestoday.com

Downloaded from https:// www.studiestoday.com

ਫੋਟੋਗ੍ਰਾਫਰਾਂ ਦੀਆਂ ਦੁਕਾਨਾਂ ਹੁਣ ਬੀਤੇ ਦੀ ਗੱਲ ਬਣ ਚੁੱਕੀਆਂ ਹਨ। ਬਲ਼ਦਾਂ ਦੀ ਲੱਗਦੀ ਭਾਰੀ ਮੰਡੀ ਪਿਛਲੇ ਕਈ ਸਾਲਾਂ ਤੋਂ ਗ਼ਾਇਬ ਹੈ। ਰੰਗ-ਬਰੰਗੇ ਪਰਾਂਦਿਆਂ ਅਤੇ ਰਿਬਨਾਂ ਨਾਲ਼ ਸ਼ਿੰਗਾਰੇ ਊਠਾਂ ਦੀ ਮੰਡੀ ਵੀ ਹੁਣ ਰਵਾਇਤ ਮਾਤਰ ਰਹਿ ਗਈ ਹੈ। ਕੋਈ ਵੇਲ਼ਾ ਸੀ ਜਦੋਂ ਪਸ਼ੂਆਂ ਦੇ ਵਪਾਰੀ ਦੂਰ-ਦੁਰਾਡੇ ਇਲਾਕਿਆਂ ਤੋਂ ਆਉਂਦੇ ਹੁੰਦੇ ਸਨ ਅਤੇ ਲਾਹੌਰ ਤੋਂ ਆਈਆਂ ਹੱਟੀਆਂ ਇਸ ਮੇਲੇ ਦਾ ਸ਼ਿੰਗਾਰ ਬਣਦੀਆਂ ਹੁੰਦੀਆਂ ਸਨ :

"ਪੁੱਜਦੇ ਹੁੰਦੇ ਸਨ ਵਪਾਰੀ ਪਿਸ਼ੌਰ ਤੋਂ।
ਹੱਟੀਆਂ ਆਉਂਦੀਆਂ ਸਨ ਕਦੇ ਲਾਹੌਰ ਤੋਂ।"

ਮੇਲੇ ਤੋਂ ਕਈ-ਕਈ ਦਿਨ ਪਹਿਲਾਂ ਬੀਤ ਦੇ ਪਿੰਡਾਂ ਵਿੱਚ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਸਨ। ਕੱਚੇ ਘਰਾਂ ਨੂੰ ਲਿੱਪਿਆ-ਪੋਚਿਆ ਜਾਂਦਾ ਸੀ। ਬੜੇ ਉਤਸ਼ਾਹ ਨਾਲ਼ ਬੈਠਕਾਂ ਨੂੰ ਸ਼ਿੰਗਾਰਿਆ ਜਾਂਦਾ ਸੀ। ਮੇਲੇ ਤੋਂ ਪਹਿਲਾਂ ਹੀ ਪਰਾਹੁਣਿਆਂ ਦੀ ਆਮਦ ਸ਼ੁਰੂ ਹੋ ਜਾਂਦੀ ਸੀ। ਪਰਾਹੁਣਚਾਰੀ ਲਈ ਲੋਕ ਪੱਬਾਂ ਭਾਰ ਹੁੰਦੇ। ਲੋਹੜੇ ਦਾ ਚਾਅ ਹੁੰਦਾ। ਮੇਲੇ ਦੇ ਦਿਨਾਂ ਵਿੱਚ ਕੋਈ ਘਰ ਅਜਿਹਾ ਨਹੀਂ ਸੀ ਹੁੰਦਾ ਜਿੱਥੇ ਮਹਿਮਾਨਾਂ ਦੀ ਚਹਿਲ-ਪਹਿਲ ਨਾ ਹੋਵੇ। ਹਰ ਵਰ੍ਹੇ ਚੱਲਦਾ ਇਹ ਸਿਲਸਿਲਾ ਰੂਹ ਨੂੰ ਸਰਸ਼ਾਰ ਕਰ ਜਾਂਦਾ ਸੀ। ਅੱਜ ਦੇ ਹਫੜਾ-ਦਫੜੀ ਵਾਲ਼ੇ ਦੌਰ ਵਿੱਚ ਵੀ ਲੋਕ ਸਾਲ ਭਰ ਇਸ ਮੇਲੇ ਦੀ ਉਡੀਕ ਕਰਦੇ ਰਹਿੰਦੇ ਹਨ। ਖੇਤਰ ਦੇ ਸਮੂਹ ਲੋਕਾਂ ਤੋਂ ਇਲਾਵਾ ਦੁਆਬਾ, ਦੂਣ, ਹਿਮਾਚਲ ਪ੍ਰਦੇਸ਼ ਅਤੇ ਦੂਰ-ਦੁਰਾਡੇ ਜਾ ਵੱਸੇ ਲੋਕ ਬੜੀ ਸ਼ਰਧਾ ਨਾਲ਼ ਇੱਥੇ ਹਾਜ਼ਰੀ ਭਰਦੇ ਹਨ। ਮੇਲੇ ਦੀ ਮਕਬੂਲੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਲੋਕ ਮੱਘਰ ਮਹੀਨੇ ਨੂੰ ਛਿੰਝ ਵਾਲ਼ਾ ਮਹੀਨਾ ਕਹਿ ਕੇ ਯਾਦ ਰੱਖਦੇ ਹਨ।

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ,
ਪਿੰਡ ਅਚਲਪੁਰ ਮਜਾਰੀ।
ਮੇਲਾ ਬੜਾ ਮਸ਼ਹੂਰ ਉੱਥੋਂ ਦਾ,
ਛਿੰਝ ਛਰਾਹਾਂ ਵਾਲ਼ੀ।
ਵਿਰਾਸਤ ਦੀ ਰੂਹ ਇਹ ਮੇਲਾ,
ਦੇਖਣਾ ਜ਼ਰੂਰ ਇਸ ਵਾਰੀ।

ਮੇਲੇ ਵਿੱਚ ਦੁਕਾਨਾਂ ਲਾਉਣ ਲਈ ਮਹੀਨਾ ਪਹਿਲਾਂ ਥਾਂਵਾਂ ਮੱਲ ਲਈਆਂ ਜਾਂਦੀਆਂ ਹਨ। ਅਸਮਾਨ ਛੂੰਹਦੇ ਚੰਡੋਲ ਕਈ ਦਿਨ ਪਹਿਲਾਂ ਮੇਲੇ ਦਾ ਸ਼ਿੰਗਾਰ ਬਣ ਜਾਂਦੇ ਹਨ। ਮੇਲੇ ਦੇ ਦਿਨਾਂ ਵਿੱਚ ਏਨੀ ਭੀੜ ਹੁੰਦੀ ਹੈ ਕਿ ਮੋਟਰ-ਗੱਡੀਆਂ ਦਾ ਸੜਕ ਤੋਂ ਗੁਜ਼ਰਨਾ ਮੁਹਾਲ ਹੋ ਜਾਂਦਾ ਹੈ। ਮਨਿਆਰੀ ਅਤੇ ਹੋਰ ਨਿਕ-ਸੁਕ ਦੀਆਂ ਦੁਕਾਨਾਂ 'ਤੇ ਔਰਤਾਂ ਅਤੇ ਮੁਟਿਆਰਾਂ ਦੀ ਭੀੜ ਹੁੰਦੀ ਹੈ। ਗੱਭਰੂ ਟੋਲੀਆਂ ਬਣਾ ਕੇ ਘੁੰਮਦੇ ਆਮ ਦਿਖਾਈ ਦਿੰਦੇ ਹਨ। ਜੇਕਰ ਡੇਢ ਕੁ ਦਹਾਕਾ ਪਹਿਲਾਂ ਇਲਾਕੇ ਦੀ ਸ੍ਵੈ-ਸੇਵੀ ਜਥੇਬੰਦੀ "ਬੀਤ ਭਲਾਈ ਕਮੇਟੀ" ਮੇਲੇ ਵਿੱਚ ਤਿੰਨ-ਰੋਜ਼ਾ ਖੇਡ ਅਤੇ ਸੱਭਿਆਚਾਰਿਕ ਮੇਲਾ ਸ਼ੁਰੂ ਨਾ ਕਰਵਾਉਂਦੀ ਤਾਂ ਇਹ ਮੇਲਾ ਮਹਿਜ਼ ਜੂਏ ਅਤੇ ਲੱਚਰਤਾ ਦਾ ਮੇਲਾ ਹੀ ਬਣ ਕੇ ਰਹਿ ਜਾਣਾ ਸੀ। ਅਜਿਹਾ ਹੋਣ ਨਾਲ਼ ਮੇਲੇ ਦੀਆਂ ਰੌਣਕਾਂ ਬਰਕਰਾਰ ਹੀ ਨਹੀਂ ਰਹੀਆਂ ਸਗੋਂ ਦੂਣ-ਸਵਾਈਆਂ ਹੋਈਆਂ ਹਨ। ਜਿੱਥੇ ਇਹ ਮੇਲਾ ਆਪਸੀ ਰਿਸ਼ਤਿਆਂ ਵਿੱਚ ਨਿੱਘ ਵਧਾਉਂਦਾ



Downloaded from https:// www.studiestoday.com

Downloaded from https:// www.studiestoday.com

ਹੈ ਉੱਥੇ ਬੀਤ ਇਲਾਕੇ ਦੇ ਸੱਭਿਆਚਾਰ ਦੀ ਜਿਊਂਦੀ-ਜਾਗਦੀ ਤਸਵੀਰ ਵੀ ਹੈ:

ਹਰ ਵਰਗ ਦਾ ਸਾਂਝਾ, ਸ਼ਾਨ ਭਰਾਵਾਂ ਦੀ,
ਆਓ, ਰਲ਼-ਮਿਲ਼ ਮਾਣੀਏ ਮੇਲਾ, 'ਛਿੰਝ ਛਰਾਹਾਂ ਦੀ।'

## ਪਾਠ-ਅਭਿਆਸ

1. **ਦੱਸੋ :**

(ੳ) 'ਛਿੰਝ ਛਰਾਹਾਂ ਦੀ' ਦਾ ਮੇਲਾ ਕਿੱਥੇ ਅਤੇ ਕਦੋਂ ਲੱਗਦਾ ਹੈ ? ਇਸ ਮੇਲੇ ਦਾ ਇਹ ਨਾਂ ਕਿਵੇਂ ਪਿਆ ?

(ਅ) ਇਸ ਮੇਲੇ 'ਤੇ ਕਿਹੜੀਆਂ-ਕਿਹੜੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ ?

(ੲ) ਕਿਰਸਾਣੀ ਜੀਵਨ ਅਤੇ ਆਮ ਲੋਕਾਂ ਦਾ ਇਸ ਮੇਲੇ ਨਾਲ਼ ਸੰਬੰਧ ਕਿਵੇਂ ਜੁੜਿਆ ਹੋਇਆ ਹੈ ?

(ਸ) ਸਮੇਂ ਦੇ ਬੀਤਣ ਨਾਲ਼ ਇਸ ਮੇਲੇ ਵਿੱਚ ਕਿਹੜਾ ਅੰਤਰ ਦੇਖਣ ਨੂੰ ਮਿਲ਼ਦਾ ਹੈ ?

(ਹ) ਪੁਰਾਣੇ ਸਮਿਆਂ ਵਿੱਚ ਇਸ ਮੇਲੇ ਪ੍ਰਤੀ ਲੋਕਾਂ ਦਾ ਉਤਸ਼ਾਹ ਕਿਹੋ-ਜਿਹਾ ਹੁੰਦਾ ਸੀ ?

(ਕ) 'ਛਰਾਹਾਂ ਦੀ ਛਿੰਝ' ਦੇ ਮੇਲੇ ਦਾ ਦ੍ਰਿਸ਼-ਵਰਨਣ ਕਰੋ।

2. **ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਸ਼ੁਕੀਨ | : | ਸ਼ੌਕੀ, ਬਾਂਕੇ, ਬਣ-ਠਣ ਕੇ ਰਹਿਣ ਵਾਲ਼ੇ |
| ਟੋਟਕਾ | : | ਜਾਦੂ- ਅਸਰ ਗੀਤ |
| ਵਿਰਾਸਤੀ | : | ਉਹ ਮਾਲ ਜਾਂ ਚੀਜ਼ ਜੋ ਮਰਨ ਵਾਲ਼ਾ ਆਪਣੇ ਪਿਛਲਿਆਂ ਲਈ ਛੱਡ ਜਾਵੇ। |
| ਮੰਨਤ | : | ਕਿਸੇ ਕਾਮਨਾ ਦੀ ਪੂਰਤੀ ਲਈ ਸੁੱਖੀ ਸੁੱਖ, ਮਨੌਤ, ਸੁੱਖਣਾ |
| ਦਰਪਣ | : | ਮੂੰਹ ਦੇਖਣ ਵਾਲ਼ਾ ਸ਼ੀਸ਼ਾ |
| ਮਕਬੂਲੀਅਤ | : | ਪ੍ਰਵਾਨਗੀ, ਪ੍ਰਸਿੱਧੀ, ਮਸ਼ਹੂਰੀ |
| ਮੁਹਾਲ | : | ਔਖਾ, ਕਠਨ, ਮੁਸ਼ਕਲ |
| ਮਹਿਜ਼ | : | ਕੇਵਲ, ਸਿਰਫ਼ |
| ਬਰਕਰਾਰ | : | ਕਾਇਮ, ਸਥਿਰ, ਜਿਉਂ ਦਾ ਤਿਉਂ |
| ਸਰਸ਼ਾਰ | : | ਭਰਪੂਰ, ਭਰਿਆ ਹੋਇਆ |



Downloaded from https:// www.studiestoday.com

Downloaded from https:// www.studiestoday.com

3. ਵਾਕਾਂ ਵਿੱਚ ਵਰਤੋ :

ਘੁੱਗ ਵੱਸਦੇ, ਆਪਮੁਹਾਰੇ, ਸੁਸ਼ੋਭਿਤ, ਨਤਮਸਤਕ ਹੋਣਾ, ਸਰਸ਼ਾਰ ਕਰ ਦੇਣਾ, ਪ੍ਰਦਰਸ਼ਨੀ, ਪੱਬਾਂ ਭਾਰ ਹੋਣਾ, ਹਫੜਾ-ਦਫੜੀ, ਅਸਮਾਨ ਛੂੰਹਦੇ, ਦੂਣ-ਸਵਾਇਆ ਹੋਣਾ।

ਵਿਆਕਰਨ : ਤੁਸੀਂ ਪਿਛਲੇ ਪਾਠ ਵਿੱਚ ਨਾਂਵ ਅਤੇ ਨਾਂਵ ਦੀਆਂ ਦੋ ਕਿਸਮਾਂ ਬਾਰੇ ਪੜ੍ਹਿਆ ਹੈ।

ਵਸਤੂ ਵਾਚਕ ਨਾਂਵ : ਜਿਹੜੇ ਸ਼ਬਦਾਂ ਤੋਂ ਤੋਲਣ, ਮਿਣਨ ਜਾਂ ਮਾਪੀਆਂ ਜਾਣ ਵਾਲ਼ੀਆਂ ਵਸਤੂਆਂ ਦੇ ਨਾਂ ਦਾ ਬੋਧ ਹੋਵੇ, ਉਹਨਾਂ ਨੂੰ ਵਸਤੂ ਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ : ਦਾਲ਼, ਗੁੜ, ਸੋਨਾ, ਚਾਂਦੀ, ਤੇਲ, ਕੱਪੜਾ, ਪੱਗ, ਚੁੰਨੀ ਆਦਿ।

ਇਕੱਠ ਵਾਚਕ ਨਾਂਵ : ਜਿਹੜੇ ਸ਼ਬਦ ਵਿਅਕਤੀਆਂ, ਜੀਵਾਂ ਜਾਂ ਵਸਤੂਆਂ ਦੇ ਗਿਣਨਯੋਗ ਇਕੱਠ ਜਾਂ ਸਮੂਹ ਦਾ ਗਿਆਨ ਕਰਵਾਉਣ, ਉਹਨਾਂ ਨੂੰ ਇਕੱਠ ਵਾਚਕ ਨਾਂਵ ਕਹਿੰਦੇ ਹਨ, ਜਿਵੇਂ :- ਛਿੰਝ, ਮੇਲਾ, ਕਮੇਟੀ, ਸੰਗਤ, ਡਾਰ, ਫ਼ੌਜ, ਇੱਜੜ, ਜਮਾਤ ਆਦਿ।

ਭਾਵਵਾਚਕ ਨਾਂਵ : ਜਿਹੜੇ ਸ਼ਬਦ ਤੋਂ ਕਿਸੇ ਭਾਵ, ਗੁਣ ਜਾਂ ਹਾਲਤ ਆਦਿ ਦਾ ਗਿਆਨ ਹੋਵੇ, ਉਸ ਨੂੰ ਭਾਵਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ : ਸ਼ਰਧਾ, ਰੌਣਕ, ਖ਼ੁਸ਼ੀ, ਗ਼ਮੀ, ਸਚਾਈ, ਮਕਬੂਲੀਅਤ ਆਦਿ

ਆਪਣੇ ਪਿੰਡ / ਸ਼ਹਿਰ ਵਿੱਚ ਲੱਗਦੇ ਮੇਲੇ ਦਾ ਅੱਖੀਂ ਡਿੱਠਾ ਹਾਲ ਆਪਣੇ ਮਿੱਤਰ/ਸਹੇਲੀ ਨੂੰ ਇੱਕ ਪੱਤਰ ਰਾਹੀਂ ਲਿਖ ਕੇ ਬਿਆਨ ਕਰੋ।




Downloaded from https:// www.studiestoday.com

Downloaded from https:// www.studiestoday.com

ਪਾਠ-4

# ਸ੍ਰੀ ਗੁਰੂ ਅਰਜਨ ਦੇਵ ਜੀ



ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ। ਆਪ ਜੀ ਦਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਵਿਖੇ 15 ਅਪਰੈਲ, 1563 ਈਸਵੀ ਨੂੰ ਹੋਇਆ। ਆਪ ਜੀ ਨੂੰ ਬੇਬੇ ਭਾਨੀ ਜੀ ਦਾ ਪਿਆਰ ਤੇ ਗੁਰੂ ਰਾਮਦਾਸ ਜੀ ਦੀ ਜੀਵਨ-ਜਾਚ ਵਿਰਸੇ ਵਿੱਚ ਪ੍ਰਾਪਤ ਹੋਈ ਸੀ। ਮੁਢਲੀ ਵਿੱਦਿਆ ਬਾਬਾ ਬੁੱਢਾ ਜੀ ਤੋਂ ਗ੍ਰਹਿਣ ਕੀਤੀ। ਆਪ ਪਿਤਾ ਗੁਰੂ ਰਾਮਦਾਸ ਜੀ ਦੀ ਆਗਿਆ ਦਾ ਪਾਲਣ ਬਖ਼ੂਬੀ ਕਰਦੇ ਸਨ।

ਇੱਕ ਵਾਰ ਪਿਤਾ ਗੁਰੂ ਰਾਮਦਾਸ ਜੀ ਨੇ ਆਪ ਜੀ ਨੂੰ ਇਹ ਕਹਿ ਕੇ ਲਾਹੌਰ ਭੇਜਿਆ ਕਿ ਜਿੰਨੀ ਦੇਰ ਸਾਡੇ ਵੱਲੋਂ ਵਾਪਸੀ ਦਾ ਸੁਨੇਹਾ ਨਾ ਮਿਲ਼ੇ, ਤੁਸੀਂ ਵਾਪਸ ਨਹੀਂ ਆਉਣਾ। ਗੁਰੂ-ਪਿਤਾ ਦੇ ਵਿਜੋਗ ਵਿੱਚ ਆਪ ਵੱਲੋਂ ਜੋ ਪੱਤਰ ਲਿਖਿਆ ਗਿਆ, ਸ਼ਾਇਦ ਇਹ ਹੀ ਆਪ ਜੀ ਦੀ ਪਹਿਲੀ ਰਚਨਾ ਸੀ :

ਮੇਰਾ ਮਨ ਲੋਚੈ ਗੁਰ ਦਰਸਨ ਤਾਈ<br>
ਬਿਲਪ ਕਰੈ ਚਾਤ੍ਰਿਕ ਕੀ ਨਿਆਈ<br>
ਤ੍ਰਿਖਾ ਨਾ ਉਤਰੈ ਸਾਂਤਿ ਨ ਆਵੈ<br>
ਬਿਨ ਦਰਸਨ ਸੰਤ ਪਿਆਰੇ ਜੀਉ ।।

ਗੁਰੂ ਰਾਮਦਾਸ ਜੀ ਦੇ ਦੋ ਹੋਰ ਪੁੱਤਰ ਪ੍ਰਿਥੀ ਚੰਦ ਤੇ ਮਹਾਂਦੇਵ ਜੀ ਸਨ। ਪ੍ਰਿਥੀ ਚੰਦ ਮਾਇਆ ਧਾਰੀ ਸੀ ਤੇ ਮਹਾਂਦੇਵ ਜੀ ਉਪਰਾਮ ਸੁਭਾਅ ਦੇ ਸਨ। ਪ੍ਰਿਥੀ ਚੰਦ ਵੱਡਾ ਹੋਣ ਕਾਰਨ ਗੁਰਗੱਦੀ 'ਤੇ



Downloaded from https:// www.studiestoday.com

Downloaded from https:// www.studiestoday.com

ਆਪਣਾ ਹੱਕ ਸਮਝਦਾ ਸੀ। ਗੁਰੂ ਰਾਮਦਾਸ ਜੀ ਨੇ ਅਰਜਨ ਦੇਵ ਜੀ ਦੀ ਯੋਗਤਾ ਤੇ ਜੀਵਨ-ਉੱਚਤਾ ਨੂੰ ਦੇਖ ਕੇ ਸਤੰਬਰ, 1581 ਈਸਵੀ ਵਿੱਚ ਉਹਨਾਂ ਨੂੰ ਗੁਰਿਆਈ ਦੀ ਗੱਦੀ ਸੌਂਪ ਦਿੱਤੀ। ਭਾਵੇਂ ਪ੍ਰਿਥੀ ਚੰਦ ਨੇ ਕਈ ਤਰ੍ਹਾਂ ਦੀਆਂ ਪਰਿਵਾਰਿਕ ਤੇ ਗੁਰੂ-ਘਰ ਨਾਲ਼ ਸੰਬੰਧਿਤ ਰੁਕਾਵਟਾਂ ਪਾਈਆਂ ਪਰ ਉਹ ਆਪਣੇ ਮਨਸੂਬਿਆਂ ਵਿੱਚ ਸਫ਼ਲ ਨਾ ਹੋ ਸਕਿਆ।

ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ ’ਤੇ ਬੈਠਣ ਉਪਰੰਤ ਬਹੁਤ ਸਾਰੀ ਰਚਨਾ ਕੀਤੀ। ਨਾਨਾ ਗੁਰੂ ਅਮਰਦਾਸ ਜੀ ਦਾ ਦਿੱਤਾ ਵਰ ‘ਦੋਹਿਤਾ ਬਾਣੀ ਕਾ ਬੋਹਿਥਾ’ ਬਿਲਕੁਲ ਸੱਚ ਸਿੱਧ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁੱਲ 5894 ਸ਼ਬਦਾਂ ਵਿੱਚੋਂ 2218 ਸ਼ਬਦ ਆਪ ਜੀ ਦੀ ਹੀ ਰਚਨਾ ਹਨ। ਉਹਨਾਂ ਦੀ ਬਾਣੀ ਦਾ ਪ੍ਰਮੁੱਖ ਵਿਸ਼ਾ ਰੱਬੀ ਪ੍ਰੇਮ-ਪਿਆਰ, ਭਗਤੀ, ਸਿਮਰਨ ਤੇ ਡੂੰਘੀ ਜੀਵਨ-ਜਾਚ ਵਾਲ਼ਾ ਹੈ।‘ਸੁਖਮਨੀ ਸਾਹਿਬ’ਆਪ ਜੀ ਦੀ ਸ਼ਾਹਕਾਰ ਰਚਨਾ ਹੈ। ਇਸ ਵਿੱਚ ਬਹੁਤ ਸਰਲ ਢੰਗ ਨਾਲ਼ ਨਾਮ-ਸਿਮਰਨ, ਸੰਤ, ਭਗਤ, ਬ੍ਰਹਮਗਿਆਨੀ ਜੀਵਨ-ਜੁਗਤ ਆਦਿ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹੋਏ ਹਨ। ਉਸ ਸਮੇਂ ਪ੍ਰਚਲਿਤ ਸੰਤ-ਭਾਸ਼ਾ, ਬ੍ਰਿਜ-ਭਾਸ਼ਾ, ਰੇਖ਼ਤਾ, ਹਿੰਦੁਸਤਾਨੀ, ਗਾਥਾ, ਸਹਸਕ੍ਰਿਤੀ, ਪੰਜਾਬੀ ਤੇ ਲਹਿੰਦੀ ਸਭ ਵੰਨਗੀਆਂ ਦੀਆਂ ਭਾਸ਼ਾਵਾਂ ਵਿੱਚ ਆਪ ਦੀ ਰਚਨਾ ਮਿਲ਼ਦੀ ਹੈ। ਆਪ ਨੇ 30 ਰਾਗਾਂ ਵਿੱਚ ਬਾਣੀ ਰਚੀ। ਆਪ ਸੰਗੀਤ ਤੇ ਰਾਗਾਂ ਦੀ ਪੂਰੀ ਮੁਹਾਰਤ ਰੱਖਦੇ ਸਨ। ਸਰੰਦਾ ਉਹਨਾਂ ਦਾ ਮਨਪਸੰਦ ਸਾਜ਼ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ,ਗੁਰੂ ਅਰਜਨ ਦੇਵ ਜੀ ਦਾ ਵਡਮੁੱਲਾ ਕਾਰਜ ਹੈ। ਆਪ ਨੇ ਪਹਿਲੇ ਚਾਰ ਗੁਰੂਆਂ ਤੋਂ ਇਲਾਵਾ ਸੰਤਾਂ, ਭਗਤਾਂ ਦੀ ਰਚਨਾ ਨੂੰ ਇਕੱਤਰ ਕਰ ਕੇ ਉਸ ਨੂੰ ਰਾਗਾਂ ਅਨੁਸਾਰ ਸੰਭਾਲ਼ਿਆ। ਇਹ ਵੱਡ-ਆਕਾਰੀ ਧਰਮ-ਗ੍ਰੰਥ ਮਨੁੱਖੀ ਏਕਤਾ ਤੇ ਸਰਬ-ਸਾਂਝੀ-ਵਾਲਤਾ ਦਾ ਪ੍ਰਤੀਕ ਹੈ। ਬਾਬਾ ਫ਼ਰੀਦ (ਪੰਜਾਬ) ਕਬੀਰ ਤੇ ਰਾਮਾ ਨੰਦ (ਯੂ.ਪੀ.) ਬੇਣੀ (ਬਿਹਾਰ) ਨਾਮਦੇਵ, ਤ੍ਰਿਲੋਚਨ (ਮਹਾਂਰਾਸ਼ਟਰ) ਪੀਪਾ (ਗੁਜਰਾਤ) ਸਧਨਾ (ਸਿੰਧ) ਜੈ ਦੇਵ (ਬੰਗਾਲ) ਸੈਣ ਤੇ ਭੀਖਨ (ਰਾਜਪੂਤਾਨਾ) ਆਦਿ, ਸਾਰੇ ਸੰਤ-ਭਗਤ ਵੱਖਰੇ-ਵੱਖਰੇ ਇਲਾਕਿਆਂ ਦੇ ਹੋਣ ਦੇ ਬਾਵਜੂਦ ਸਾਰਿਆਂ ਦਾ ਸੁਨੇਹਾ ਰੱਬੀ ਏਕਤਾ ਦਾ ਹੀ ਹੈ। ਗੁਰੂ ਅਰਜਨ ਦੇਵ ਜੀ ਨੇ ਸਾਰੀ ਰਚਨਾ ਨੂੰ ਰਾਗਾਂ ਅਨੁਸਾਰ ਤਰਤੀਬ ਦੇ ਕੇ ਇੱਕ ਥਾਂ ਇਕੱਠਾ ਕੀਤਾ ਤੇ ਇੱਕ ਯੋਗ ਸੰਪਾਦਕ ਵਾਂਗ ਸਾਰਾ ਕਾਰਜ ਨਿਭਾਇਆ। ਲਿਖਾਈ ਦਾ ਕੰਮ ਭਾਈ ਗੁਰਦਾਸ ਜੀ ਤੋਂ ਕਰਵਾਇਆ ਗਿਆ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ 1604 ਈਸਵੀ ਵਿੱਚ ਸੰਪੂਰਨ ਹੋਇਆ।

ਗੁਰੂ ਅਰਜਨ ਦੇਵ ਜੀ ਦਾ ਸਿੱਖ ਧਰਮ, ਸਿੱਖ ਇਤਿਹਾਸ ਅਤੇ ਕਈ ਹੋਰ ਖੇਤਰਾਂ ਵਿੱਚ ਵਡਮੁੱਲਾ ਯੋਗਦਾਨ ਹੈ। ਆਪ ਨੇ 1588 ਈਸਵੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫ਼ਕੀਰ ਸਾਂਈਂ ਮੀਆਂ ਮੀਰ ਤੋਂ ਰਖਵਾਈ। ਲੋਕਾਂ ਨੂੰ ਸਾਂਝਾ ਧਰਮ ਅਸਥਾਨ ਤੇ ਇਸ਼ਨਾਨ ਕਰਨ ਲਈ ਤਲਾਅ (ਸਰੋਵਰ) ਬਣਵਾਇਆ। ਅੰਮ੍ਰਿਤਸਰ ਵਿੱਚ ਹੀ ਸੰਤੋਖਸਰ ਤੇ ਰਾਮਸਰ ਦੋ ਹੋਰ ਸਰੋਵਰ ਬਣਵਾਏ। ਉਸ ਜ਼ਮਾਨੇ ਵਿੱਚ ਸਰੋਵਰ ਜਾਂ ਤਲਾਅ ਦਾ ਬਹੁਤ ਮਹੱਤਵ ਸੀ। ਇਸ਼ਨਾਨ ਕਰਨ ਲਈ ਦਰਿਆ ਜਾਂ ਤਲਾਅ ਹੀ ਹੁੰਦੇ ਸਨ। ਗੁਰੂ ਸਾਹਿਬ ਨੇ ਤਰਨਤਾਰਨ ਨਗਰ ਵੀ ਵਸਾਇਆ। ਤਰਨਤਾਰਨ ਦਾ ਸਰੋਵਰ ਆਕਾਰ ਦੇ ਪੱਖ ਤੋਂ ਕਾਫ਼ੀ ਵੱਡਾ ਹੈ। ਆਪ ਨੇ ਲੋਕ-ਭਲਾਈ ਦੇ ਹੋਰ ਵੀ ਬਹੁਤ ਸਾਰੇ ਕੰਮ ਕੀਤੇ। ਸਿੱਖੀ ਦੇ ਪ੍ਰਚਾਰ ਲਈ ਧਰਮ-ਅਸਥਾਨ ਉਸਾਰੇ। ਲਾਹੌਰ ਵਿੱਚ ਬਾਉਲ਼ੀ ਬਣਵਾਈ। ਤਰਨਤਾਰਨ ਵਿੱਚ ਯਤੀਮਾਂ ਤੇ ਕੋੜ੍ਹੀਆਂ ਲਈ ਹਸਪਤਾਲ ਖੋਲ੍ਹਿਆ। ਦਸਵੰਧ ਦੀ ਪ੍ਰਥਾ ਵੀ ਅਰੰਭ ਕੀਤੀ। ਇਸ ਤੋਂ ਇਲਾਵਾ ਕਾਬਲ, ਕੰਧਾਰ ਤੇ ਢਾਕੇ ਤੱਕ ਵਪਾਰ ਦਾ ਕੰਮ ਵੀ ਸ਼ੁਰੂ ਕੀਤਾ।



Downloaded from https:// www.studiestoday.com

Downloaded from https:// www.studiestoday.com

ਗੁਰੂ ਅਰਜਨ ਦੇਵ ਜੀ ਜਿੱਥੇ ਗੁਰਬਾਣੀ ਤੇ ਸ਼ਾਂਤੀ ਦੇ ਪੁੰਜ ਸਨ; ਉੱਥੇ ਦੇਸ, ਧਰਮ ਲਈ ਕੁਰਬਾਨੀ ਦੇਣ ਤੋਂ ਵੀ ਨਹੀਂ ਝਿਜਕੇ। ਸਮੇਂ ਦੀ ਸਰਕਾਰ ਦਾ ਵਰਤਾਅ ਠੀਕ ਨਹੀਂ ਸੀ। ਮੁਗ਼ਲ ਹਕੂਮਤ ਨੇ ਆਪ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ। ਆਪ ਨੂੰ ਤੱਤੀ ਤਵੀ 'ਤੇ ਬਠਾਇਆ ਗਿਆ ਤੇ ਸੀਸ ਉੱਤੇ ਗਰਮ-ਗਰਮ ਰੇਤ ਪਾਈ ਗਈ ਪਰ ਆਪ ਪ੍ਰਭੂ-ਭਾਣੇ ਨੂੰ ਅਡੋਲ ਰਹਿ ਕੇ ਮੰਨਦੇ ਰਹੇ। ਆਪ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ। ਜਦੋਂ ਗੁਰੂ ਜੀ ਨੇ ਇਸਲਾਮ ਧਰਮ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਆਪ ਕਈ ਤਰ੍ਹਾਂ ਦੀਆਂ ਹਿਰਦੇਵੇਧਕ ਤਕਲੀਫ਼ਾਂ ਸਹਿਣ ਕਰਦੇ ਹੋਏ ਲਾਹੌਰ ਵਿਖੇ ਸ਼ਹੀਦੀ ਪ੍ਰਾਪਤ ਕਰ ਗਏ। ਗੁਰੂ ਸਾਹਿਬ ਨੂੰ ਕੋਈ ਵੀ ਸਮਝੌਤਾ ਮਨਜ਼ੂਰ ਨਹੀਂ ਸੀ। ਉਹਨਾਂ ਨੇ ਸ਼ਹਾਦਤ ਦੇਣੀ ਹੀ ਪ੍ਰਵਾਨ ਕੀਤੀ। ਸਿੱਖ ਧਰਮ ਵਿੱਚ ਪਹਿਲੀ ਸ਼ਹੀਦੀ ਗੁਰੂ ਅਰਜਨ ਦੇਵ ਜੀ ਦੀ ਹੋਈ। ਇਸੇ ਲਈ ਆਪ ਨੂੰ ਸ਼ਹੀਦਾਂ ਦੇ ਸਰਤਾਜ, ਕੁਰਬਾਨੀ ਦੇ ਬਾਨੀ ਤੇ ਸ਼ਾਂਤੀ ਦੇ ਪੁੰਜ ਕਿਹਾ ਜਾਂਦਾ ਹੈ। ਆਪ ਦੀ ਸ਼ਹਾਦਤ ਪਿੱਛੋਂ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਜੀ ਨੇ ਗੁਰਗੱਦੀ ਸੰਭਾਲ਼ੀ।

## ਪਾਠ-ਅਭਿਆਸ

1. ਦੱਸੋ :

(ੳ) ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ? ਉਹਨਾਂ ਦੇ ਮਾਤਾ-ਪਿਤਾ ਦਾ ਕੀ ਨਾਂ ਸੀ?

(ਅ) ਗੁਰੂ ਅਰਜਨ ਦੇਵ ਜੀ ਨੇ ਮੁਢਲੀ ਵਿੱਦਿਆ ਕਿੱਥੋਂ ਪ੍ਰਾਪਤ ਕੀਤੀ?

(ੲ) ਗੁਰੂ ਅਰਜਨ ਦੇਵ ਜੀ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਕਿਸ ਨੇ ਦਿੱਤਾ ਅਤੇ ਆਪ ਇਸ ਕਥਨ ਉੱਤੇ ਕਿਵੇਂ ਖਰੇ ਉੱਤਰੇ?

(ਸ) ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਕਿਹੜੀ ਹੈ? ਉਸ ਬਾਰੇ ਕੁਝ ਸਤਰਾਂ ਲਿਖੋ।

(ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕੰਮ ਕਿਸ ਨੇ ਕੀਤਾ ਅਤੇ ਇਹ ਕਾਰਜ ਕਦੋਂ ਸੰਪੂਰਨ ਹੋਇਆ?

(ਕ) ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਤੋਂ ਅਤੇ ਕਦੋਂ ਰਖਵਾਈ ਗਈ ?

(ਖ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ-ਕਿਹੜੇ ਭਗਤਾਂ ਦੀ ਬਾਣੀ ਦਰਜ ਹੈ? ਕੋਈ ਪੰਜ ਨਾਂ ਲਿਖੋ।

(ਗ) ਗੁਰੂ ਅਰਜਨ ਦੇਵ ਜੀ ਨੇ ਜਨਤਿਕ ਭਲਾਈ ਦੇ ਕਿਹੜੇ-ਕਿਹੜੇ ਕੰਮ ਕੀਤੇ?

(ਘ) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਚਾਨਣਾ ਪਾਓ।

2. ਔਖੇ ਸ਼ਬਦਾਂ ਦੇ ਅਰਥ :

ਵਿਰਸਾ : ਵੱਡੇ-ਵਡੇਰਿਆਂ ਦੀ ਉਹ ਜਾਇਦਾਦ ਜੋ ਅਗਲੀ ਪੀੜ੍ਹੀ ਨੂੰ ਮਿਲ਼ੇ, ਜੱਦੀ ਜਾਇਦਾਦ



Downloaded from https:// www.studiestoday.com

Downloaded from https:// www.studiestoday.com

| | | |
|---|---|---|
| ਬਖ਼ੂਬੀ | : | ਬਹੁਤ ਚੰਗੀ ਤਰ੍ਹਾਂ |
| ਉਪਰਾਮ | : | ਉਦਾਸ, ਉਚਾਟ |
| ਮਨਸੂਬਾ | : | ਇਰਾਦਾ, ਮਨਸ਼ਾ |
| ਵੰਨਗੀਆਂ | : | ਨਮੂਨੇ, ਕਿਸਮਾਂ |
| ਹਿਰਦੇਵੇਧਕ | : | ਦਿਲ ਨੂੰ ਵਿੰਨ੍ਹ ਜਾਣ ਵਾਲ਼ੀ, ਦੁਖਾਵੀਂ |
| ਸਰਤਾਜ | : | ਸਿਰ ਦਾ ਮੁਕਟ, ਮੁਖੀਆ, ਪ੍ਰਧਾਨ |
| ਪੁੰਜ | : | ਸਮੂਹ, ਢੇਰ |
| ਬਾਉਲ਼ੀ | : | ਉਹ ਖੂਹ ਜਿਸ ਵਿੱਚ ਪਾਣੀ ਤੱਕ ਪਹੁੰਚਣ ਲਈ ਇੱਟਾਂ ਜਾਂ ਪੱਥਰ ਦੀਆਂ ਪੌੜੀਆਂ ਬਣੀਆਂ ਹੋਣ |
| ਤਸੀਹੇ | : | ਤਕਲੀਫ਼ਾਂ, ਕਸ਼ਟ |
| ਲਾਹੌਰ | : | ਇੱਕ ਸ਼ਹਿਰ ਦਾ ਨਾਂ ਜੋ ਅੱਜ-ਕੱਲ੍ਹ ਪਾਕਿਸਤਾਨ 'ਚ ਹੈ। |

3. ਵਾਕਾਂ ਵਿੱਚ ਵਰਤੋ :

ਜੀਵਨ-ਜਾਚ, ਸ਼ਾਹਕਾਰ ਰਚਨਾ, ਵੱਡ-ਆਕਾਰੀ, ਮੁਹਾਰਤ, ਯੋਗਦਾਨ, ਸ਼ਹਾਦਤ, ਅਡੋਲ

ਵਿਆਕਰਨ :

ਲਿੰਗ : ਨਾਂਵ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਦ ਦਾ ਪਤਾ ਲੱਗਦਾ ਹੈ, ਵਿਆਕਰਨ ਵਿੱਚ ਉਸ ਨੂੰ ਲਿੰਗ ਕਿਹਾ ਜਾਂਦਾ ਹੈ। ਲਿੰਗ ਸ਼ਬਦ ਦੋ ਪ੍ਰਕਾਰ ਦੇ ਹਨ: -

(ੳ) ਪੁਲਿੰਗ (ਅ) ਇਸਤਰੀ ਲਿੰਗ

ਪਿਤਾ, ਦੋਹਤਾ, ਮੁੰਡਾ, ਤੋਤਾ, ਸ਼ੇਰ, ਹਾਥੀ ਅਤੇ ਘੋੜਾ ਪੁਲਿੰਗ ਸ਼ਬਦ ਹਨ। ਮਾਤਾ, ਦੋਹਤੀ, ਕੁੜੀ, ਤੋਤੀ, ਸ਼ੇਰਨੀ, ਹਥਣੀ ਅਤੇ ਘੋੜੀ ਇਸਤਰੀ-ਲਿੰਗ ਸ਼ਬਦ ਹਨ।

- ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਸ਼ਬਦਾਂ ਦੇ ਲਿੰਗ ਬਦਲ ਕੇ ਵਾਕਾਂ ਨੂੰ ਮੁੜ ਲਿਖੋ :

(ੳ) ਮੇਰੀ ਭੈਣ ਪਿੰਡ ਵੱਲ ਦੇਖ ਰਹੀ ਸੀ।

(ਅ) ਗੱਭਰੂ ਟੋਲੀਆਂ ਬਣਾ ਕੇ ਘੁੰਮਦੇ ਆਮ ਦਿਖਾਈ ਦਿੰਦੇ ਹਨ।

(ੲ) ਵਿਦਿਆਰਥੀ ਅਤੇ ਅਧਿਆਪਕ ਉਸ ਦੀ ਤੀਖਣ ਬੁੱਧੀ ਤੋਂ ਬਹੁਤ ਪ੍ਰਭਾਵਿਤ ਸਨ।

(ਸ) ਉਸ ਦਾ ਪਿਤਾ ਪਹਿਲਾਂ ਦਿੱਲੀ ਰਹਿੰਦਾ ਸੀ।

1. ਦਸ ਸਿੱਖ ਗੁਰੂਆਂ ਦੇ ਨਾਂ ਕ੍ਰਮਵਾਰ ਲਿਖੋ ।

2. ਪੜ੍ਹੋ ਤੇ ਸਮਝੋ :

- ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਬਾਉਲ਼ੀ ਸਾਹਿਬ ਉਸਾਰੀ।
- ਗੁਰੂ ਰਾਮਦਾਸ ਜੀ ਨੇ ਹਰਿਮੰਦਰ ਸਾਹਿਬ ਦਾ ਸਰੋਵਰ ਉਸਾਰਿਆ।
- ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਸਾਹਿਬ ਦਾ ਸਰੋਵਰ ਉਸਾਰਿਆ।



Downloaded from https:// www.studiestoday.com

Downloaded from https:// www.studiestoday.com

ਪਾਠ–5

# ਉੱਦਮ ਕਰੀਂ ਜ਼ਰੂਰ

ਜੇ ਕੁਝ ਲੋਚੇਂ ਮਨ ਵਿੱਚ ਸੱਜਣਾ,
ਉੱਦਮ ਕਰੀਂ ਜ਼ਰੂਰ।
ਬਿਨ ਉੱਦਮ ਹੱਥ ਸੱਖਣੇ ਰਹਿਸਣ,
ਉੱਦਮ ਥੀਂ ਭਰਪੂਰ।
ਜੇ ਚਾਹੇਂ ਪੁੱਜਣਾ ਮੰਜ਼ਲ 'ਤੇ,
ਵਗੀਂ ਜਿਵੇਂ ਦਰਿਆ।
ਤੋਰ–ਨਿਰੰਤਰ ਨਾਂ ਜ਼ਿੰਦਗੀ ਦਾ,
ਮੌਤ, ਕਦਮ ਰੁਕਿਆਂ।
ਜੇ ਕਿਧਰੇ ਹਾਰਾਂ ਲੱਕ ਤੋੜਨ,
ਮਨ ਹੋ ਜਾਏ ਨਿਰਾਸ।
ਜ਼ਿੰਦਗੀ ਜਾਣੀਂ ਘੋਲ਼ ਲੰਮੇਰਾ,
ਜਿੱਤ ਵਿੱਚ ਰੱਖ ਵਿਸ਼ਵਾਸ।
ਜੇ ਕਿਧਰੇ ਮਨ ਦੇ ਅੰਬਰ 'ਤੇ,
ਛਾਏ ਘੋਰ ਉਦਾਸੀ।
ਮਨ ਦਾ ਮਾਲਕ ਬਣਨ ਨਾ ਦੇਵੀਂ,
ਇਹ ਤਾਂ ਤੇਰੀ ਦਾਸੀ।
ਤੇਰੇ ਮਨ ਵਿੱਚ ਰੋਸ਼ਨ ਸੂਰਜ,
ਚੰਦਰਮਾ ਤੇ ਤਾਰੇ।
ਕਦਮਾਂ ਦੇ ਵਿੱਚ ਮੰਜ਼ਲਾਂ ਤੇਰੇ,
ਸਮਝ ਲਵੇਂ ਜੇ ਪਿਆਰੇ।
ਤੇਰੇ ਖਿੜਨ ਤੋਂ ਜੱਗ ਨੇ ਖਿੜਨਾ,
ਮੁਰਝਾਇਆਂ, ਮੁਰਝਾਵੇ।



Downloaded from https:// www.studiestoday.com

Downloaded from https:// www.studiestoday.com

ਵੰਡ ਸੁਗੰਧੀਆਂ, ਪ੍ਰੀਤ-ਸੁਨੇਹੇ,
ਨਿੱਘੇ ਪਿਆਰ-ਕਲ਼ਾਵੇ।
ਸਿਦਕ, ਲਗਨ ਦੇ ਤਕੜੇ ਖੰਭੀਂ,
ਉੱਡਣਾ ਉੱਚ-ਅਸਮਾਨੀਂ।
ਥਲ, ਸਾਗਰ ਵੀ ਰੋਕ ਸਕਣ ਨਾ,
ਤੇਰੀ ਸਹਿਜ-ਰਵਾਨੀ।
ਜੇ ਕੁਝ ਲੋਚੇਂ ਮਨ ਵਿੱਚ ਸੱਜਣਾ,
ਉੱਦਮ ਕਰੀਂ ਜ਼ਰੂਰ।
ਬਿਨ ਉੱਦਮ ਹੱਥ ਸੱਖਣੇ ਰਹਿਸਣ,
ਉੱਦਮ ਥੀਂ ਭਰਪੂਰ।

## ਪਾਠ-ਅਭਿਆਸ

1. ਹੇਠ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ :

(ੳ) ਜੇ ਕਿਧਰੇ ਹਾਰਾਂ ਲੱਕ ਤੋੜਨ,
ਮਨ ਹੋ ਜਾਏ ਨਿਰਾਸ।
ਜ਼ਿੰਦਗੀ ਜਾਣੀਂ ਘੋਲ਼ ਲੰਮੇਰਾ,
ਜਿੱਤ ਵਿੱਚ ਰੱਖ ਵਿਸ਼ਵਾਸ।

(ਅ) ਸਿਦਕ, ਲਗਨ ਦੇ ਤਕੜੇ ਖੰਭੀਂ,
ਉੱਡਣਾ ਉੱਚ-ਅਸਮਾਨੀਂ।
ਥਲ, ਸਾਗਰ ਵੀ ਰੋਕ ਸਕਣ ਨਾ,
ਤੇਰੀ ਸਹਿਜ ਰਵਾਨੀ।

2. ਉੱਦਮ ਕਰਨ ਨਾਲ਼ ਸਾਨੂੰ ਕੀ ਕੁਝ ਪ੍ਰਾਪਤ ਹੁੰਦਾ ਹੈ ?

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਲੋਚੇਂ | : | ਚਾਹੇਂ, ਇੱਛਿਆ ਕਰੇਂ |
| ਰਹਿਸਣ | : | ਰਹਿਣਗੇ। |
| ਭਰਪੂਰ | : | ਭਰੇ ਹੋਏ |
| ਘੋਲ਼ | : | ਪਹਿਲਵਾਨਾਂ ਦੀ ਕੁਸ਼ਤੀ, ਟਾਕਰਾ, ਜੰਗ, ਲੜਾਈ |



Downloaded from https:// www.studiestoday.com

Downloaded from https:// www.studiestoday.com

ਦਾਸੀ : ਸੇਵਾ ਕਰਨ ਵਾਲ਼ੀ
ਸਿਦਕ : ਵਿਸ਼ਵਾਸ, ਭਰੋਸਾ
ਸਹਿਜ ਰਵਾਨੀ : ਸੁਭਾਵਿਕ ਚਾਲ

4. ਵਾਕਾਂ ਵਿੱਚ ਵਰਤੋ :

ਮੰਜ਼ਲ, ਉੱਦਮ, ਨਿਰੰਤਰ, ਸੁਗੰਧੀਆਂ, ਸਿਦਕ, ਸੱਖਣੇ ਹੱਥ, ਲੱਕ ਤੋੜਨਾ

ਬੱਚਿਓ ! ਦਿਨ-ਭਰ ਤੁਸੀਂ ਕੀ-ਕੀ ਕਰਦੇ ਹੋ ?

ਆਪਣੀ ਡਾਇਰੀ/ਕਾਪੀ ਵਿੱਚ ਲਿਖ ਕੇ ਆਪਣੇ ਅਧਿਆਪਕ ਜੀ ਨੂੰ ਦਿਖਾਓ।

ਪੜ੍ਹੋ ਤੇ ਸਮਝੋ :

- ਦਰਿਆਵਾਂ ਦਾ ਵਗਣਾ ਸੂਚਕ ਹੈ :
- ਨਿਰੰਤਰ ਤੋਰ
- ਉੱਦਮ ਕਰਨਾ
- ਔਕੜਾਂ ਦਾ ਸਾਹਮਣਾ ਕਰਨਾ



Downloaded from https:// www.studiestoday.com

Downloaded from https:// www.studiestoday.com

## ਪਾਠ-6

# ਦਲੇਰੀ

ਬਲਜੀਤ ਬੜੀ ਸਿਆਣੀ ਕੁੜੀ ਸੀ। ਉਹ ਦਸਵੀਂ ਸ਼੍ਰੇਣੀ ਵਿੱਚ ਪੜ੍ਹਦੀ ਸੀ। ਉਸ ਦਾ ਭਰਾ ਏਕਮ ਬਾਰ੍ਹਵੀਂ 'ਚ ਪੜ੍ਹਦਾ ਸੀ। ਬਲਜੀਤ ਨੂੰ ਤਰਾਕੀ ਦਾ ਸ਼ੌਕ ਸੀ ਤੇ ਏਕਮ ਨੂੰ ਫ਼ੁਟਬਾਲ ਖੇਡਣ ਦਾ। ਉਹਨਾਂ ਦਾ ਘਰ ਖੇਡ-ਸਟੇਡੀਅਮ ਪਟਿਆਲ਼ਾ ਦੇ ਨੇੜੇ ਹੀ ਸੀ।

ਪਟਿਆਲ਼ੇ ਹਰ ਸਾਲ ਸਕੂਲਾਂ ਦੇ ਵਿਦਿਆਰਥੀਆਂ ਦੇ ਤਰਾਕੀ ਦੇ ਮੁਕਾਬਲੇ ਹੁੰਦੇ ਸਨ। ਇਹਨਾਂ ਮੁਕਾਬਲਿਆਂ ਵਿੱਚ ਬਲਜੀਤ ਕਦੇ ਪਹਿਲੇ ਨੰਬਰ 'ਤੇ ਆਉਂਦੀ ਤੇ ਕਦੇ ਦੂਜੇ ਨੰਬਰ 'ਤੇ। ਉਸ ਦਾ ਪੜ੍ਹਨ ਵਾਲ਼ਾ ਕਮਰਾ ਮੈਡਲਾਂ ਅਤੇ ਸ਼ੀਲਡਾਂ ਨਾਲ਼ ਭਰਿਆ ਪਿਆ ਸੀ। ਏਕਮ ਦਾ ਵੀ ਜੀਅ ਕਰਦਾ ਕਿ ਉਹ ਵੀ ਖੇਡਾਂ ਵਿੱਚ ਇਨਾਮ ਪ੍ਰਾਪਤ ਕਰੇ।

ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਹੋ ਗਈਆਂ ਸਨ। ਫ਼ੈਸਲਾ ਕੀਤਾ ਗਿਆ ਕਿ ਇਸ ਵਾਰ ਵਿਦਿਆਰਥੀਆਂ ਦਾ ਟੂਰ ਚੰਡੀਗੜ੍ਹ ਲਿਜਾਇਆ ਜਾਵੇ। ਅਧਿਆਪਕਾਂ ਵਿੱਚੋਂ ਇਸ ਟੂਰ ਨਾਲ਼ ਵੀਨਾ ਭੈਣ ਜੀ ਅਤੇ ਸ੍ਰੀ ਮਦਨ ਲਾਲ ਜੀ ਨੇ ਜਾਣਾ ਸੀ। ਵਿਦਿਆਰਥੀਆਂ ਨੇ ਆਪਣੇ-ਆਪਣੇ ਹਿੱਸੇ ਦੇ ਰੁਪਏ ਇਕੱਠੇ ਕਰ ਲਏ। ਸ੍ਰੀ ਮਦਨ ਲਾਲ ਜੀ ਨੇ ਇੱਕ ਮਿੰਨੀ - ਬੱਸ ਕਿਰਾਏ 'ਤੇ ਲੈ ਜਾਣ ਦਾ ਪ੍ਰਬੰਧ ਕਰ ਲਿਆ।

ਏਕਮ ਨੇ ਘਰ ਆ ਕੇ ਆਪਣੀ ਮੰਮੀ ਨੂੰ ਚੰਡੀਗੜ੍ਹ ਟੂਰ 'ਤੇ ਜਾਣ ਵਾਲ਼ੀ ਗੱਲ ਦੱਸੀ। ਬਲਜੀਤ ਕੋਲ਼ ਹੀ ਬੈਠੀ ਸੀ। ਸੁਣ ਕੇ ਇਕਦਮ ਬੋਲੀ, "ਵਾਹ! ਵਾਹ ! ਵੀਰਿਆ, ਮਜ਼ਾ ਆ ਜਾਵੇਗਾ ਚੰਡੀਗੜ੍ਹ ਘੁੰਮਣ ਦਾ। ਮੈਂ ਵੀ ਜਾਵਾਂਗੀ ਤੁਹਾਡੇ ਨਾਲ਼।"

"ਅੱਛਿਆ ? ਇਹ ਤਾਂ ਹੋਰ ਵੀ ਚੰਗੀ ਗੱਲ ਏ।" ਏਕਮ ਬੋਲਿਆ, "ਪਿਛਲੇ ਸਾਲ ਤੂੰ ਵੀ ਮੈਨੂੰ ਆਪਣੀਆਂ ਸਹੇਲੀਆਂ ਨਾਲ਼ ਆਗਰੇ ਲੈ ਕੇ ਗਈ ਸੀ। ਬੜਾ ਕੁਝ ਵੇਖਿਆ ਸੀ। ਕਿੰਨਾ ਮਜ਼ੇਦਾਰ ਰਿਹਾ ਸੀ, ਸਾਡਾ ਟੂਰ।"

ਬਲਜੀਤ ਨੂੰ ਚੰਡੀਗੜ੍ਹ ਦੀ ਸੁਖਨਾ ਝੀਲ ਵੇਖਣ ਦੀ ਬੜੀ ਰੀਝ ਸੀ। ਉਹ ਉੱਥੇ ਬੋਟਿੰਗ ਦੇ ਨਜ਼ਾਰੇ ਵੇਖਣਾ ਚਾਹੁੰਦੀ ਸੀ। ਬਲਜੀਤ ਆਪਣੀਆਂ ਸਹੇਲੀਆਂ ਮਨੀ, ਹਨੀ ਤੇ ਰਾਣੀ ਨੂੰ ਵੀ ਨਾਲ਼ ਲੈ ਕੇ ਜਾਣਾ ਚਾਹੁੰਦੀ ਸੀ। ਭੈਣ-ਭਰਾ ਵਿੱਚ ਸਹਿਮਤੀ ਹੋ ਗਈ। ਟੂਰ 'ਤੇ ਜਾਣ ਦੀਆਂ ਤਿਆਰੀਆਂ ਹੋਣ ਲੱਗੀਆਂ। ਉਹਨਾਂ ਦੇ ਮੰਮੀ ਕਹਿਣ ਲੱਗੇ, "ਇਸ ਟੂਰ ਨਾਲ਼ ਤੁਹਾਡੇ ਮਨੋਰੰਜਨ ਦੇ ਨਾਲ਼ - ਨਾਲ਼ ਗਿਆਨ 'ਚ ਵੀ ਵਾਧਾ ਹੋਵੇਗਾ। ਚੰਡੀਗੜ੍ਹ 'ਚ ਕਈ ਥਾਂਵਾਂ ਵੇਖਣਯੋਗ ਹਨ।"

"ਹਾਂ, ਹਾਂ, ਮੰਮੀ ! ਅਸੀਂ ਉਹ ਥਾਂਵਾਂ ਵੀ ਜ਼ਰੂਰ ਵੇਖਾਂਗੇ ਜਿਨ੍ਹਾਂ ਬਾਰੇ ਅਸੀਂ ਆਪਣੀਆਂ ਕਿਤਾਬਾਂ 'ਚ ਪੜ੍ਹਦੇ ਰਹਿੰਦੇ ਹਾਂ।"



Downloaded from https:// www.studiestoday.com

Downloaded from https:// www.studiestoday.com

ਸੋਮਵਾਰ ਦਾ ਦਿਨ ਆ ਗਿਆ। ਬਲਜੀਤ ਬਹੁਤ ਖ਼ੁਸ਼ ਸੀ। ਅਗਲੇ ਦਿਨ ਸਵੇਰੇ ਵਿਦਿਆਰਥੀਆਂ ਦੀ ਭਰੀ ਮਿੰਨੀ ਬੱਸ ਚੰਡੀਗੜ੍ਹ ਲਈ ਰਵਾਨਾ ਹੋ ਗਈ। ਸਭ ਤੋਂ ਪਹਿਲਾਂ 'ਛੱਤਬੀੜ ਚਿੜੀਆ-ਘਰ' ਦੇਖਣ ਦਾ ਪ੍ਰੋਗ੍ਰਾਮ ਬਣਾਇਆ ਗਿਆ ਸੀ। ਚਿੜੀਆ-ਘਰ ਕਾਫ਼ੀ ਵੱਡਾ ਸੀ। ਉਸ ਨੂੰ ਵੇਖਦਿਆਂ-ਵੇਖਦਿਆ ਦੋ-ਢਾਈ ਘੰਟੇ ਲੱਗ ਗਏ। ਕਈ ਜਾਨਵਰ ਤੇ ਪੰਛੀ ਵਿਦਿਆਰਥੀਆਂ ਨੇ ਪਹਿਲੀ ਵਾਰ ਵੇਖੇ ਸਨ। ਸ੍ਰੀ ਮਦਨ ਲਾਲ ਅਧਿਆਪਕ ਜੀ ਨੇ ਕਈ ਜਾਨਵਰਾਂ ਬਾਰੇ ਜਾਣਕਾਰੀ ਦਿੱਤੀ। ਬੱਚੇ ਬੜੇ ਖ਼ੁਸ਼ ਹੋ ਰਹੇ ਸਨ।

ਚਿੜੀਆ-ਘਰ ਵੇਖਣ ਤੋਂ ਬਾਅਦ ਫਿਰ ਸਾਰੇ ਜਣੇ ਅੱਧੇ ਕੁ ਘੰਟੇ ਵਿੱਚ ਚੰਡੀਗੜ੍ਹ ਪੁੱਜ ਗਏ। ਚੰਡੀਗੜ੍ਹ ਉਹ ਰਾਕ-ਗਾਰਡਨ, ਰੋਜ਼-ਗਾਰਡਨ, ਪੰਜਾਬ ਯੂਨੀਵਰਸਿਟੀ, ਅਜਾਇਬ-ਘਰ ਅਤੇ ਕਈ ਹੋਰ ਮਹੱਤਵਪੂਰਨ ਥਾਂਵਾਂ ਵੇਖਦੇ ਰਹੇ। ਉਹਨਾਂ ਵਿੱਚੋਂ ਕਈ ਬੱਚੇ ਪਹਿਲੀ ਵਾਰ ਚੰਡੀਗੜ੍ਹ ਆਏ ਸਨ। ਸੋਹਣਾ ਸ਼ਹਿਰ ਵੇਖ ਕੇ ਉਹਨਾਂ ਨੂੰ ਖ਼ੁਸ਼ੀ ਭਰੀ ਹੈਰਾਨੀ ਹੋ ਰਹੀ ਸੀ। ਅਧਿਆਪਕਾਂ ਨੇ ਉਹਨਾਂ ਨੂੰ ਦੱਸਿਆ ਕਿ ਚੰਡੀਗੜ੍ਹ ਭਾਰਤ ਦਾ ਅਜਿਹਾ ਸ਼ਹਿਰ ਹੈ ਜਿਹੜਾ ਬੜੀ ਸੁਚੱਜੀ ਯੋਜਨਾ ਨਾਲ਼ ਉਸਾਰਿਆ ਗਿਆ ਹੈ। ਪ੍ਰਸਿੱਧ ਫ਼੍ਰਾਂਸੀਸੀ ਆਰਕੀਟੈਕਟ ਲੀ-ਕਾਰਬੂਜ਼ੀਅਰ ਨੇ ਇਸ ਸ਼ਹਿਰ ਦਾ ਨਕਸ਼ਾ ਬਣਾਇਆ ਸੀ।

ਸ਼ਾਮ ਹੋਣ ਲੱਗੀ ਤਾਂ ਉਹ ਸੁਖਨਾ ਝੀਲ 'ਤੇ ਪੁੱਜ ਗਏ। ਘੁੰਮਣ-ਫਿਰਨ ਦੇ ਸ਼ੁਕੀਨ ਅਤੇ ਸੈਲਾਨੀ ਵੱਡੀ ਗਿਣਤੀ ਵਿੱਚ ਉੱਥੇ ਪਹੁੰਚੇ ਹੋਏ ਸਨ। ਝੀਲ ਵਿੱਚ ਨਿੱਕੀਆਂ-ਵੱਡੀਆਂ ਕਿਸ਼ਤੀਆਂ ਵਿੱਚ ਲੋਕ ਅਨੰਦ ਮਾਣ ਰਹੇ ਸਨ। ਦੂਰ-ਦੁਰਾਡੇ ਤੀਕ ਪਾਣੀ ਹੀ ਪਾਣੀ ਸੀ , ਪਿੱਛੇ ਪਹਾੜੀਆਂ ਸਨ ਜੋ ਬਹੁਤ ਖ਼ੂਬਸੂਰਤ ਲੱਗ ਰਹੀਆਂ ਸਨ। ਝੀਲ 'ਤੇ ਪੂਰੀ ਰੌਣਕ ਸੀ।

ਸੁਖਨਾ ਝੀਲ ਦੇ ਕਿਨਾਰੇ ਰੈਸਟੋਰੈਂਟ ਦੇ ਬਾਹਰ ਕੁਰਸੀਆਂ 'ਤੇ ਬੈਠੇ ਵਿਦਿਆਰਥੀ ਥਕਾਵਟ ਲਾਹੁਣ ਲਈ ਚਾਹ-ਪਾਣੀ ਪੀ ਰਹੇ ਸਨ।

ਅਚਾਨਕ ਇੱਕ ਔਰਤ ਦੀ ਚੀਕ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਉਹ ਆਪਣੇ ਤਿੰਨ ਕੁ ਸਾਲ ਦੇ ਬੱਚੇ ਨੂੰ ਬਚਾਉਣ ਲਈ ਦੁਹਾਈ ਪਾ ਰਹੀ ਸੀ ਜਿਹੜਾ ਝੀਲ ਦੇ ਕਿਨਾਰੇ 'ਤੇ ਬਣੀ ਹੋਈ ਛੋਟੀ ਕੰਧ ਉੱਪਰ ਜਾ ਚੜ੍ਹਿਆ ਸੀ ਤੇ ਪਾਣੀ ਵੱਲ ਵੇਖਦਾ-ਵੇਖਦਾ ਹੇਠਾਂ ਝੀਲ ਵਿੱਚ ਡਿਗ ਪਿਆ ਸੀ।

ਰੌਲ਼ਾ ਪੈ ਗਿਆ, "ਓਏ, ਕੋਈ ਤਰਨਾ ਜਾਣਦੈ ? ਕਰੋ ਕੋਈ ਹਿੰਮਤ , ਛੇਤੀ ਕਰੋ ਬੱਚਾ ਡੁੱਬਦਾ ਜਾ ਰਿਹੈ। ਛੇਤੀ ਕਰੋ, ਕੋਈ ਕਿਸ਼ਤੀ ਵਾਲ਼ੇ ਨੂੰ ਬੁਲਾਓ।" ਮਾਂ ਕੁਰਲਾ ਰਹੀ ਸੀ। ਦੇਰੀ ਹੋਣ ਨਾਲ਼ ਅਣਹੋਣੀ ਵਾਪਰ ਸਕਦੀ ਸੀ।

ਰੌਲ਼ਾ-ਰੱਪਾ ਸੁਣਦਿਆਂ ਸਾਰ ਖਾਣਾ-ਪੀਣਾ ਛੱਡ ਕੇ, ਬਲਜੀਤ ਤੇਜ਼ੀ ਨਾਲ਼ ਭੀੜ ਵੱਲ ਵਧੀ। ਉਸ ਨੂੰ ਗੱਲ ਸਮਝਣ ਵਿੱਚ ਦੇਰ ਨਾ ਲੱਗੀ। ਇਸ ਤੋਂ ਪਹਿਲਾਂ ਕਿ ਹੋਰ ਦੇਰੀ ਹੁੰਦੀ, ਬਲਜੀਤ ਨੇ ਝੱਟ ਝੀਲ ਵਿੱਚ ਛਾਲ਼ ਮਾਰ ਦਿੱਤੀ।



Downloaded from https:// www.studiestoday.com

Downloaded from https:// www.studiestoday.com



ਝੀਲ ਦਾ ਪਾਣੀ ਸਾਫ਼ ਸੀ। ਬੱਚੇ ਦੇ ਮੂੰਹ ਵਿੱਚ ਪਾਣੀ ਪੈ ਰਿਹਾ ਸੀ। ਬਚਾਅ ਲਈ ਬੱਚਾ ਹੱਥ-ਪੈਰ ਮਾਰ ਰਿਹਾ ਸੀ। ਬਲਜੀਤ ਨੇ ਠੀਕ ਉਸੇ ਜਗ੍ਹਾ ਡੁਬਕੀ ਲਾਈ ਜਿੱਥੇ ਬੱਚਾ ਡਿਗਿਆ ਸੀ। ਉਹ ਫੁਰਤੀ ਨਾਲ਼ ਬੱਚੇ ਨੂੰ ਉਸ ਦੀ ਕਮੀਜ਼ ਤੋਂ ਫੜ ਕੇ ਪਾਣੀ ਦੇ ਉੱਪਰ ਲੈ ਆਈ। ਉਹ ਕਾਫ਼ੀ ਜੱਦੋ-ਜਹਿਦ ਕਰਦੀ ਹੋਈ ਬੱਚੇ ਨੂੰ ਧੱਕਦੀ-ਉਛਾਲ਼ਦੀ ਕਿਨਾਰੇ ਵੱਲ ਲਿਆਉਣ ਲੱਗੀ। ਏਨੇ ਨੂੰ ਬਚਾਅ ਲਈ ਇੱਕ ਕਿਸ਼ਤੀ ਵੀ ਨੇੜੇ ਆ ਗਈ।

ਬੱਚੇ ਨੂੰ ਬਾਹਰ ਲਿਆਂਦਾ ਗਿਆ। ਉਹ ਬੜੇ ਔਖੇ-ਔਖੇ ਸਾਹ ਲੈ ਰਿਹਾ ਸੀ। ਉਹ ਬੇਹੋਸ਼ ਹੋ ਚੁੱਕਾ ਸੀ। ਉਸ ਦੇ ਢਿੱਡ ਵਿੱਚ ਪਾਣੀ ਭਰ ਗਿਆ ਸੀ। ਬੱਚੇ ਨੂੰ ਰੈੱਸਟੋਰੈਂਟ ਵਾਲ਼ਿਆਂ ਵੱਲੋਂ ਸਜਾਵਟ ਲਈ ਰੱਖੇ ਹੋਏ ਇੱਕ ਮੂਧੇ ਘੜੇ ਉੱਪਰ ਪੇਟ ਭਾਰ ਲਿਟਾਇਆ ਗਿਆ। ਬੱਚੇ ਦੇ ਮੂੰਹ ਵਿੱਚੋਂ ਪਾਣੀ ਦੀਆਂ ਘਰਾਲ਼ਾਂ ਵਹਿਣ ਲੱਗੀਆਂ।

ਪੇਟ ਵਿਚਲਾ ਪਾਣੀ ਬਾਹਰ ਨਿਕਲ਼ਨ ਨਾਲ਼ ਬੱਚਾ ਹੋਸ਼ ਵਿੱਚ ਆ ਗਿਆ। ਉਸ ਨੇ ਅੱਖਾਂ ਖੋਲ੍ਹੀਆਂ ਅਤੇ ਘਾਬਰੀ ਹੋਈ ਅਵਾਜ਼ ਵਿੱਚ ਉਸ ਦੇ ਮੂੰਹੋਂ ਨਿਕਲਿਆ, "ਮੰਮੀ.......!"

ਬੱਚੇ ਦੀ ਅਵਾਜ਼ ਸੁਣ ਕੇ ਉਸ ਦੀ ਮੰਮੀ ਅਤੇ ਬਾਕੀ ਲੋਕਾਂ ਦੇ ਚਿਹਰਿਆਂ 'ਤੇ ਇਕਦਮ ਖ਼ੁਸ਼ੀ ਦੀ ਲਹਿਰ ਦੌੜ ਗਈ। ਮਾਂ ਨੇ ਆਪਣੇ ਜਿਗਰ ਦੇ ਟੁਕੜੇ ਨੂੰ ਛਾਤੀ ਨਾਲ਼ ਲਾ ਲਿਆ।



Downloaded from https:// www.studiestoday.com

Downloaded from https:// www.studiestoday.com

ਬੱਚੇ ਦੀ ਮੰਮੀ ਨੇ ਆਪਣੇ ਪਰਸ ਵਿੱਚੋਂ ਪੰਜ ਸੌ ਰੁਪਏ ਦਾ ਨੋਟ ਕੱਢਿਆ ਤੇ ਬਲਜੀਤ ਨੂੰ ਦਿੰਦਿਆਂ ਕਹਿਣ ਲੱਗੀ, "ਬੇਟੀ! ਤੂੰ ਬਹੁਤ ਦਲੇਰ ਲੜਕੀ ਏਂ। ਤੂੰ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਮੇਰੇ ਲਾਲ ਨੂੰ ਬਚਾ ਲਿਆ। ਮੈਂ ਤੇਰਾ ਅਹਿਸਾਨ ਕਦੇ ਨਹੀਂ ਭੁੱਲਾਂਗੀ।"

"ਕਿਉਂ ਸ਼ਰਮਿੰਦਾ ਕਰ ਰਹੇ ਓ, ਮੈਡਮ ਜੀ----! ਇਹਨਾਂ ਪੈਸਿਆਂ ਨੂੰ ਆਪਣੇ ਕੋਲ਼ ਈ ਰੱਖੋ। ਇਹ ਤਾਂ ਮੇਰਾ ਫ਼ਰਜ਼ ਸੀ।" ਬਲਜੀਤ ਨੇ ਉਹਨਾਂ ਦੇ ਪੈਸੇ ਵਾਪਸ ਕਰ ਦਿੱਤੇ। ਬਲਜੀਤ ਭੀੜ ਦਾ ਕੇਂਦਰ-ਬਿੰਦੂ ਬਣੀ ਹੋਈ ਸੀ। ਲੋਕ ਉਸ ਨੂੰ ਬੜੇ ਮਾਣ ਨਾਲ਼ ਤੱਕ ਰਹੇ ਸਨ। ਏਕਮ ਬੋਲਿਆ, "ਜੋ ਕੰਮ ਅਸੀਂ ਮੁੰਡੇ ਨਹੀਂ ਕਰ ਸਕੇ, ਉਹ ਕੰਮ ਭੈਣ, ਤੂੰ ਕਰ ਵਿਖਾਇਆ।"

ਸਾਰੇ ਬਲਜੀਤ ਦੀ ਦਲੇਰੀ ਦੀ ਪ੍ਰਸੰਸਾ ਕਰ ਰਹੇ ਸਨ।

## ਪਾਠ-ਅਭਿਆਸ

1. ਦੱਸੋ :

(ੳ) ਬਲਜੀਤ ਤੇ ਏਕਮ ਨੂੰ ਕਿਹੜੀ-ਕਿਹੜੀ ਖੇਡ ਦਾ ਸ਼ੌਕ ਸੀ ?

(ਅ) ਚੰਡੀਗੜ੍ਹ ਜਾਣ ਤੋਂ ਪਹਿਲਾਂ ਬੱਚੇ ਰਸਤੇ ਵਿੱਚ ਕਿੱਥੇ ਗਏ ਤੇ ਉੱਥੇ ਉਹਨਾਂ ਨੇ ਕੀ ਦੇਖਿਆ ?

(ੲ) ਵਿਦਿਆਰਥੀਆਂ ਨੇ ਚੰਡੀਗੜ੍ਹ 'ਚ ਕਿਹੜੀਆਂ-ਕਿਹੜੀਆਂ ਥਾਂਵਾਂ ਵੇਖੀਆਂ ?

(ਸ) ਚੰਡੀਗੜ੍ਹ ਸ਼ਹਿਰ ਦਾ ਨਕਸ਼ਾ ਕਿਸ ਨੇ ਬਣਾਇਆ ਸੀ ?

(ਹ) ਬਲਜੀਤ ਨੇ ਝੀਲ ਵਿੱਚ ਡੁੱਬਦੇ ਬੱਚੇ ਨੂੰ ਕਿਵੇਂ ਬਚਾਇਆ ?

(ਕ) ਬੱਚੇ ਦੀ ਮੰਮੀ ਨੇ ਬਲਜੀਤ ਦਾ ਧੰਨਵਾਦ ਕਿਵੇਂ ਕਰਨਾ ਚਾਹਿਆ ?

(ਖ) ਆਖ਼ਰ ਵਿੱਚ ਏਕਮ ਨੇ ਬਲਜੀਤ ਨੂੰ ਕੀ ਕਿਹਾ ?

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਰੀਝ | : | ਸ਼ੌਕ |
| ਬੋਟਿੰਗ | : | ਬੇੜੀ ਵਿੱਚ ਸੈਰ ਕਰਨਾ |
| ਸਹਿਮਤੀ | : | ਰਜ਼ਾਮੰਦੀ |
| ਟੂਰ | : | ਦੌਰਾ |
| ਸੁਚੱਜੀ ਯੋਜਨਾ | : | ਅੱਛਾ ਤਰੀਕਾ |
| ਸ਼ੁਕੀਨ | : | ਸ਼ੌਕ ਰੱਖਣ ਵਾਲ਼ੇ |
| ਦੂਰ - ਦੁਰਾਡੇ | : | ਦੂਰ ਤੱਕ |
| ਰੈੱਸਟੋਰੈਂਟ | : | ਉਹ ਹੋਟਲ ਜਿੱਥੇ ਰਹਾਇਸ਼ ਦਾ ਪ੍ਰਬੰਧ ਨਹੀਂ ਹੁੰਦਾ ਪਰ ਚਾਹ ਆਦਿ ਦਾ ਪ੍ਰਬੰਧ ਹੁੰਦਾ ਹੈ। |
| ਦੁਹਾਈ | : | ਪੁਕਾਰ, ਫ਼ਰਿਆਦ, ਚੀਕ-ਚਿਹਾੜਾ |
| ਹੱਥ - ਪੈਰ ਮਾਰਨਾ | : | ਕੋਸ਼ਸ਼ ਕਰਨਾ |



Downloaded from https:// www.studiestoday.com

Downloaded from https:// www.studiestoday.com

| | | |
|---|---|---|
| ਜੱਦੋ - ਜਹਿਦ | : | ਕੋਸ਼ਸ਼, ਉੱਦਮ, ਉਪਰਾਲਾ |
| ਖ਼ੁਸ਼ੀ ਦੀ ਲਹਿਰ ਦੌੜਨਾ | : | ਬਹੁਤ ਖ਼ੁਸ਼ ਹੋਣਾ |
| ਦਲੇਰ | : | ਬਹਾਦਰ, ਹੌਸਲੇ ਵਾਲ਼ਾ |
| ਅਹਿਸਾਨ | : | ਉਪਕਾਰ, ਕਿਰਪਾ, ਮਿਹਰਬਾਨੀ |
| ਪ੍ਰਸੰਸਾ | : | ਸਲਾਹੁਤਾ |
| ਡੁਬਕੀ | : | ਚੁੱਭੀ, ਟੁੱਭੀ, ਗੋਤਾ |

3. ਵਾਕਾਂ ਵਿੱਚ ਵਰਤੋ :

ਸਿਆਣੀ, ਚਿੜੀਆ-ਘਰ, ਅਜਾਇਬ-ਘਰ, ਘੁੰਮਣ-ਫਿਰਨ, ਸੈਲਾਨੀ, ਜਿਗਰ ਦਾ ਟੁਕੜਾ, ਦਲੇਰ, ਕੇਂਦਰ-ਬਿੰਦੂ, ਅਣਹੋਣੀ।

**ਵਿਆਕਰਨ :**

ਸ਼ਬਦ ਦੇ ਜਿਸ ਰੂਪ ਤੋਂ ਕਿਸੇ ਜੀਵ, ਵਸਤੂ, ਸਥਾਨ ਆਦਿ ਦੀ ਗਿਣਤੀ ਵਿੱਚ ਇੱਕ ਜਾਂ ਇੱਕ ਤੋਂ ਵੱਧ ਹੋਣ ਦੇ ਫ਼ਰਕ ਦਾ ਪਤਾ ਲੱਗੇ, ਉਸ ਨੂੰ ਵਚਨ ਆਖਦੇ ਹਨ। ਪੰਜਾਬੀ ਵਿੱਚ ਵਚਨ ਦੋ ਪ੍ਰਕਾਰ ਦੇ ਹਨ :

(ੳ) ਇੱਕਵਚਨ (ਅ) ਬਹੁਵਚਨ

(ੳ) **ਇੱਕਵਚਨ :** ਸ਼ਬਦ ਦੇ ਜਿਸ ਰੂਪ ਤੋਂ ਕਿਸੇ ਇੱਕ ਜੀਵ, ਵਸਤੂ, ਸਥਾਨ ਆਦਿ ਦਾ ਪਤਾ ਲੱਗੇ, ਉਸ ਨੂੰ ਇੱਕਵਚਨ ਕਿਹਾ ਜਾਂਦਾ ਹ, ਜਿਵੇਂ : ਸ਼੍ਰੇਣੀ, ਸਹੇਲੀ, ਕਿਸ਼ਤੀ ਆਦਿ।

(ਅ) **ਬਹੁਵਚਨ :** ਸ਼ਬਦ ਦੇ ਜਿਸ ਰੂਪ ਤੋਂ ਇੱਕ ਤੋਂ ਵੱਧ ਜੀਵਾਂ, ਵਸਤੂਆਂ, ਸਥਾਨਾਂ ਆਦਿ ਦਾ ਗਿਆਨ ਹੋਵੇ ਉਸ ਨੂੰ ਬਹੁਵਚਨ ਆਖਦੇ ਹਨ, ਜਿਵੇਂ : ਸ਼੍ਰੇਣੀਆਂ, ਸਹੇਲੀਆਂ, ਕਿਸ਼ਤੀਆਂ ਆਦਿ।

4. **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ :**

ਭਰਾ, ਬੱਸ, ਚਿੜੀ, ਲੜਕੀ, ਵਿਦਿਆਰਥੀ, ਪੰਛੀ, ਸ਼ਹਿਰ, ਨਕਸ਼ਾ, ਬੱਚਾ, ਝੀਲ, ਕਮੀਜ਼, ਕਿਸ਼ਤੀ।

ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਹਰ ਸਾਲ 26 ਜਨਵਰੀ ਨੂੰ ਭਾਰਤ ਦੇ ਗਣਤੰਤਰਤਾ ਦਿਵਸ 'ਤੇ ਬਹਾਦਰੀ ਦੇ ਕਾਰਨਾਮੇ ਕਰਨ ਬਦਲੇ ਬੱਚਿਆਂ ਨੂੰ ਪੁਰਸਕਾਰ ਦਿੱਤੇ ਜਾਂਦੇ ਹਨ। ਆਪਣੇ ਅਧਿਆਪਕ ਜੀ ਤੋਂ ਕਿਸੇ ਅਜਿਹੇ ਬਹਾਦਰ ਬੱਚੇ ਦੀ ਕਹਾਣੀ ਸੁਣੋ ਅਤੇ ਉਸ ਨੂੰ ਆਪਣੀ ਕਾਪੀ 'ਚ ਲਿਖੋ।

ਬੱਚਿਓ! ਜੇਕਰ ਤੁਸੀਂ ਕਦੇ ਕੋਈ ਬਹਾਦਰੀ ਦਾ ਕੰਮ ਕੀਤਾ ਹੈ, ਉਸ ਨੂੰ ਆਪਣੀ ਸ਼੍ਰੇਣੀ ਵਿੱਚ ਆਪਣੇ ਸਾਥੀਆਂ ਨੂੰ ਸੁਣਾਓ।



Downloaded from https:// www.studiestoday.com

Downloaded from https:// www.studiestoday.com

## ਪਾਠ–7

# ਰੂਪਨਗਰ

ਰੂਪਨਗਰ ਪੰਜਾਬ ਦਾ ਇੱਕ ਪੁਰਾਣਾ ਸ਼ਹਿਰ ਹੈ। ਅੰਮ੍ਰਿਤਸਰ, ਜਲੰਧਰ, ਪਟਿਆਲ਼ਾ, ਫ਼ਰੀਦਕੋਟ ਜਿਹੇ ਹੋਰ ਕਈ ਸ਼ਹਿਰ ਵੀ ਪੁਰਾਣੇ ਭਾਵ ਦੇਰ ਤੋਂ ਵੱਸੇ ਹੋਏ ਹਨ। ਹਰ ਪੁਰਾਣੇ ਸ਼ਹਿਰ ਦਾ ਇਤਿਹਾਸ ਹੁੰਦਾ ਹੈ। ਇਸ ਪਾਠ ਵਿੱਚ ਅੱਗੇ ਅਸੀਂ ਵੇਖਾਂਗੇ ਕਿ ਰੂਪਨਗਰ ਦਾ ਵੀ ਆਪਣਾ ਇਤਿਹਾਸ ਹੈ। ਚੰਡੀਗੜ੍ਹ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨਵੇਂ ਵੱਸੇ ਸ਼ਹਿਰਾਂ ਦੀਆਂ ਉਦਾਹਰਨਾਂ ਹਨ। ਉਂਞ ਅੱਜ–ਕੱਲ੍ਹ ਪੁਰਾਣੇ ਸ਼ਹਿਰਾਂ ਦੇ ਵੀ ਕਈ ਨਵੇਂ ਇਲਾਕੇ ਹੁੰਦੇ ਹਨ। ਇਸ ਕਰ ਕੇ ਪੁਰਾਣੇ ਸ਼ਹਿਰ ਪੁਰਾਣੇ ਅਤੇ ਨਵੇਂ ਦਾ ਸੁਮੇਲ ਦਿਸਦੇ ਹਨ।

ਰੂਪਨਗਰ ਦਾ ਪਹਿਲਾ ਨਾਂ ਰੋਪੜ ਸੀ। 16 ਨਵੰਬਰ, 1976 ਨੂੰ ਇਸ ਸ਼ਹਿਰ ਅਤੇ ਜ਼ਿਲ੍ਹੇ ਦਾ ਨਾਂ ਰੋਪੜ ਤੋਂ ਰੂਪਨਗਰ ਕਰ ਦਿੱਤਾ ਗਿਆ। ਉਦੋਂ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ। ਇਹ ਸ਼ਹਿਰ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਵੱਸਿਆ ਹੋਇਆ ਹੈ। ਸਤਲੁਜ ਦਰਿਆ ਇਸ ਦੇ ਕੋਲ਼ੋਂ ਵਹਿੰਦਾ ਹੈ। ਇਸ ਦਰਿਆ ਵਿੱਚੋਂ ਕੱਢੀ ਗਈ ਸਰਹਿੰਦ ਨਹਿਰ ਵੀ ਇੱਥੋਂ ਹੀ ਵਹਿਣਾ ਅਰੰਭ ਕਰਦੀ ਹੈ। ਬਿਸਤ ਦੁਆਬ ਨਾਂ ਦੀ ਇੱਕ ਹੋਰ ਨਹਿਰ ਦਰਿਆ ਦੇ ਦੂਜੇ ਕਿਨਾਰੇ ਤੋਂ ਕੱਢੀ ਗਈ ਹੈ। ਦੁਆਬੇ ਦੇ ਕੁਝ ਭਾਗਾਂ ਨੂੰ ਇਸ ਦਾ ਪਾਣੀ ਜਾਂਦਾ ਹੈ। ਨੰਗਲ਼, ਭਾਖੜਾ ਡੈਮ ਤੋਂ ਕੱਢੀ ਗਈ ਭਾਖੜਾ ਨਹਿਰ ਵੀ ਰੂਪਨਗਰ ਦੇ ਕੋਲ਼ੋਂ ਲੰਘਦੀ ਹੈ। ਰੂਪਨਗਰ ਵਿਖੇ ਸਤਲੁਜ ਦਰਿਆ ਦੇ ਪਾਣੀ ਨੂੰ ਲੋੜ ਅਨੁਸਾਰ ਨਹਿਰਾਂ ਵਿੱਚ ਭੇਜਣ ਲਈ ਹੈੱਡਵਰਕਸ ਬਣਾਇਆ ਗਿਆ ਹੈ। ਇਸ ਹੈੱਡਵਰਕਸ ਦੇ ਉੱਪਰਲੇ ਪਾਸੇ ਸਤਲੁਜ ਦਰਿਆ ਇੱਕ ਵੱਡੀ ਝੀਲ ਵਾਂਗ ਦਿੱਸਦਾ ਹੈ। ਇੱਥੇ ਦਰਿਆ ਦੇ ਸ਼ਹਿਰ ਵੱਲ ਦੇ ਕੰਢੇ ਉੱਤੇ ਸੈਰ–ਸਪਾਟੇ ਲਈ ਥਾਂ ਬਣਾ ਦਿੱਤੀ ਹੈ। ਇਸ ਪ੍ਰਕਾਰ ਇਹ ਸ਼ਹਿਰ ਕੁਦਰਤੀ ਦ੍ਰਿਸ਼ਾਂ ਨਾਲ਼ ਭਰਪੂਰ ਹੈ। ਇਸ ਤੋਂ ਜਾਪਦਾ ਹੈ ਕਿ ਇਸ ਸ਼ਹਿਰ ਦਾ ਨਵਾਂ ਨਾਂ "'ਰੂਪਨਗਰ' ਇਸ ਦੀ ਸੁੰਦਰਤਾ ਕਾਰਨ ਬੜਾ ਢੁਕਵਾਂ ਹੈ।

ਅਜੋਕੇ ਪੰਜਾਬ ਦੇ ਬਾਈ ਜ਼ਿਲ੍ਹੇ ਹਨ। ਇਹਨਾਂ ਵਿੱਚੋਂ ਇੱਕ ਜ਼ਿਲ੍ਹਾ ਰੂਪਨਗਰ ਹੈ। ਇਸ ਪਾਠ ਵਿੱਚ ਅਸੀਂ ਰੂਪਨਗਰ ਸ਼ਹਿਰ ਦੀ ਗੱਲ ਹੀ ਕਰਾਂਗੇ। ਇਹ ਸ਼ਹਿਰ ਅਬਾਦੀ ਪੱਖੋਂ ਵੱਡਾ ਨਹੀਂ ਹੈ। ਇਸ ਦੀ ਮਹੱਤਤਾ ਨੂੰ ਵੇਖਦਿਆਂ ਬੇਸ਼ੱਕ ਇਹ ਵੱਡਾ ਅਖਵਾਉਣ ਦਾ ਅਧਿਕਾਰੀ ਹੈ। ਪਹਿਲਾਂ ਇਸ ਸ਼ਹਿਰ ਦੀ ਪੁਰਾਤਨਤਾ ਨੂੰ ਹੀ ਵੇਖੋ। ਇੱਥੇ ਖੁਦਾਈ ਕਰਨ 'ਤੇ ਹੜੱਪਾ ਅਤੇ ਮੋਹਿੰਜੋਦੜੋ ਸੱਭਿਅਤਾ ਨਾਲ਼ ਸੰਬੰਧਿਤ ਸਿੱਕੇ, ਬਰਤਨ ਅਤੇ ਮੂਰਤੀਆਂ ਪ੍ਰਾਪਤ ਹੋਈਆਂ। ਵਰਤਮਾਨ ਪੰਜਾਬ ਵਿੱਚ ਸੰਘੋਲ਼ (ਉੱਚਾ ਪਿੰਡ) ਅਤੇ ਰੂਪਨਗਰ ਦੋ ਹੀ ਸਥਾਨ ਹਨ ਜਿੱਥੇ ਖੁਦਾਈ ਕਰਨ ਨਾਲ਼ ਪੁਰਾਣੀ ਸੱਭਿਅਤਾ ਦੇ ਚਿੰਨ੍ਹ ਮਿਲ਼ੇ ਹਨ। ਉਂਞ ਇਸ ਸ਼ਹਿਰ ਨੂੰ ਰਾਜਾ ਰੋਕੇਸ਼ਰ ਨੇ ਗਿਆਰ੍ਹਵੀਂ ਸਦੀ ਵਿੱਚ ਵਸਾਇਆ ਦੱਸਿਆ ਜਾਂਦਾ ਹੈ। ਉਸ ਨੇ ਇਸ ਦਾ ਨਾਂ ਆਪਣੇ ਪੁੱਤਰ ਰੂਪ ਸੇਨ ਦੇ ਨਾਂ 'ਤੇ ਰੱਖਿਆ। ਸਿੱਖਾਂ ਦੇ ਛੇਵੇਂ ਗੁਰੂ ਜੀ ਤੋਂ ਲੈ ਕੇ ਦਸਵੇਂ ਗੁਰੂ ਜੀ ਤੱਕ,ਕੀਰਤਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ ਸਿੱਖੀ ਦੇ ਕੇਂਦਰ ਰਹੇ ਹਨ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ–ਛੂਹ ਵਿਸ਼ੇਸ਼ ਤੌਰ 'ਤੇ ਇਸ ਧਰਤੀ ਨੂੰ ਪ੍ਰਾਪਤ ਹੋਈ। ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ ਗੁਰੂ ਜੀ ਨੇ ਰੂਪਨਗਰ ਤੋਂ ਦੋ



Downloaded from https:// www.studiestoday.com

Downloaded from https:// www.studiestoday.com

ਕਿਲੋਮੀਟਰ 'ਤੇ ਪੈਂਦੇ ਪਿੰਡ ਕੋਟਲ਼ਾ ਨਿਹੰਗ ਦੇ ਭੱਠੇ ਉੱਤੇ ਵਿਸਰਾਮ ਕੀਤਾ ਸੀ। ਇਸੇ ਯਾਦ ਵਿੱਚ ਇੱਥੇ 'ਭੱਠਾ ਸਾਹਿਬ' ਨਾਂ ਦਾ ਗੁਰਦਵਾਰਾ ਸਾਹਿਬ ਹੈ। ਹੁਣ ਇਸ ਸਥਾਨ ਅਤੇ ਰੂਪਨਗਰ ਸ਼ਹਿਰ ਦੇ ਵਿਚਕਾਰ ਕੋਈ ਫ਼ਾਸਲਾ ਨਹੀਂ ਰਹਿ ਗਿਆ। ਇਹ ਇਤਿਹਾਸਿਕ ਸਥਾਨ ਰੂਪਨਗਰ ਦਾ ਹੀ ਭਾਗ ਹੈ।

1831 ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿੰਕ ਵਿਚਕਾਰ ਇਤਿਹਾਸਿਕ ਸੰਧੀ ਇਸੇ ਸ਼ਹਿਰ ਵਿੱਚ ਸਤਲੁਜ ਦੇ ਕੰਢੇ 'ਤੇ ਹੋਈ ਸੀ। ਇਸ ਸੰਧੀ ਅਨੁਸਾਰ ਅੰਗਰੇਜ਼ ਨੇ ਸਤਲੁਜ ਪਾਰ ਦੇ ਮਹਾਰਾਜਾ ਰਣਜੀਤ ਸਿੰਘ ਦੇ ਇਲਾਕੇ ਵਿੱਚ ਪੈਰ ਨਹੀਂ ਪਾਉਣਾ ਸੀ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਦੀ ਇਸ ਪਾਸੇ ਦੀ ਹੱਦ ਸਤਲੁਜ ਦਰਿਆ ਤੀਕ ਮੰਨਣੀ ਸੀ। ਇਸ ਪ੍ਰਕਾਰ ਇਹ ਸੰਧੀ ਪੰਜਾਬ ਦੇ ਹੀ ਨਹੀਂ ਸਗੋਂ ਭਾਰਤ ਦੇ ਇਤਿਹਾਸ ਵਿੱਚ ਵੀ ਵਿਸ਼ੇਸ਼ ਸਥਾਨ ਰੱਖਦੀ ਹੈ। ਇਸ ਸ਼ਹਿਰ ਆਏ ਯਾਤਰੂ ਸੰਧੀ ਵਾਲ਼ੀ ਯਾਦਗਰ ਥਾਂ ਨੂੰ ਵੇਖਣਾ ਪਸੰਦ ਕਰਦੇ ਹਨ। ਪੁਨਰਗਠਨ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਵਿੱਚ ਰੋਪੜ, ਜ਼ਿਲ੍ਹਾ ਅੰਬਾਲ਼ਾ ਦੀ ਕੇਵਲ ਇੱਕ ਤਹਿਸੀਲ ਸੀ। ਫਿਰ ਪੁਨਰਗਠਨ ਪਿੱਛੋਂ ਅੰਬਾਲ਼ਾ ਹਰਿਆਣਾ ਦਾ ਭਾਗ ਬਣ ਗਿਆ। ਇਸ ਉਪਰੰਤ ਰੂਪਨਗਰ ਪੂਰਾ ਜ਼ਿਲ੍ਹਾ ਬਣ ਗਿਆ। ਇਸ ਤਰ੍ਹਾਂ ਇਹ ਸ਼ਹਿਰ ਅਤੇ ਜ਼ਿਲ੍ਹਾ ਰੂਪਨਗਰ ਦੇ ਨਾਂ ਨਾਲ਼ ਜਾਣਿਆ ਗਿਆ।



ਰੂਪਨਗਰ ਪਸ਼ੂਆਂ ਦੀ ਮੰਡੀ ਲਈ ਵੀ ਪ੍ਰਸਿੱਧ ਹੈ। ਕਿਸੇ ਸਮੇਂ ਵਿੱਚ ਇੱਥੇ ਬਣੇ ਜੰਦਰੇ 'ਰੋਪੜੀ ਤਾਲੇ' ਵਜੋਂ ਮਸ਼ਹੂਰ ਰਹੇ ਹਨ। ਹੁਣ ਰੂਪਨਗਰ, ਇੱਥੇ ਸਥਾਪਿਤ ਤਾਪ ਬਿਜਲੀ ਘਰ ਅਤੇ ਦਰਿਆ ਪਾਰ ਲੱਗੇ ਕਈ ਕਾਰਖ਼ਾਨਿਆਂ ਕਰਕੇ ਪ੍ਰਸਿੱਧ ਹੈ। ਵਿੱਦਿਅਕ ਪੱਖੋਂ ਇਹ ਸ਼ਹਿਰ ਕਾਫ਼ੀ ਉੱਨਤ ਹੈ। ਇੱਥੋਂ ਦਾ ਸਰਕਾਰੀ ਕਾਲਜ ਪੰਜਾਬ ਦੀਆਂ ਉੱਘੀਆਂ ਵਿੱਦਿਅਕ ਸੰਸਥਾਵਾਂ ਵਿੱਚ ਗਿਣਿਆ ਜਾਂਦਾ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਸਕੂਲ ਅਤੇ ਤਕਨੀਕੀ ਸੰਸਥਾਵਾਂ ਵੀ ਇਸ ਸ਼ਹਿਰ ਵਿੱਚ ਹਨ। ਬੱਸ ਅੱਡੇ ਦੇ ਨੇੜੇ ਹੀ ਨਹਿਰੂ ਸਟੇਡੀਅਮ ਹੈ ਜਿੱਥੇ ਕਈ ਤਰ੍ਹਾਂ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ।

ਚੰਡੀਗੜ੍ਹ ਤੋਂ ਜਲੰਧਰ ਜਾਣਾ ਹੋਵੇ ਜਾਂ ਹੁਸ਼ਿਆਰਪੁਰ, ਪਠਾਨਕੋਟ ਅਤੇ ਡਲਹੌਜ਼ੀ ਤਾਂ ਇਸ ਸ਼ਹਿਰ ਵਿੱਚੋਂ ਲੰਘਿਆ ਜਾਂਦਾ ਹੈ। ਏਨਾ ਹੀ ਨਹੀਂ, ਸੈਰ-ਸਪਾਟਾ ਕਰਨ ਵਾਲ਼ਿਆਂ ਦੀ ਖ਼ਾਸ ਪਸੰਦ ਕੁੱਲੂ ਅਤੇ ਮਨਾਲ਼ੀ ਜਾਣ ਲਈ ਵੀ ਰੂਪਨਗਰ ਵਿੱਚੋਂ ਜਾਇਆ ਜਾਂਦਾ ਹੈ। ਸੰਸਾਰ ਪ੍ਰਸਿੱਧ ਭਾਖੜਾ



Downloaded from https:// www.studiestoday.com

Downloaded from https:// www.studiestoday.com

ਡੈਮ ਅਤੇ ਉੱਘੇ ਸਿੱਖ-ਧਾਮ ਕੀਰਤਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ ਲਈ ਵੀ ਸੜਕ ਅਤੇ ਰੇਲ-ਮਾਰਗ ਰੂਪਨਗਰ ਤੋਂ ਹੋ ਕੇ ਜਾਂਦਾ ਹੈ। ਵਿਸਾਖੀ ਅਤੇ ਹੋਲਾ-ਮਹੱਲਾ ਦੇ ਜੋੜ-ਮੇਲੇ ਸਮੇਂ ਰੂਪ ਨਗਰ ਵਿੱਚੋਂ ਹੋ ਕੇ ਲੰਘਦੀਆਂ ਗੱਡੀਆਂ-ਮੋਟਰਾਂ ਅਤੇ ਹੋਰ ਵਾਹਨਾਂ ਨਾਲ਼ ਭਰ ਜਾਂਦੀਆਂ ਹਨ। ਨੈਣਾਦੇਵੀ ਜਾਣ ਵਾਲ਼ੇ ਸ਼ਰਧਾਲੂਆਂ ਦੀਆਂ ਵਹੀਰਾਂ ਵੀ ਰੂਪਨਗਰ ਦੀ ਰੌਣਕ ਵਧਾਉਂਦੀਆਂ ਹਨ। ਤਦੇ ਤਾਂ ਆਖੀਦਾ ਹੈ ਕਿ ਰੂਪਨਗਰ ਆਵਾਜਾਈ ਦਾ ਵੱਡਾ ਕੇਂਦਰ-ਬਿੰਦੂ ਹੈ। ਦੇਵਤਿਆਂ ਦੀ ਭੂਮੀ ਕਹਾਉਂਦੇ ਹਿਮਾਚਲ ਪ੍ਰਦੇਸ਼ ਨੂੰ ਇੱਕ ਵੱਡਾ ਰਾਹ ਰੂਪਨਗਰ 'ਚੋਂ ਲੰਘ ਕੇ ਜਾਂਦਾ ਹੈ।

ਮੋਰਿੰਡਾ, ਚਮਕੌਰ ਸਾਹਿਬ, ਮਾਛੀਵਾੜਾ ਆਦਿ ਕਈ ਇਤਿਹਾਸਿਕ ਸਥਾਨ ਰੂਪਨਗਰ ਤੋਂ ਥੋੜ੍ਹੇ-ਥੋੜ੍ਹੇ ਫ਼ਾਸਲੇ ਉੱਤੇ ਹਨ। ਪਹਿਲਾ ਪੁਰਾਣਾ ਸ਼ਹਿਰ ਸਤਲੁਜ ਦਰਿਆ ਅਤੇ ਸਰਹਿੰਦ ਨਹਿਰ ਵਿਚਕਾਰ ਬਣਦੀ ਤਿਕੋਣ ਵਿੱਚ ਹੀ ਸੀ। ਹੁਣ ਇਸ ਸ਼ਹਿਰ ਦਾ ਪਸਾਰ ਇਹਨਾਂ ਸੀਮਾਵਾਂ ਤੋਂ ਪਾਰ ਵੀ ਹੋਇਆ ਹੈ। ਗਿਆਨੀ ਜ਼ੈਲ ਸਿੰਘ ਨਗਰ ਨਵੇਂ ਢੰਗ ਨਾਲ਼ ਵਸਾਇਆ ਗਿਆ ਹੈ। ਚੰਡੀਗੜ੍ਹ ਦੀਆਂ ਇਮਾਰਤਾਂ ਵਾਂਗ ਰੂਪਨਗਰ ਵਿੱਚ ਹੋਈਆਂ ਨਵੀਆਂ ਉਸਾਰੀਆਂ ਨੇ ਇਸ ਸ਼ਹਿਰ ਦਾ ਮੁਹਾਂਦਰਾ ਹੀ ਬਦਲ ਦਿੱਤਾ ਹੈ। ਇਸ ਨਾਲ਼ ਇਹ ਸ਼ਹਿਰ ਵੀ ਨਵੇਂ ਅਤੇ ਪੁਰਾਣੇ ਦਾ ਸੁਮੇਲ ਬਣ ਗਿਆ ਹੈ। ਜ਼ਿਲ੍ਹਾ-ਪੱਧਰ ਦੇ ਅਨੇਕਾਂ ਦਫ਼ਤਰ ਬਣ ਜਾਣ ਨਾਲ਼ ਇਸ ਸ਼ਹਿਰ ਦੀ ਚੰਗੀ ਠੁੱਕ ਬਣ ਗਈ ਹੈ।

ਅਜੋਕੇ ਪੰਜਾਬ ਦੇ ਚਾਰ ਇਲਾਕੇ : ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਹਨ। ਮਾਝੇ ਦੀ ਪੰਜਾਬੀ ਉਪਭਾਸ਼ਾ ਮਾਝੀ, ਦੁਆਬੇ ਦੀ ਦੁਆਬੀ, ਮਾਲਵੇ ਦੀ ਮਲਵਈ ਅਤੇ ਪੁਆਧ ਇਲਾਕੇ ਦੀ ਉਪਭਾਸ਼ਾ ਪੁਆਧੀ ਹੈ। ਹੈਰਾਨੀ ਦੀ ਗੱਲ ਹੈ ਕਿ ਰੂਪਨਗਰ ਨੂੰ ਪੰਜਾਬੀ ਦੀਆਂ ਇਹਨਾਂ ਤਿੰਨ ਉਪਭਾਸ਼ਾਵਾਂ ਦੇ ਇਲਾਕੇ ਛੂੰਹਦੇ ਹਨ। ਚੰਡੀਗੜ੍ਹ ਤੋਂ ਰੂਪਨਗਰ ਜਾਈਏ ਤਾਂ ਪੁਆਧ ਦਾ ਇਲਾਕਾ ਆਉਂਦਾ ਹੈ। ਸਤਲੁਜ ਦਰਿਆ ਪਾਰ ਕਰਦਿਆਂ ਹੀ ਸਤਲੁਜ ਅਤੇ ਬਿਆਸ ਦੇ ਵਿਚਕਾਰ ਦਾ ਇਲਾਕਾ ਦੁਆਬਾ ਆਉਂਦਾ ਹੈ। 'ਦੁਆਬਾ' ਸ਼ਬਦ ਦਾ ਅਰਥ ਹੈ : ਦੋ ਆਬਾਂ ਭਾਵ ਦੋ ਦਰਿਆਵਾਂ ਦੇ ਵਿਚਾਲ਼ੇ ਪੈਂਦੀ ਧਰਤੀ। ਰੋਪੜ ਦੇ ਦੱਖਣ ਵੱਲ ਮਾਲਵਾ ਹੈ। ਇਸ ਪ੍ਰਕਾਰ ਰੂਪਨਗਰ ਪੰਜਾਬੀ ਦੀਆਂ ਤਿੰਨ ਭਾਸ਼ਾਵਾਂ ਦਾ ਸੰਗਮ ਹੈ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਇੱਥੋਂ ਸਿਰਫ਼ 42 ਕਿਲੋਮੀਟਰ ਦੂਰ ਹੈ।

ਚੰਡੀਗੜ੍ਹ ਤੋਂ ਰੂਪਨਗਰ ਜਾਣਾ ਹੋਵੇ ਤਾਂ ਪਹਿਲਾਂ ਪੁਰਾਣੇ ਅੱਡੇ ਉਤਰਨਾ ਪੈਂਦਾ ਹੈ। ਫਿਰ ਸਰਹਿੰਦ ਨਹਿਰ ਦੇ ਉੱਤੇ ਬਣੇ ਪੁਲ਼ ਨੂੰ ਪਾਰ ਕਰ ਕੇ ਪੁਰਾਣੇ ਸ਼ਹਿਰ ਵਿੱਚ ਜਾਇਆ ਜਾਂਦਾ ਹੈ। ਅੱਗੋਂ ਸੱਜੇ ਮੁੜਿਆ ਜਾਵੇ ਤਾਂ ਗਿਆਨੀ ਜ਼ੈਲ ਸਿੰਘ ਨਗਰ ਪਹੁੰਚ ਜਾਈਦਾ ਹੈ। ਖੱਬੇ ਪਾਸੇ ਦੀ ਸੜਕ ਸਿਵਲ ਹਸਪਤਾਲ ਅਤੇ ਬੇਲਾ ਰੋਡ ਉੱਤੇ ਸਰਕਾਰੀ ਸੈਕੰਡਰੀ ਸਕੂਲ ਤੱਕ ਜਾਂਦੀ ਹੈ। ਪੁਲ਼ ਤੋਂ ਸ਼ਹਿਰ ਦੇ ਅੰਦਰ ਨੂੰ ਜਾਂਦੀ ਸਿੱਧੀ ਸੜਕ ਮੁੱਖ ਬਜ਼ਾਰ ਵਿੱਚੋਂ ਹੁੰਦੀ ਹੋਈ ਸਰਕਾਰੀ ਕਾਲਜ ਤੱਕ ਚਲੀ ਜਾਂਦੀ ਹੈ। ਸ਼ਹਿਰ ਦਾ ਅੰਦਰਲਾ ਭਾਗ ਪੰਜਾਬ ਦੇ ਸਾਰੇ ਪੁਰਾਣੇ ਸ਼ਹਿਰਾਂ ਜਿਹਾ ਹੀ ਹੈ। ਭੀੜੀਆਂ ਗਲ਼ੀਆਂ, ਭੀੜੇ ਬਜ਼ਾਰ ਅਤੇ ਭੀੜ ਵਿੱਚ ਸੰਭਲ਼-ਸੰਭਲ਼ ਲੰਘਦੇ ਲੋਕ। ਚੰਡੀਗੜ੍ਹ ਵਿੱਚ ਫ਼ਾਸਲੇ ਬਹੁਤ ਹਨ। ਕੋਈ ਵੀ ਪੈਦਲ ਤੁਰ ਕੇ ਚੰਡੀਗੜ੍ਹ ਨਹੀਂ ਵੇਖ ਸਕਦਾ। ਰੂਪਨਗਰ ਵਿੱਚ ਚਾਹੇ ਤੁਸੀਂ ਪੈਦਲ ਘੁੰਮੋ, ਚਾਹੇ ਸਾਈਕਲ ਉੱਤੇ ਜਾਂ ਸਾਈਕਲ-ਰਿਕਸ਼ਾ ਉੱਤੇ, ਕੁਝ ਵੀ ਦੂਰ ਨਹੀਂ ਲੱਗਦਾ।

ਰੂਪਨਗਰ ਬਾਰੇ ਬਹੁਤ ਕੁਝ ਦੱਸਣ ਨੂੰ ਹੈ ਪਰ ਇਸ ਸੰਖੇਪ ਪਾਠ ਵਿੱਚ ਸਾਰਾ ਕੁਝ ਦੱਸਿਆ ਨਹੀਂ ਜਾ ਸਕਦਾ ।



Downloaded from https:// www.studiestoday.com

Downloaded from https:// www.studiestoday.com

ਪ੍ਰਸਿੱਧ ਸਾਹਿਤਕਾਰ ਪ੍ਰੋ. ਬ੍ਰਿਜ ਲਾਲ ਸ਼ਾਸਤਰੀ ਆਪਣੀ ਉਮਰ ਦੇ ਅੰਤਲੇ ਵਰ੍ਹੇ ਰੂਪਨਗਰ ਹੀ ਰਹੇ। ਉੱਘੇ ਵਿਦਵਾਨ ਪ੍ਰੋ. ਅਤਰ ਸਿੰਘ ਵੀ ਕਦੇ ਇਸ ਸ਼ਹਿਰ ਵਿੱਚ ਰਹੇ ਹਨ। ਇਸੇ ਤਰ੍ਹਾਂ ਵਿਅੰਗਕਾਰ ਭੂਸ਼ਣ ਧਿਆਨਪੁਰੀ ਇਸ ਸ਼ਹਿਰ ਦੇ ਵਸਨੀਕ ਰਹੇ। ਇਹ ਬੜਾ ਪਿਆਰਾ ਸ਼ਹਿਰ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਵੱਸੇ ਇਸ ਸ਼ਹਿਰ ਦੀਆਂ ਸਿਫ਼ਤਾਂ ਉਹੀ ਜਾਣਨ ਜਿਹੜੇ ਇਸ ਨੂੰ ਕਦੇ ਵੇਖਣ।

## ਪਾਠ-ਅਭਿਆਸ

1. **ਦੱਸੋ :**

(ੳ) ਰੂਪਨਗਰ ਸ਼ਹਿਰ ਦਾ ਪਹਿਲਾ ਨਾਂ ਕੀ ਸੀ? ਇਸ ਦਾ ਵਰਤਮਾਨ ਨਾਂ ਕਦੋਂ ਰੱਖਿਆ ਗਿਆ?

(ਅ) ਰੂਪਨਗਰ ਸ਼ਹਿਰ ਕਿਹੜੇ ਦਰਿਆ ਉੱਤੇ ਸਥਿਤ ਹੈ ਅਤੇ ਇਸ ਦਰਿਆ ਵਿੱਚੋਂ ਕਿਹੜੀਆਂ ਕਿਹੜੀਆਂ ਨਹਿਰਾਂ ਕੱਢੀਆਂ ਗਈਆਂ ਹਨ?

(ੲ) ਰੂਪਨਗਰ ਹੈੱਡਵਰਕਸ ਦਾ ਦ੍ਰਿਸ਼ ਕਿਹੋ-ਜਿਹਾ ਹੈ?

(ਸ) ਰੂਪਨਗਰ ਸ਼ਹਿਰ ਦਾ ਸੰਬੰਧ ਭਾਰਤ ਦੀ ਪੁਰਾਤਨ ਸੱਭਿਅਤਾ ਨਾਲ਼ ਕਿਵੇਂ ਜੁੜਿਆ ਹੋਇਆ ਹੈ?

(ਹ) ਅੰਗਰੇਜ਼ਾਂ ਦੀ ਮਹਾਰਾਜਾ ਰਣਜੀਤ ਸਿੰਘ ਨਾਲ਼ ਹੋਈ ਸੰਧੀ ਦਾ ਵਰਨਣ ਕਰੋ?

(ਕ) ਰੂਪਨਗਰ ਸ਼ਹਿਰ ਸੜਕੀ ਅਤੇ ਰੇਲ-ਮਾਰਗਾਂ ਰਾਹੀਂ ਕਿਹੜੀਆਂ-ਕਿਹੜੀਆਂ ਥਾਂਵਾਂ ਨਾਲ਼ ਜੁੜਿਆ ਹੋਇਆ ਹੈ?

(ਖ) ਰੂਪਨਗਰ ਦੀ ਮਹੱਤਤਾ ਦਰਸਾਉਂਦਾ ਪੈਰਾ ਲਿਖੋ।

2. **ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਹੈੱਡ ਵਰਕਸ | : | ਉਹ ਥਾਂ ਜਿੱਥੋਂ ਦਰਿਆ ਨੂੰ ਬੰਨ੍ਹ ਲਾ ਕੇ ਕੋਈ ਨਹਿਰ ਕੱਢੀ ਗਈ ਹੋਵੇ |
| ਸੰਧੀ | : | ਸਮਝੌਤਾ, ਸੁਲ੍ਹਾਨਾਮਾ |
| ਸੁਮੇਲ | : | ਚੰਗਾ ਮੇਲ਼, ਸੁਜੋੜ |
| ਭੂਮੀ | : | ਧਰਤੀ, ਜ਼ਮੀਨ |
| ਸਿਫ਼ਤਾਂ | : | ਗੁਣ, ਵਡਿਆਈ, ਉਸਤਤ, ਸ਼ਲਾਘਾ |
| ਵਾਹਨ | : | ਸਵਾਰੀ ਕਰਨ ਲਈ ਕੋਈ ਗੱਡੀ |

3. **ਵਾਕਾਂ ਵਿੱਚ ਵਰਤੋ :**

ਜੋੜ-ਮੇਲਾ, ਮੁਹਾਂਦਰਾ, ਠੁੱਕ ਬਣਨੀ, ਸੈਰ-ਸਪਾਟਾ, ਫ਼ਾਸਲਾ, ਚਿੰਨ੍ਹ, ਵਹੀਰਾਂ, ਸ਼ਰਧਾਲੂ

**ਵਿਆਕਰਨ :** ਤੁਸੀਂ ਪਿਛਲੀ ਸ਼੍ਰੇਣੀ ਵਿੱਚ ਪੜ੍ਹ ਚੁੱਕੇ ਹੋ ਕਿ ਜਿਹੜਾ ਸ਼ਬਦ ਕਿਸੇ ਨਾਂਵ ਸ਼ਬਦ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਹਿੰਦੇ ਹਨ, ਜਿਵੇਂ : ਕੌਣ, ਮੈਂ, ਅਸੀਂ, ਤੁਸੀਂ, ਉਹ, ਜੋ ਆਦਿ।



Downloaded from https:// www.studiestoday.com

Downloaded from https:// www.studiestoday.com

ਪੜਨਾਂਵ ਸ਼ਬਦ ਛੇ ਪ੍ਰਕਾਰ ਦੇ ਹਨ :

| | | | |
|---|---|---|---|
| 1 | ਪੁਰਖ-ਵਾਚਕ ਪੜਨਾਂਵ | 2 | ਨਿੱਜ-ਵਾਚਕ ਪੜਨਾਂਵ |
| 3 | ਨਿਸ਼ਚੇ-ਵਾਚਕ ਪੜਨਾਂਵ | 4 | ਅਨਿਸ਼ਚੇ-ਵਾਚਕ ਪੜਨਾਂਵ |
| 5 | ਸੰਬੰਧ-ਵਾਚਕ ਪੜਨਾਂਵ | 6 | ਪ੍ਰਸ਼ਨ-ਵਾਚਕ ਪੜਨਾਂਵ |

1 ਪੁਰਖ-ਵਾਚਕ ਪੜਨਾਂਵ :

ਜਿਹੜੇ ਸ਼ਬਦ ਅਸੀਂ ਆਪਣੇ ਜਾਂ ਦੂਜੇ ਪੁਰਖਾਂ ਦੇ ਨਾਂ ਦੀ ਥਾਂ 'ਤੇ ਵਰਤਦੇ ਹਾਂ, ਉਹਨਾਂ ਨੂੰ ਪੁਰਖ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ ਮੈਂ, ਤੁਸੀਂ, ਉਹ ਆਦਿ।

ਪੁਰਖ-ਵਾਚਕ ਪੜਨਾਂਵ ਤਿੰਨ ਪ੍ਰਕਾਰ ਦੇ ਹੁੰਦੇ ਹਨ :

(ੳ) ਉੱਤਮ-ਪੁਰਖ ਜਾਂ ਪਹਿਲਾ ਪੁਰਖ

(ਅ) ਮੱਧਮ ਪੁਰਖ ਜਾਂ ਦੂਜਾ ਪੁਰਖ

(ੲ) ਅੰਨਯ ਪੁਰਖ ਜਾਂ ਤੀਜਾ ਪੁਰਖ

(ੳ) ਉੱਤਮ-ਪੁਰਖ ਜਾਂ ਪਹਿਲਾ ਪੁਰਖ : ਜਿਹੜਾ ਪੁਰਖ ਗੱਲ ਕਰਦਾ ਹੈ, ਉਸ ਨੂੰ ਉੱਤਮ ਪੁਰਖ ਜਾਂ ਪਹਿਲਾ ਪੁਰਖ ਕਿਹਾ ਜਾਂਦਾ ਹੈ, ਜਿਵੇਂ : ਮੈਂ, ਮੈਨੂੰ, ਅਸੀਂ, ਸਾਡਾ ਆਦਿ।

(ਅ) ਮੱਧਮ ਪੁਰਖ ਜਾਂ ਦੂਜਾ ਪੁਰਖ : ਜਿਸ ਪੁਰਖ ਨਾਲ਼ ਗੱਲ ਕੀਤੀ ਜਾਵੇ, ਉਸ ਨੂੰ ਮੱਧਮ ਪੁਰਖ ਜਾਂ ਦੂਜਾ ਪੁਰਖ ਕਿਹਾ ਜਾਂਦਾ ਹੈ, ਜਿਵੇਂ : ਤੂੰ, ਤੁਸੀਂ, ਤੇਰਾ, ਤੁਹਾਡਾ ਆਦਿ।

(ੲ) ਅੰਨਯ ਪੁਰਖ ਜਾਂ ਤੀਜਾ ਪੁਰਖ : ਜਿਹੜੇ ਪੁਰਖ ਦੇ ਬਾਰੇ ਗੱਲ ਕੀਤੀ ਜਾਵੇ, ਉਸ ਨੂੰ ਅੰਨਯ ਪੁਰਖ ਜਾਂ ਤੀਜਾ ਪੁਰਖ ਕਿਹਾ ਜਾਂਦਾ ਹੈ, ਜਿਵੇਂ : ਉਹ, ਉਹਦਾ, ਉਹਨਾਂ ਆਦਿ।

4. ਹੇਠ ਦਿੱਤੇ ਵਾਕਾਂ ਦੇ ਪੁਰਖ-ਵਾਚਕ ਪੜਨਾਂਵਾਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਪੁਰਖ ਦੇ ਪੜਨਾਂਵ ਚੁਣੋ :

(ੳ) "ਤੂੰ ਸੁਣਦਾ ਨੀ, ਬੀਰ", ਭੈਣ ਨੇ ਮੇਰੇ ਮੋਢੇ ਨੂੰ ਹਲੂਣ ਕੇ ਆਖਿਆ।

(ਅ) "ਇਹ ਆਪਾਂ ਨੂੰ ਫੜ ਲਊ ?" "ਹੋਰ ਕੀ ?" ਉਸ ਨੇ ਜਵਾਬ ਦਿੱਤਾ।

(ੲ) "ਤਾਂ ਫਿਰ ਹੁਣ ਕੀ ਕਰੀਏ ?" ਅਸੀਂ ਪੰਜ ਸੱਤ ਮਿੰਟ ਸਹਿਮ ਕੇ ਖਲੋਤੇ ਰਹੇ।

ਤੁਹਾਡਾ ਪਿੰਡ/ਸ਼ਹਿਰ ਕਿਸ ਜ਼ਿਲ੍ਹੇ ਵਿੱਚ ਹੈ ? ਉਸ ਸੰਬੰਧੀ ਦਸ ਸਤਰਾਂ ਲਿਖੋ ਅਤੇ ਆਪਣੇ ਅਧਿਆਪਕ ਜੀ ਨੂੰ ਦਿਖਾਓ।




Downloaded from https:// www.studiestoday.com

Downloaded from https:// www.studiestoday.com

ਪਾਠ-8

# ਬਾਬਾ ਫ਼ਰੀਦ



ਸ਼ੇਖ਼ ਫ਼ਰੀਦ ਸ਼ਕਰਗੰਜ ਪੰਜਾਬ ਦੇ ਮਸ਼ਹੂਰ ਸੂਫ਼ੀ ਫ਼ਕੀਰ ਹੋਏ ਹਨ। ਆਪ ਨੇ ਸਾਰੀ ਜ਼ਿੰਦਗੀ ਤਪ-ਤਿਆਗ ਤੇ ਸਬਰ-ਸੰਤੋਖ ਨਾਲ਼ ਗੁਜ਼ਾਰੀ ਅਤੇ ਸਾਰੇ ਮਨੁੱਖਾਂ ਨੂੰ ਪ੍ਰੇਮ-ਪਿਆਰ ਦਾ ਸਬਕ ਪੜ੍ਹਾਇਆ।

ਆਪ ਦਾ ਜਨਮ ਮੁਲਤਾਨ ਦੇ ਇੱਕ ਨਿੱਕੇ ਜਿਹੇ ਪਿੰਡ ਕੋਠੀਵਾਲ ਵਿੱਚ ਪਿਤਾ ਸ਼ੇਖ਼ ਜਮਾਲੁਦੀਨ ਦੇ ਘਰ ਮਾਤਾ ਕਰਸੁਮ ਦੀ ਕੁੱਖੋਂ 1173 ਈਸਵੀ ਵਿੱਚ ਹੋਇਆ। ਮੁਢਲੀ ਵਿੱਦਿਆ ਹਾਸਲ ਕਰ ਕੇ ਆਪ ਮੁਲਤਾਨ ਚਲੇ ਗਏ ਤੇ ਉੱਥੇ ਪੰਜ-ਸੱਤ ਸਾਲ ਪੜ੍ਹਦੇ ਰਹੇ। ਇੱਥੋਂ ਫ਼ਰੀਦ ਜੀ ਕਈ ਵਾਰ ਦਿੱਲੀ ਵੀ ਗਏ ਅਤੇ ਕਿੰਨਾ ਅਰਸਾ ਹਾਂਸੀ-ਹਿਸਾਰ ਵੱਲ ਤਪੱਸਿਆ ਕਰਦੇ ਰਹੇ। ਅਖੀਰ ਉਹਨਾਂ ਸਤਲੁਜ ਕੰਢੇ ਪਾਕਪਟਨ ਆ ਨਿਵਾਸ ਕੀਤਾ। ਉਹਨਾਂ ਦੀ ਪਵਿੱਤਰ ਰੁਹਾਨੀ ਜ਼ਿੰਦਗੀ ਤੇ ਤਿਆਗ-ਵੈਰਾਗ ਵਾਲ਼ੀ ਰਹਿਣੀ-ਸਹਿਣੀ ਦੇਖ ਕੇ ਆਪ ਦੇ ਮੁਰਸ਼ਦ ਬਖ਼ਤਿਆਰ ਕਾਕੀ ਇੰਨੇ ਪ੍ਰਸੰਨ ਹੋਏ ਕਿ ਉਹਨਾਂ ਆਪਣੀ ਗੱਦੀ ਹੀ ਫ਼ਰੀਦ ਜੀ ਦੇ ਹਵਾਲੇ ਕਰ ਦਿੱਤੀ। ਇਸ ਜ਼ੁੰਮੇਵਾਰੀ ਨੂੰ ਉਹਨਾਂ ਲਗਾਤਾਰ 32 ਵਰ੍ਹੇ ਨਿਭਾਇਆ ਤੇ ਆਪਣੇ ਸੇਵਕਾਂ ਨੂੰ ਮੁਹੱਬਤ ਤੇ ਮਧੁਰਤਾ ਦਾ ਉਪਦੇਸ਼ ਦਿੱਤਾ।

ਸ਼ੇਖ਼ ਫ਼ਰੀਦ ਉੱਚੀ ਕਰਨੀ ਵਾਲ਼ੇ ਫ਼ਕੀਰ ਸਨ ਤੇ ਆਪ ਦਾ ਜੀਵਨ ਬੜਾ ਹੀ ਸਰਲ, ਸਾਦਾ, ਸਬਰ-ਸੰਤੋਖ ਤੇ ਗ਼ਰੀਬੀ ਵਾਲ਼ਾ ਸੀ। ਉਹ ਮਸਾਂ ਹੀ ਗੁਜ਼ਾਰਾ ਕਰਦੇ ਸਨ। ਕੱਚਾ ਕੋਠਾ, ਜੁਆਰ ਦੀ ਰੋਟੀ, ਉੱਬਲ਼ੇ ਹੋਏ ਛੋਲੇ ਤੇ ਸਧਾਰਨ ਕੰਬਲ਼ੀ ਹੀ ਉਹਨਾਂ ਦੀ ਸਾਰੀ ਦੌਲਤ ਸੀ। ਜੋ ਬਾਹਰੋਂ ਚੜ੍ਹਾਵਾ ਆਉਂਦਾ, ਉਹ ਫ਼ਕੀਰਾਂ ਦੇ ਲੰਗਰ ਵਿੱਚ ਪਾ ਛੱਡਦੇ ਤੇ ਗ਼ਰੀਬਾਂ ਨੂੰ ਵੰਡ ਦਿੰਦੇ। ਉਹਨਾਂ ਦਾ ਸੁਭਾਅ ਇਤਨਾ ਮਿੱਠਾ ਤੇ ਮਨੋਹਰ ਸੀ ਕਿ ਲੋਕ ਆਪ ਨੂੰ ਸ਼ਕਰਗੰਜ (ਮਿਠਾਸ ਦਾ ਭੰਡਾਰ) ਕਹਿ ਕੇ ਯਾਦ



Downloaded from https:// www.studiestoday.com

Downloaded from https:// www.studiestoday.com

ਕਰਦੇ ਸਨ। ਉਹ ਪਿਆਰ ਦੀ ਮੂਰਤ ਸਨ। ਉਹ ਹਰ ਹਿੰਦੂ-ਮੁਸਲਮਾਨ ਨੂੰ ਬਰਾਬਰ ਪਿਆਰ, ਸਤਿਕਾਰ ਦਿੰਦੇ। ਉਹ ਰੱਬੀ ਪਿਆਰ ਨਾਲ਼ ਨਿਮਰਤਾ ਧਾਰਨ ਦੀ ਪ੍ਰੇਰਨਾ ਕਰਦੇ ਸਨ। ਆਪ ਨੇ ਪੰਜਾਬੀ ਵਿੱਚ ਜੋ ਸ਼ਬਦ ਤੇ ਸਲੋਕ ਲਿਖੇ, ਉਹ ਸੌ ਤੋਂ ਵੱਧ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਇਹਨਾਂ ਵਿੱਚ ਵੀ ਆਪ ਨੇ ਜੋ ਉਪਦੇਸ਼ ਦਿੱਤਾ ਉਹ ਇਹੋ ਹੈ ਕਿ ਸੱਚੇ ਧਰਮੀ ਪੁਰਸ਼ ਉਹ ਹਨ ਜਿਨ੍ਹਾਂ ਦੇ ਹਿਰਦੇ ਮੁਹੱਬਤ ਨਾਲ਼ ਭਰਪੂਰ ਹਨ :

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ ।।

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ।।

ਉਹਨਾਂ ਸਿੱਖਿਆ ਦਿੱਤੀ ਕਿ ਸਭ ਨਾਲ਼ ਪ੍ਰੇਮ-ਪਿਆਰ ਕਰੋ ਤੇ ਸਭ ਦਾ ਭਲਾ ਮਨਾਓ। ਜੇ ਕੋਈ ਬੁਰਾ ਵੀ ਕਰੇ ਤਾਂ ਵੀ ਭਲਾਈ ਵਾਲ਼ਾ ਵਿਹਾਰ ਕਰਕੇ ਉਸ ਦਾ ਦਿਲ ਜਿੱਤਣ ਦਾ ਯਤਨ ਕਰਨਾ ਨੇਕੀ ਹੈ। ਇਸ ਦਾ ਫ਼ਾਇਦਾ ਇਹ ਹੋਵੇਗਾ ਕਿ ਤੁਹਾਡਾ ਤਨ, ਮਨ ਸਦਾ ਖ਼ੁਸ਼ਹਾਲ ਰਹੇਗਾ:

ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ

ਦੇਹੀ ਰੋਗੁ ਨ ਲਗਈ, ਪਲੈ ਸਭੁ ਕਿਛੁ ਪਾਇ ।।

ਇੱਕ ਵਾਰ ਇੱਕ ਸੱਜਣ ਫ਼ਰੀਦ ਜੀ ਪਾਸ ਕੈਂਚੀ ਲੈ ਕੇ ਆਇਆ ਤੇ ਉਸ ਨੇ ਸਿਫ਼ਤ ਕਰਿਦਆਂ ਕਿਹਾ, "ਇਹ ਕੈਂਚੀ ਬੜੇ ਮਜ਼ਬੂਤ ਲੋਹੇ ਦੀ ਬਣੀ ਹੋਈ ਹੈ ਤੇ ਬਹੁਤ ਤਿੱਖੀ ਹੈ। ਇਸ ਦੀ ਧਾਰ ਸੋਹਣੀ ਲੱਗੀ ਹੋਈ ਹੈ ਤੇ ਬਹੁਤ ਸੋਹਣਾ ਕੱਟਦੀ ਹੈ।"

ਬਾਬਾ ਫ਼ਰੀਦ ਜੀ ਨੇ ਕੈਂਚੀ ਉਸ ਦੇ ਹੱਥ ਵਿੱਚੋਂ ਲੈ ਲਈ ਤੇ ਉਸ ਨੂੰ ਚਾਰੇ ਪਾਸੇ ਘੁਮਾ ਕੇ ਦੇਖਿਆ ਤੇ ਕਿਹਾ, "ਭਾਈ ਪ੍ਰੇਮੀਆ ! ਤੂੰ ਇਹ ਲੈ ਜਾ, ਇਹ ਤਾਂ ਕੱਟਣ ਵਾਲ਼ੀ ਤੇ ਚੀਰ-ਫਾੜ ਕਰਨ ਵਾਲ਼ੀ ਚੀਜ਼ ਹੈ ਤੇ ਸਾਡਾ ਕੰਮ ਕੱਟਣਾ-ਤੋੜਨਾ ਨਹੀਂ, ਸਗੋਂ ਜੋੜਨਾ ਹੈ। ਤੂੰ ਮੈਨੂੰ ਇਸ ਦੀ ਥਾਂ ਇੱਕ ਨਿੱਕੀ ਜਿਹੀ ਸੂਈ ਲਿਆ ਕੇ ਦੇ ਤਾਂਕਿ ਮੈਂ ਪਾਟਿਆਂ ਨੂੰ ਜੋੜ ਸਕਾਂ, ਅੱਡੋ-ਅੱਡ ਨਿੱਖੜੇ ਦਿਲਾਂ ਨੂੰ ਪ੍ਰੀਤ-ਪਿਆਰ ਦੇ ਧਾਗੇ ਵਿੱਚ ਪਰੋ ਸਕਾਂ।"

ਜਦੋਂ ਅਸੀਂ ਇਤਿਹਾਸ ਦੇ ਪੰਨਿਆਂ ਵੱਲ ਨਜ਼ਰ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਜ਼ਮਾਨਾ ਦਵੈਸ਼ ਤੇ ਨਫ਼ਰਤ ਦਾ ਸੀ। ਮੰਗੋਲਾਂ ਦੇ ਹਮਲਿਆਂ ਨੇ ਹਾਹਾਕਾਰ ਮਚਾਈ ਹੋਈ ਸੀ। ਇਹਨਾਂ ਨੇ ਸਿੰਧ, ਮੁਲਤਾਨ ਤੇ ਲਾਹੌਰ ਤੱਕ ਕਬਜ਼ਾ ਕਰਕੇ ਲੋਕਾਂ ਦੇ ਨੱਕ ਵਿੱਚ ਦਮ ਕੀਤਾ ਹੋਇਆ ਸੀ। ਇਤਿਹਾਸਕਾਰਾਂ ਅਨੁਮਾਨ ਲਾਇਆ ਹੈ ਕਿ ਜਾਬਰ ਮੰਗੋਲਾਂ ਨੇ ਲਗ-ਪਗ ਅੱਸੀ ਲੱਖ ਬੰਦਿਆਂ ਦਾ ਕਤਲ ਕੀਤਾ। ਇਹ ਖ਼ੂਨੀ ਹਾਲਾਤ ਦੱਸਦੇ ਹਨ ਕਿ ਉਸ ਸਮੇਂ ਮਨੁੱਖੀ-ਜੀਵਨ ਦੀ ਕੀ ਕਦਰ-ਕੀਮਤ ਸੀ ? ਪਰ ਅਜਿਹੇ ਭੈੜੇ ਤੇ ਖ਼ੂਨੀ ਵਾਤਾਵਰਨ ਵਿੱਚ ਬਾਬਾ ਫ਼ਰੀਦ ਜੀ ਇਹ ਸੰਦੇਸ਼ ਦੇ ਰਹੇ ਸਨ ਕਿ ਸਭਨਾਂ ਅੰਦਰ ਰੱਬ ਵੱਸਦਾ ਹੈ ਤੇ ਸਾਰੇ ਇਨਸਾਨ ਮਾਣਕ-ਮੋਤੀ ਹਨ ਤੇ ਸਭ ਦਾ ਬਰਾਬਰ ਸਤਿਕਾਰ ਕਰਨਾ ਹੀ ਸਾਡਾ ਪਵਿੱਤਰ ਫ਼ਰਜ਼ ਹੈ। ਕਿਸੇ ਨੂੰ ਮੰਦਾ ਬੋਲ ਬੋਲਣਾ ਠੀਕ ਨਹੀਂ :

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ।।

ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ।।

ਧਰਮ ਦੇ ਨਾਂ 'ਤੇ ਮੁਲਾਣੇ ਜਾਂ ਫ਼ਕੀਰ ਪ੍ਰਪੰਚ ਕਰਦੇ ਸਨ, ਉਹ ਵੀ ਬਾਬਾ ਫ਼ਰੀਦ ਨੂੰ ਪਸੰਦ



Downloaded from https:// www.studiestoday.com

Downloaded from https:// www.studiestoday.com

ਨਹੀਂ ਸੀ। ਉਹ ਨਮਾਜ਼ਾਂ, ਰੋਜ਼ੇ ਵਗ਼ੈਰਾ ਦਾ ਫ਼ਰਜ਼ ਪੂਰਾ ਕਰਦੇ ਸਨ ਪਰ ਜੇ ਕੋਈ ਇਹ ਸ਼ਰ੍ਹਾ - ਸ਼ਰੀਅਤ ਨਿਭਾਉਂਦਾ ਅੰਦਰੋਂ ਸੱਚਾ-ਸੁੱਚਾ ਨਹੀਂ ਸੀ ਤਾਂ ਉਹ ਵੀ ਉਹਨਾਂ ਦੀ ਨਜ਼ਰ ਵਿੱਚ ਪ੍ਰਵਾਨ ਨਹੀਂ ਸੀ।ਉਹਨਾਂ ਸਾਫ਼ ਲਿਖਿਆ ਹੈ ਕਿ ਜੇ ਕੋਈ ਬੰਦਗੀ ਲਈ ਮੁਸੱਲਾ ਚੁੱਕੀ ਫਿਰੇ ਤੇ ਦਿਖਾਵੇ ਲਈ ਕਾਲ਼ੇ ਸੂਫ਼ ਦੇ ਕੱਪੜੇ ਵੀ ਪਾ ਲਵੇ ਤਾਂ ਉਹ ਅਜਿਹਾ ਕਰਕੇ ਰੱਬੀ ਦਰਵੇਸ਼ ਨਹੀਂ ਬਣ ਜਾਂਦਾ, ਉਹ ਤਾਂ ਸਗੋਂ ਹਨੇਰ ਢੋਂਦਾ ਹੈ :

ਫ਼ਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ।।
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ।।

ਕੁਝ ਅਣਜਾਣ ਲੋਕਾਂ ਇਹ ਵੀ ਲਿਖਿਆ ਹੈ ਕਿ ਬਾਬਾ ਫ਼ਰੀਦ ਜੀ ਦਿੱਲੀ ਦੇ ਬਾਦਸ਼ਾਹਾਂ ਦੇ ਹਮਾਇਤੀ ਸਨ ਤੇ ਚੰਗੇ ਅਮੀਰ ਸਨ। ਲੇਕਿਨ ਤਾਰੀਖ਼ ਤੋਂ ਇਸ ਦੀ ਪੁਸ਼ਟੀ ਨਹੀਂ ਹੁੰਦੀ। ਇੱਕ ਵਾਰ ਸੁਲਤਾਨ ਨਾਸਰੁੱਦੀਨ ਮਹਿਮੂਦ ਨੇ ਆਪਣਾ ਵਜ਼ੀਰ ਅਲਗ ਖ਼ਾਂ ਭੇਜ ਕੇ ਜਗੀਰ ਦਾ ਪਟਾ ਤੇ ਕੁਝ ਨਕਦ ਰਕਮ ਆਪ ਪਾਸ ਭੇਜੀ। ਨਕਦੀ ਤਾਂ ਆਪ ਨੇ ਲੈ ਕੇ ਉਸੇ ਸਮੇਂ ਦਰਵੇਸ਼ਾਂ ਵਿੱਚ ਵੰਡ ਦਿੱਤੀ ਤੇ ਜਗੀਰ ਦਾ ਸ਼ਾਹੀ ਪਰਵਾਨਾ ਵਾਪਸ ਮੋੜ ਕੇ ਕਿਹਾ, "ਸੁਲਤਾਨ ਸਾਨੂੰ ਇਹ ਦੇ ਕੇ ਸਾਡੇ ਉੱਤੇ ਅਹਿਸਾਨ ਕਰਦਾ ਜਾਪਦਾ ਹੈ। ਜਦੋਂ ਕਿ ਸਾਡਾ ਅਸਲ ਅੰਨਦਾਤਾ ਰੱਬ, ਸਾਨੂੰ ਬਿਨਾਂ ਕੋਈ ਅਹਿਸਾਨ ਜਤਾਏ ਲਗਾਤਾਰ ਰਿਜ਼ਕ ਦੇਈ ਜਾਂਦਾ ਹੈ।"

ਇਸੇ ਤਰ੍ਹਾਂ ਇੱਕ ਵਾਰ ਦੀ ਗੱਲ ਹੈ ਕਿ ਇੱਕ ਗ਼ਰੀਬ ਬੰਦਾ ਆ ਕੇ ਆਖਣ ਲੱਗਾ ਕਿ ਮੈਨੂੰ ਬਾਦਸ਼ਾਹ ਬਲਬਨ ਵੱਲ ਇੱਕ ਸਿਫ਼ਾਰਸ਼ੀ ਰੁੱਕਾ ਲਿਖ ਦਿਓ ਤਾਂਕਿ ਮੈਂ ਉਹਨਾਂ ਤੋਂ ਕੋਈ ਮਾਲੀ ਇਮਦਾਦ ਲੈ ਸਕਾਂ। ਬਾਬਾ ਫ਼ਰੀਦ ਨੂੰ ਉਸ ਨਿਮਾਣੇ ਦੀ ਅਰਜ਼ ਸੁਣ ਕੇ ਦਇਆ ਆ ਗਈ ਤੇ ਬਾਦਸ਼ਾਹ ਨੂੰ ਲਿਖਿਆ, "ਜੇ ਤੂੰ ਇਸ ਲੋੜਵੰਦ ਨੂੰ ਕੁਝ ਦੇ ਸਕੇਂ ਤਾਂ ਇਹੋ ਖ਼ਿਆਲ ਕੀਤਾ ਜਾਵੇਗਾ ਕਿ ਅਸੀਂ ਤਾਂ ਕੁਝ ਵੀ ਕਰਨ ਜੋਗੇ ਨਹੀਂ।"

ਇਹ ਗੱਲਾਂ ਦੱਸਦੀਆਂ ਹਨ ਕਿ ਉਹ ਵੱਡੇ ਬਾਦਸ਼ਾਹਾਂ ਦੀ ਵੀ ਕੋਈ ਪਰਵਾਹ ਨਹੀਂ ਸੀ ਕਰਦੇ ਤੇ ਅਜ਼ਾਦ ਜੀਵਨ ਬਸਰ ਕਰਦੇ ਸਨ।

ਮੁਸਲਿਮ ਫ਼ਕੀਰਾਂ ਵਿੱਚ ਕਰਾਮਾਤ ਦੀ ਬੜਾ ਚਰਚਾ ਹੈ ਤੇ ਇਸ ਨੂੰ ਰੁਹਾਨੀ ਵਡਿਆਈ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਪਰ ਬਾਬਾ ਫ਼ਰੀਦ ਅਜਿਹੀਆਂ ਗੱਲਾਂ ਪਸੰਦ ਨਹੀਂ ਸਨ ਕਰਦੇ। ਇੱਕ ਵੇਰ ਸ਼ੇਖ਼ ਫ਼ਰੀਦ ਤੇ ਸ਼ੇਖ਼ ਬਹਾਉੱਦੀਨ ਸੈਰ ਕਰਦੇ ਦੂਰ ਨਿੱਕਲ਼ ਗਏ ਤੇ ਰਾਹ ਵਿੱਚ ਚਰਚਾ ਛਿੜ ਪਈ ਕਿ ਕਰਾਮਾਤ ਵੱਡੀ ਹੈ ਜਾਂ ਮੁਲਾਕਾਤ? ਬਾਬਾ ਫ਼ਰੀਦ ਇਨਸਾਨੀ ਮੁਲਾਕਾਤ ਨੂੰ ਵੱਡਾ ਕਹਿੰਦੇ ਸਨ ਤੇ ਬਹਾਉੱਦੀਨ ਕਰਾਮਾਤ ਨੂੰ। ਜਦੋਂ ਦੋਵੇਂ ਦਰਵੇਸ਼ ਚੱਲਦੇ-ਚੱਲਦੇ ਨਗਰ ਪਾਸ ਪਹੁੰਚੇ ਤਾਂ ਸਖ਼ਤ ਮੀਂਹ-ਹਨੇਰੀ ਆ ਗਈ ਤੇ ਤੂਫ਼ਾਨ ਝੁੱਲਣ ਲੱਗਾ। ਬਾਬਾ ਫ਼ਰੀਦ ਹੱਸ ਕੇ ਕਹਿਣ ਲੱਗੇ, "ਸ਼ੇਖ਼ ਜੀ, ਹੁਣ ਵਕਤ ਹੈ, ਕਰਾਮਾਤ ਦਿਖਾਓ ਤਾਂਕਿ ਆਫ਼ਤ ਤੋਂ ਬਚਾਅ ਹੋ ਸਕੇ।" ਸ਼ੇਖ਼ ਬਹਾਉੱਦੀਨ ਦਾ ਜਵਾਬ ਸੀ, "ਇੰਨੀ ਛੇਤੀ ਕਰਾਮਾਤ ਕਿਵੇਂ ਹੋ ਸਕਦੀ ਹੈ? ਮੈਂ ਕੀ ਕਰ ਸਕਦਾ ਹਾਂ?" ਸ਼ੇਖ਼ ਫ਼ਰੀਦ ਜੀ ਨੇ ਕਿਹਾ, "ਇਸ ਪਿੰਡ ਵਿੱਚ ਇੱਕ ਗ਼ਰੀਬੜਾ ਜਿਹਾ ਬੰਦਾ ਹੈ ਜੋ ਕਿ ਸਾਡਾ ਮੇਲੀ-ਮੁਲਾਕਾਤੀ ਹੈ, ਜਾਣੂ-ਪਛਾਣੂ ਹੈ, ਆਪਾਂ ਉਸ ਪਾਸ ਚੱਲਦੇ ਹਾਂ।" ਦੋਵੇਂ ਉਸ ਦੇ ਘਰ ਚਲੇ ਗਏ। ਉਸ ਨੇ ਆਦਰ ਨਾਲ਼ ਫ਼ਕੀਰਾਂ ਨੂੰ ਸਫ਼ 'ਤੇ ਬਠਾਇਆ, ਅੱਗ ਬਾਲ ਕੇ ਪਾਣੀ ਗਰਮ ਕੀਤਾ ਤੇ ਹੱਥ-ਪੈਰ ਧੁਆ ਕੇ ਸਰਦਾ-ਬਣਦਾ ਭੋਜਨ ਖੁਆਇਆ। ਅਖੀਰ ਇਸ ਪ੍ਰੇਮੀ-ਜਿਊੜੇ ਨੇ ਅਰਾਮ



Downloaded from https:// www.studiestoday.com

Downloaded from https:// www.studiestoday.com

ਲਈ ਕੱਪੜੇ ਵੀ ਵਿਛਾ ਦਿੱਤੇ। ਦੋਵੇਂ ਫ਼ਕੀਰ ਇਸ ਪਰਾਹੁਣਚਾਰੀ 'ਤੇ ਬੜੇ ਖ਼ੁਸ਼ ਹੋਏ। ਸ਼ੇਖ ਫ਼ਰੀਦ ਹੱਸ ਕੇ ਕਹਿਣ ਲੱਗੇ, "ਦੱਸੋ ਸ਼ੇਖ਼ ਜੀ! ਕਿਸ ਚੀਜ਼ ਵਿੱਚ ਵਡਿਆਈ ਹੈ?" ਬਹਾਉੱਦੀਨ ਦਾ ਜਵਾਬ ਸੀ ਕਿ, "ਤੁਹਾਡੀ ਗੱਲ ਠੀਕ ਹੈ, ਕਰਾਮਾਤ ਨਾਲ਼ੋਂ ਮੁਲਾਕਾਤ ਸੱਚ-ਮੁੱਚ ਵੱਡੀ ਹੈ।"

ਬਾਬਾ ਫ਼ਰੀਦ ਵੱਡ-ਪਰਿਵਾਰੇ ਗ੍ਰਹਿਸਥੀ ਪੁਰਸ਼ ਸਨ। ਆਪ ਦੀਆਂ ਤਿੰਨ ਸ਼ਾਦੀਆਂ ਸਨ, ਜਿਨ੍ਹਾਂ ਤੋਂ ਪੰਜ ਲੜਕੇ ਤੇ ਤਿੰਨ ਲੜਕੀਆਂ ਪੈਦਾ ਹੋਈਆਂ। ਆਪ ਦੇ ਪੁੱਤਰ ਖੇਤੀ-ਬਾੜੀ ਕਰ ਕੇ ਗੁਜ਼ਾਰਾ ਕਰਦੇ ਸਨ ਤੇ ਇੱਕ ਸਰਕਾਰੀ ਨੌਕਰੀ ਵਿੱਚ ਸੀ। ਪੁੱਤਰਾਂ ਨੂੰ ਖ਼ਿਆਲ ਸੀ ਕਿ ਚਿਸ਼ਤੀ ਫ਼ਿਰਕੇ ਦੀ ਗੱਦੀ ਖ਼ਾਨਦਾਨੀ ਤੌਰ 'ਤੇ ਸਾਨੂੰ ਮਿਲ਼ ਹੀ ਜਾਵੇਗੀ ਲੇਕਿਨ ਬਾਬਾ ਫ਼ਰੀਦ ਨੇ ਅੰਤ ਸਮੇਂ ਆਪਣਾ ਮੁਸੱਲਾ ਤੇ ਤਸਬੀ (ਮਾਲ਼ਾ) ਸੱਯਦ ਮਹਿਮੂਦ ਕਿਆਨੀ ਦੇ ਹੱਥ, ਸ਼ੇਖ਼ ਨਿਜ਼ਾਮੁਦੀਨ ਪਾਸ ਦਿੱਲੀ ਭੇਜ ਕੇ ਉਸ ਨੂੰ ਆਪਣਾ ਜਾਨਸ਼ੀਨ ਥਾਪ ਦਿੱਤਾ। ਇਸ ਤੋਂ ਜ਼ਾਹਰ ਹੈ ਕਿ ਆਪ ਦੇ ਦਿਲ ਵਿੱਚ ਆਪਣੇ ਪਰਿਵਾਰ ਦੀ ਵੀ ਬਹੁਤੀ ਖਿੱਚ ਨਹੀਂ ਸੀ। ਉਹ ਜਿਸ ਨੂੰ ਰੂਹਾਨੀ ਤੌਰ 'ਤੇ ਉੱਤਮ ਸਮਝਦੇ ਸਨ, ਉਸੇ ਨੂੰ ਉਹਨਾਂ ਗੱਦੀ ਦਿੱਤੀ।

ਬੁਢਾਪੇ ਸਮੇਂ ਆਪ ਦਾ ਸਰੀਰ ਕਾਫ਼ੀ ਕਮਜ਼ੋਰ ਹੋ ਗਿਆ ਸੀ। ਇਸ ਕਰ ਕੇ ਉਹ ਡੰਗੋਰੀ ਫੜ ਕੇ ਤੁਰਨ ਲੱਗ ਪਏ ਪਰ ਇਹ ਗੱਲ ਉਹਨਾਂ ਨੂੰ ਉਂਞ ਚੰਗੀ ਨਹੀਂ ਸੀ ਲੱਗਦੀ। ਇੱਕ ਦਿਨ ਅਜਿਹਾ ਰੋਹ ਆਇਆ ਕਿ ਸੋਟੀ ਦੂਰ ਵਗਾਹ ਕੇ ਮਾਰੀ। ਕਹਿਣ ਲੱਗੇ, "ਮੈਂ ਅੱਛਾ ਨਹੀਂ ਕੀਤਾ ਕਿ ਇੱਕ ਅੱਲਾ ਤੋਂ ਬਗ਼ੈਰ ਕਿਸੇ ਹੋਰ 'ਤੇ ਭਰੋਸਾ ਕੀਤਾ ਤੇ ਕਿਸੇ ਫ਼ਕੀਰ ਨੂੰ ਤਾਂ ਇਹ ਬਿਲਕੁਲ ਨਹੀਂ ਕਰਨਾ ਚਾਹੀਦਾ।" ਇਸ ਤਰ੍ਹਾਂ ਦਾ ਸੀ, ਉਹਨਾਂ ਦਾ ਇਲਾਹੀ ਇਤਕਾਦ।

ਅਖੀਰ 15 ਅਕਤੂਬਰ 1265 ਈਸਵੀ ਨੂੰ ਪਾਕਪਟਨ ਵਿੱਚ ਹੀ ਆਪ ਦਾ ਦਿਹਾਂਤ ਹੋਇਆ। ਇੱਥੇ ਆਪ ਦਾ ਮਕਬਰਾ ਬਣਿਆ ਹੋਇਆ ਹੈ।

## ਪਾਠ-ਅਭਿਆਸ

1. ਦੱਸੋ :

(ੳ) ਬਾਬਾ ਫ਼ਰੀਦ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ? ਉਹਨਾਂ ਦੇ ਮਾਤਾ-ਪਿਤਾ ਦਾ ਨਾਂ ਕੀ ਸੀ?

(ਅ) ਬਾਬਾ ਫ਼ਰੀਦ ਜੀ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰਦੇ ਸਨ?

(ੲ) ਬਾਬਾ ਫ਼ਰੀਦ ਜੀ ਦਾ ਕੀ ਉਪਦੇਸ਼ ਸੀ? ਉਹਨਾਂ ਦੇ ਉਪਦੇਸ਼ ਦੀ ਪ੍ਰੋੜ੍ਹਤਾ ਕਰਦੀ ਘਟਨਾ ਆਪਣੇ ਸ਼ਬਦਾਂ ਵਿੱਚ ਲਿਖੋ।

(ਸ) 'ਫ਼ਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲ ਅੰਧਿਆਰੀ ਰਾਤਿ।'
ਉਪਰੋਕਤ ਸਲੋਕ ਦਾ ਭਾਵ ਸਪਸ਼ਟ ਕਰੋ।

(ਹ) ਬਾਬਾ ਫ਼ਰੀਦ ਜੀ ਮੁਲਾਕਾਤ ਅਤੇ ਕਰਾਮਾਤ ਵਿੱਚੋਂ ਕਿਹੜੀ ਗੱਲ ਨੂੰ ਵੱਡਾ ਕਹਿੰਦੇ ਸਨ? ਇਹ ਗੱਲ ਉਹਨਾਂ ਨੇ ਕਿਵੇਂ ਸੱਚੀ ਸਿੱਧ ਕਰ ਕੇ ਦਿਖਾਈ?

2. ਔਖੇ ਸ਼ਬਦਾਂ ਦੇ ਅਰਥ

ਸੂਫ਼ੀ : ਮੁਸਲਮਾਨ ਸਾਂਈਂ ਲੋਕਾਂ ਦਾ ਇੱਕ ਫ਼ਿਰਕਾ ਜੋ ਕਾਲ਼ੇ ਸੂਫ਼ ਦੇ ਕੱਪੜੇ ਪਹਿਨਦੇ ਹਨ।



Downloaded from https:// www.studiestoday.com

Downloaded from https:// www.studiestoday.com

| | | |
|---|---|---|
| ਸ਼ਰ੍ਹਾ-ਸ਼ਰੀਅਤ | : | ਇਸਲਾਮ ਧਰਮ ਦੇ ਰੀਤੀ-ਰਿਵਾਜ |
| ਰੁੱਕਾ | : | ਕਾਗ਼ਜ਼ ਦੇ ਟੁਕੜੇ 'ਤੇ ਲਿਖੀ ਚਿੱਠੀ ਜਾਂ ਸੁਨੇਹਾ |
| ਸਬਕ | : | ਮੱਤ, ਸਿੱਖਿਆ, ਉਪਦੇਸ਼, ਪਾਠ |
| ਅਰਸਾ | : | ਸਮਾਂ, ਚਿਰ, ਦੇਰ |
| ਮਧੁਰਤਾ | : | ਮਿਠਾਸ |
| ਮਨੋਹਰ | : | ਮਨ ਨੂੰ ਖਿੱਚ ਲੈਣ ਵਾਲ਼ਾ, ਸੋਹਣਾ, ਸੁੰਦਰ |
| ਤਾਕੀਦ | : | ਪਕਿਆਈ, ਪ੍ਰੌੜ੍ਹਤਾ |
| ਦ੍ਵੈਸ਼ | : | ਦੁਸ਼ਮਣੀ, ਈਰਖਾ, ਵੈਰ |
| ਪ੍ਰਪੰਚ | : | ਅਡੰਬਰ, ਢੌਂਗ, ਛਲ਼, ਕਪਟ, ਧੋਖਾ |
| ਮੁਸੱਲਾ | : | ਨਮਾਜ਼ ਪੜ੍ਹਨ ਦਾ ਆਸਣ |
| ਦਰਵੇਸ਼ | : | ਮੁਸਲਮਾਨ ਫ਼ਕੀਰ, ਸੰਤ |
| ਮੰਗੋਲ | : | ਮੱਧ ਏਸ਼ੀਆ ਅਤੇ ਉਸ ਦੇ ਪੂਰਬ ਵੱਲ ਵੱਸਣ ਵਾਲ਼ੀ ਇੱਕ ਜਾਤ |
| ਜਾਬਰ | : | ਜ਼ਾਲਮ, ਜਬਰ ਕਰਨ ਵਾਲ਼ਾ, ਧੱਕੇਬਾਜ਼ |
| ਇਲਾਹੀ ਇਤਕਾਦ | : | ਰੱਬ ਵਿੱਚ ਵਿਸ਼ਵਾਸ |
| ਇਮਦਾਦ | : | ਮਦਦ, ਸਹਾਇਤਾ |
| ਸੂਫ਼ | : | ਕੱਪੜੇ ਦੀ ਇੱਕ ਕਿਸਮ |

3. ਵਾਕਾਂ ਵਿੱਚ ਵਰਤੋ :

ਸੂਫ਼ੀ, ਸਬਰ-ਸੰਤੋਖ, ਨਿਵਾਸ, ਗੁਜ਼ਾਰਾ, ਵਿਹਾਰ, ਆਫ਼ਤ, ਤਾਕੀਦ, ਅਨੁਮਾਨ, ਜ਼ਾਹਰ, ਜਾਨਸ਼ੀਨ, ਸੰਦੇਸ਼, ਅਹਿਸਾਨ

ਵਿਆਕਰਨ : ਪਿਛਲੇ ਪਾਠ ਵਿੱਚ ਤੁਸੀਂ ਪੁਰਖ – ਵਾਚਕ ਪੜਨਾਂਵ ਬਾਰੇ ਪੜ੍ਹਿਆ ਹੈ।

2. ਨਿੱਜ-ਵਾਚਕ ਪੜਨਾਂਵ : ਜਿਹੜਾ ਸ਼ਬਦ ਕਰਤਾ ਦੇ ਨਾਲ਼ ਆ ਕੇ ਜਾਂ ਉਸ ਵਾਕ ਦੇ ਕਰਤਾ ਦੀ ਥਾਂ ਵਰਤਿਆ ਜਾਵੇ, ਉਸ ਨੂੰ ਨਿੱਜ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :

(ੳ) ਮੁਢਲੀ ਵਿੱਦਿਆ ਹਾਸਲ ਕਰ ਕੇ ਆਪ ਮੁਲਤਾਨ ਚਲੇ ਗਏ।

(ਅ) ਸਾਨੂੰ ਆਪਸ ਵਿੱਚ ਪਿਆਰ ਨਾਲ਼ ਰਹਿਣਾ ਚਾਹੀਦਾ ਹੈ।

(ੲ) ਜਿਹੜੇ ਲੋਕ ਨਸ਼ੇ ਵਰਤਦੇ ਹਨ, ਉਹ ਆਪਣੇ-ਆਪ ਨੂੰ ਤਬਾਹ ਕਰ ਲੈਂਦੇ ਹਨ।

ਇਹਨਾਂ ਵਾਕਾਂ ਵਿੱਚ ਆਪ, ਆਪਸ, ਆਪਣੇ-ਆਪ, ਨਿੱਜ-ਵਾਚਕ ਪੜਨਾਂਵ ਹਨ।

3. ਨਿਸ਼ਚੇ-ਵਾਚਕ ਪੜਨਾਂਵ : ਜਿਹੜੇ ਪੜਨਾਂਵ ਕਿਸੇ ਦੂਰ ਜਾਂ ਨੇੜੇ ਦੀ ਦਿਸਦੀ ਚੀਜ਼ ਵੱਲ ਇਸ਼ਾਰਾ ਕਰ ਕੇ ਉਸ ਦੇ ਨਾਂ ਦੀ ਥਾਂ ਵਰਤੇ ਜਾਣ, ਉਹਨਾਂ ਨੂੰ ਨਿਸ਼ਚੇ-ਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ :

(ੳ) ਅਹੁ ਕੁਝ ਬਣ ਰਿਹਾ ਹੈ।

(ਅ) ਭਾਈ ਪ੍ਰੇਮੀਆ ! ਤੂੰ ਇਹ ਲੈ ਜਾ, ਇਹ ਤਾਂ ਕੱਟਣ ਵਾਲ਼ੀ ਤੇ ਚੀਰ-ਫਾੜ ਕਰਨ ਵਾਲ਼ੀ ਚੀਜ਼ ਹੈ।

ਇਹਨਾਂ ਵਾਕਾਂ ਵਿੱਚ 'ਅਹੁ' ਅਤੇ 'ਇਹ' ਨਿਸ਼ਚੇ-ਵਾਚਕ ਪੜਨਾਂਵ ਹਨ।

4. ਅਨਿਸ਼ਚੇ-ਵਾਚਕ ਪੜਨਾਂਵ : ਉਸ ਪੜਨਾਂਵ ਨੂੰ ਅਨਿਸ਼ਚੇ-ਵਾਚਕ ਪੜਨਾਂਵ ਕਹਿੰਦੇ ਹਨ, ਜਿਸ ਤੋਂ ਕਿਸੇ ਵਿਅਕਤੀ, ਜੀਵ, ਵਸਤੂ, ਸਥਾਨ ਆਦਿ ਦਾ ਸਪਸ਼ਟ ਜਾਂ ਨਿਸ਼ਚਿਤ ਗਿਆਨ ਨਾ ਹੋਵੇ, ਜਿਵੇਂ :



Downloaded from https:// www.studiestoday.com

Downloaded from https:// www.studiestoday.com

(ੳ) ਜੇ ਕੋਈ ਸ਼ਰ੍ਹਾ-ਸ਼ਰੀਅਤ ਨਿਭਾਉਂਦਾ ਅੰਦਰੋਂ ਸੱਚਾ-ਸੁੱਚਾ ਨਹੀਂ ਸੀ ਤਾਂ ਉਹ ਵੀ ਉਹਨਾਂ ਦੀ ਨਜ਼ਰ ਵਿੱਚ ਪ੍ਰਵਾਨ ਨਹੀਂ ਸੀ।

(ਅ) ਬਾਬਾ ਫ਼ਰੀਦ ਜੀ ਦੇ ਕਈ ਮੁਰੀਦ ਸਨ।

ਇਹਨਾਂ ਵਾਕਾਂ ਵਿੱਚ 'ਕੋਈ' ਅਤੇ 'ਕਈ' ਅਨਿਸ਼ਚੇ-ਵਾਚਕ ਪੜਨਾਂਵ ਹਨ।

5. ਸੰਬੰਧ-ਵਾਚਕ ਪੜਨਾਂਵ : ਜਿਹੜਾ ਸ਼ਬਦ ਨਾਂਵ ਸ਼ਬਦ ਦੀ ਥਾਂ ਵਰਤਿਆ ਜਾਵੇ ਤੇ ਯੋਜਕਾਂ ਵਾਂਗ ਦੋ ਵਾਕਾਂ ਨੂੰ ਆਪਸ ਵਿੱਚ ਜੋੜੇ, ਉਸ ਨੂੰ ਸੰਬੰਧ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :

(ੳ) ਉਹ ਲੋਕ ਜੋ ਆਪਸ ਵਿੱਚ ਪਿਆਰ ਕਰਦੇ ਹਨ, ਸੁਖੀ ਵੱਸਦੇ ਹਨ।

(ਅ) ਬਾਬਾ ਫ਼ਰੀਦ ਜੀ ਦੀ ਜਿਹੜੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ, ਅੱਜ ਵੀ ਸਾਰਥਕ ਹੈ।

ਇਹਨਾਂ ਵਾਕਾਂ ਵਿੱਚ 'ਜੋ' ਅਤੇ 'ਜਿਹੜੀ' ਸ਼ਬਦ ਸੰਬੰਧ - ਵਾਚਕ ਪੜਨਾਂਵ ਹਨ।

6. ਪ੍ਰਸ਼ਨ-ਵਾਚਕ ਪੜਨਾਂਵ : ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ ਪਰ ਨਾਲ਼ ਹੀ ਉਸ ਦੁਆਰਾ ਕੋਈ ਪੁੱਛ-ਗਿੱਛ ਕੀਤੀ ਜਾਵੇ, ਉਸ ਨੂੰ ਪ੍ਰਸ਼ਨ-ਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ :-

(ੳ) ਉੱਚੀ ਕਰਨੀ ਵਾਲ਼ੇ ਫ਼ਕੀਰ ਕੌਣ ਸਨ ?

(ਅ) ਬਾਬਾ ਫ਼ਰੀਦ ਜੀ ਕੋਲ਼ ਕੈਂਚੀ ਲੈ ਕੇ ਕੌਣ ਆਇਆ ਸੀ ?

(ੲ) ਬਾਬਾ ਫ਼ਰੀਦ ਜੀ ਨੇ ਕਿਹੜੀ ਭਾਸ਼ਾ 'ਚ ਰਚਨਾ ਕੀਤੀ ?

ਇਹਨਾਂ ਵਾਕਾਂ ਵਿੱਚ 'ਕੌਣ', ਅਤੇ 'ਕਿਹੜੀ' ਸ਼ਬਦ ਪ੍ਰਸ਼ਨ - ਵਾਚਕ ਪੜਨਾਂਵ ਹਨ।

- ਹੇਠਾਂ ਦਿੱਤੇ ਵਾਕਾਂ ਵਿੱਚ ਲਕੀਰੇ ਸ਼ਬਦ ਕਿਹੜੀ ਕਿਸਮ ਦੇ ਪੜਨਾਂਵ ਹਨ :

(ੳ) ਆਪ ਦਾ ਜਨਮ ਮੁਲਤਾਨ ਦੇ ਇੱਕ ਨਿੱਕੇ ਜਿਹੇ ਪਿੰਡ ਕੋਠੀਵਾਲ ਵਿੱਚ ਹੋਇਆ।

(ਅ) ਉਹ ਜਿਸ ਨੂੰ ਰੂਹਾਨੀ ਤੌਰ 'ਤੇ ਉੱਤਮ ਸਮਝਦੇ ਸਨ, ਉਸ ਨੂੰ ਉਹਨਾਂ ਗੱਦੀ ਦਿੱਤੀ।

(ੲ) "ਭਾਈ ਪ੍ਰੇਮੀਆ ! ਤੂੰ ਇਹ ਲੈ ਜਾ, ਇਹ ਤਾਂ ਕੱਟਣ ਵਾਲ਼ੀ ਤੇ, ਚੀਰ ਫਾੜ ਕਰਨ ਵਾਲ਼ੀ ਚੀਜ਼ ਹੈ ਤੇ ਸਾਡਾ ਕੰਮ ਕੱਟਣਾ - ਤੋੜਨਾ ਨਹੀਂ, ਸਗੋਂ ਜੋੜਨਾ ਹੈ।"

(ਸ) ਸ਼ੇਖ਼ ਬਹਾਉਦੀਨ ਦਾ ਜਵਾਬ ਸੀ, "ਇਤਨੀ ਛੇਤੀ ਕਰਾਮਾਤ ਕਿਵੇਂ ਹੋ ਸਕਦੀ ਹੈ ? ਮੈਂ ਕੀ ਕਰ ਸਕਦਾ ਹਾਂ ?"

(ਹ) ਸਾਨੂੰ ਸਰਬੱਤ ਦਾ ਭਲਾ ਮੰਗਣਾ ਚਾਹੀਦਾ ਹੈ।

**ਪੜ੍ਹੋ ਤੇ ਸਮਝੋ :**

**ਫ਼ਰੀਦ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ**
**ਦਰਵੇਸਾ ਨੋ ਲੋੜੀਐ ਰੁੱਖਾਂ ਦੀ ਜੀਰਾਂਦਿ ॥'**



Downloaded from https:// www.studiestoday.com

Downloaded from https:// www.studiestoday.com

## ਪਾਠ-9

# ਪੰਜਾਬ

ਪੰਜਾਬ! ਕਰਾਂ ਕੀ ਸਿਫ਼ਤ ਤਿਰੀ, ਸ਼ਾਨਾਂ ਦੇ ਸਭ ਸਾਮਾਨ ਤਿਰੇ,
ਜਲ, ਪੌਣ ਤਿਰਾ, ਹਰਿਔਲ ਤਿਰੀ, ਦਰਯਾ, ਪਰਬਤ, ਮੈਦਾਨ ਤਿਰੇ।
ਭਾਰਤ ਦੇ ਸਿਰ ਤੇ ਛਤ੍ਰ ਤਿਰਾ, ਤੇਰੇ ਸਿਰ ਛਤ੍ਰ ਹਿਮਾਲਾ ਦਾ,
ਮੋਢੇ ਤੇ ਚਾਦਰ ਬਰਫਾਂ ਦੀ, ਸੀਨੇ ਵਿੱਚ ਸੇਕ ਜੁਆਲਾ ਦਾ।
ਖੱਬੇ ਹੱਥ ਬਰਛੀ ਜਮਨਾ ਦੀ, ਸੱਜੇ ਹੱਥ ਖੜਗ ਅਟਕ ਦਾ ਹੈ,
ਪਿਛਵਾੜੇ ਬੰਦ ਚਟਾਨਾਂ ਦਾ, ਕੋਈ ਵੈਰੀ ਤੋੜ ਨਾ ਸਕਦਾ ਹੈ।
ਅਰਸ਼ੀ ਬਰਕਤ ਰੂੰ ਵਾਂਗ ਉਤਰ, ਚਾਂਦੀ ਦੇ ਢੇਰ ਲਗਾਂਦੀ ਹੈ,
ਚਾਂਦੀ ਢਲ਼ ਕੇ ਵਿਛਦੀ ਹੈ, ਤੇ ਸੋਨਾ ਬਣਦੀ ਜਾਂਦੀ ਹੈ।

ਤੂੰ ਅੰਦਰੋਂ ਬਾਹਰੋਂ ਨਿੱਘਾ ਹੈਂ, ਨਾ ਗਰਮੀ ਹੈ ਨਾ ਪਾਲ਼ਾ ਹੈ,
ਨਾ ਬਾਹਰ ਕੋਈ ਦਿਖਲਾਵਾ ਹੈ, ਨਾ ਅੰਦਰ ਕਾਲ਼ਾ-ਕਾਲ਼ਾ ਹੈ।
ਜੋਬਨ ਵਿੱਚ ਝਲਕ ਜਲਾਲੀ ਹੈ, ਨੈਣਾਂ ਵਿੱਚ ਮਟਕ ਨਿਰਾਲੀ ਹੈ,
ਹਿੱਕਾਂ ਵਿੱਚ ਹਿੰਮਤ ਆਲੀ ਹੈ, ਚਿਹਰੇ ਤੇ ਗਿੱਠ-ਗਿੱਠ ਲਾਲੀ ਹੈ।
ਕਿਆ ਚੂੜੇ-ਬੀੜੇ ਫਬਦੇ ਨੇ, ਜੋਬਨ-ਮੱਤੀਆਂ ਮੁਟਿਆਰਾਂ ਦੇ,
ਜਦ ਪਾਣ ਮਧਾਣੀ ਚਾਟੀ ਵਿੱਚ, ਤਦ ਸ਼ੋਰ ਉਠਣ ਘਮਕਾਰਾਂ ਦੇ।
ਕੋਈ ਤੁੰਬਦੀ ਹੈ, ਕੋਈ ਕੱਤਦੀ ਹੈ, ਕੋਈ ਪੀਂਹਦੀ ਹੈ, ਕੋਈ ਛੜਦੀ ਹੈ।
ਕੋਈ ਸਿਉਂਦੀ, ਕੋਈ ਪਰੋਂਦੀ ਹੈ, ਕੋਈ ਵੇਲਾਂ-ਬੂਟੇ ਕੱਢਦੀ ਹੈ।
ਪਿੱਪਲ਼ਾਂ ਦੀ ਛਾਂਵੇਂ ਪੀਂਘਾਂ ਨੂੰ, ਕੁੱਦ-ਕੁੱਦ ਕੇ ਮਸਤੀ ਚੜ੍ਹਦੀ ਹੈ,
ਟੁੰਬਦਾ ਹੈ ਜੋਸ਼ ਜਵਾਨੀ ਨੂੰ, ਇੱਕ ਛੱਡਦੀ ਹੈ, ਇੱਕ ਫੜਦੀ ਹੈ।
ਜਦ ਰਾਤ ਚਾਨਣੀ ਖਿੜਦੀ ਹੈ, ਕੋਈ ਰਾਗ ਇਲਾਹੀ ਛਿੜਦਾ ਹੈ,
ਗਿੱਧੇ ਨੂੰ ਲੋਹੜਾ ਆਂਦਾ ਹੈ, ਜੋਬਨ ਤੇ ਬਿਰਹਾ ਭਿੜਦਾ ਹੈ।



Downloaded from https:// www.studiestoday.com

Downloaded from https:// www.studiestoday.com

ਵੰਝਲ਼ੀ ਵਹਿਣਾਂ ਵਿੱਚ ਰੁੜ੍ਹਦੀ ਹੈ, ਜਦ ਤੂੰਬਾ ਸਿਰ ਧੁਣਿਆਂਦਾ ਹੈ,
ਮਿਰਜ਼ਾ ਪਿਆ ਕੂਕਾ ਛੱਡਦਾ ਹੈ, ਤੇ ਵਾਰਸ ਹੀਰ ਸੁਣਾਂਦਾ ਹੈ।
ਖੂਹਾਂ 'ਤੇ ਟਿੱਚ-ਟਿੱਚ ਹੁੰਦੀ ਹੈ, ਖੇਤਾਂ ਵਿੱਚ ਹਲ਼ ਪਏ ਧੱਸਦੇ ਨੇ,
ਭੱਤੇ ਛਾਹ ਵੇਲ਼ੇ ਢੁਕਦੇ ਨੇਂ, ਹਾਲ਼ੀ ਤੱਕ-ਤੱਕ ਕੇ ਹੱਸਦੇ ਨੇ।
ਤੇਰੀ ਮਾਖਿਉਂ ਮਿੱਠੀ ਬੋਲੀ ਦੀ, ਸਿਫ਼ਤ ਕਰਦਿਆਂ ਜੀਅ ਨਾ ਰੱਜਦਾ ਹੈ,
ਉਰਦੂ ਹਿੰਦੀ ਦਿਆਂ ਸਾਜ਼ਾਂ ਵਿੱਚ, ਸੁਰ-ਤਾਲ ਤਿਰਾ ਹੀ ਵੱਜਦਾ ਹੈ।

ਵੱਸੇ-ਰਸੇ, ਘਰ-ਬਾਰ ਤਿਰਾ, ਜੀਵੇ ਜਾਗੇ ਪਰਵਾਰ ਤਿਰਾ,
ਮਸਜਿਦ, ਮੰਦਿਰ, ਦਰਬਾਰ ਤਿਰਾ, ਮੀਆਂ, ਲਾਲਾ, ਸਰਦਾਰ ਤਿਰਾ।
ਦੁਨੀਆਂ ਸਾਰੀ ਭੀ ਸੋਹਣੀ ਹੈ, ਪਰ ਤੇਰਾ ਰੰਗ ਨਿਆਰਾ ਹੈ,
ਤੇਰੀ ਮਿੱਟੀ ਦਾ ਕੁੱਲਾ ਭੀ, ਸ਼ਾਹੀ ਮਹਿਲਾਂ ਤੋਂ ਪਿਆਰਾ ਹੈ।
ਤੇਰੇ ਜ਼ੱਰੇ-ਜ਼ੱਰੇ ਅੰਦਰ, ਅਪਣੱਤ ਜਿਹੀ ਕੋਈ ਵੱਸਦੀ ਹੈ,
ਤੇਰੀ ਗੋਦੀ ਵਿੱਚ ਬਹਿੰਦਿਆਂ ਹੀ, ਦੁਨੀਆਂ ਦੀ ਚਿੰਤਾ ਨੱਸਦੀ ਹੈ।
ਦਰਗਾਹੀ ਸੱਦੇ ਆ ਗਏ ਨੇ, ਸਾਮਾਨ ਤਿਆਰ ਸਫ਼ਰ ਦਾ ਹੈ,
ਪਰ ਤੇਰੇ ਬੂਹਿਓਂ ਹਿੱਲਣ ਨੂੰ 'ਚਾਤ੍ਰਿਕ' ਦਾ ਜੀਅ ਨਹੀਂ ਕਰਦਾ ਹੈ।

## ਪਾਠ-ਅਭਿਆਸ

1. ਦੱਸੋ :

(ੳ) 'ਪੰਜਾਬ' ਕਵਿਤਾ ਵਿੱਚ ਕਵੀ ਨੇ ਪੰਜਾਬ ਦੀ ਭੂਗੋਲਿਕ ਹਾਲਤ ਨੂੰ ਕਿਵੇਂ ਬਿਆਨ ਕੀਤਾ ਹੈ?

(ਅ) ਕਵੀ ਪੰਜਾਬ ਦੀਆਂ ਮੁਟਿਆਰਾਂ ਦੀ ਸਿਫ਼ਤ ਕਿਵੇਂ ਕਰਦਾ ਹੈ?

(ੲ) ਘਰੇਲੂ ਕੰਮ-ਕਾਜ ਕਰਦੀਆਂ ਪੰਜਾਬਣਾਂ ਦਾ ਦ੍ਰਿਸ਼-ਵਰਨਣ ਕਿਵੇਂ ਕੀਤਾ ਗਿਆ ਹੈ?

(ਸ) ਵਿਹਲੇ ਸਮੇਂ ਵਿੱਚ ਪੰਜਾਬੀ ਆਪਣਾ ਮਨੋਰੰਜਨ ਕਿਵੇਂ ਕਰਦੇ ਹਨ?

2. ਹੇਠ ਲਿਖੀਆਂ ਸਤਰਾਂ ਦੇ ਭਾਵ ਸਪਸ਼ਟ ਕਰੋ :

(ੳ) ਅਰਸ਼ੀ ਬਰਕਤ ਰੂੰ ਵਾਂਗ ਉਤਰ, ਚਾਂਦੀ ਦੇ ਢੇਰ ਲਗਾਂਦੀ ਹੈ,
ਚਾਂਦੀ ਢਲ਼ ਕੇ ਵਿਛਦੀ ਹੈ, ਤੇ ਸੋਨਾ ਬਣਦੀ ਜਾਂਦੀ ਹੈ।



Downloaded from https:// www.studiestoday.com

Downloaded from https:// www.studiestoday.com

(ਅ) ਤੇਰੀ ਮਾਖਿਉਂ ਮਿੱਠੀ ਬੋਲੀ ਦੀ, ਸਿਫ਼ਤ ਕਰਦਿਆਂ ਜੀਅ ਨਾ ਰੱਜਦਾ ਹੈ,
ਉਰਦੂ ਹਿੰਦੀ ਦਿਆਂ ਸਾਜ਼ਾਂ ਵਿੱਚ, ਸੁਰ-ਤਾਲ ਤਿਰਾ ਹੀ ਵੱਜਦਾ ਹੈ।

(ੲ) ਤੇਰੇ ਜ਼ੱਰੇ-ਜ਼ੱਰੇ ਅੰਦਰ, ਅਪਣੱਤ ਜਿਹੀ ਕੋਈ ਵੱਸਦੀ ਹੈ,
ਤੇਰੀ ਗੋਦੀ ਵਿੱਚ ਬਹਿੰਦਿਆਂ ਹੀ, ਦੁਨੀਆਂ ਦੀ ਚਿੰਤਾ ਨੱਸਦੀ ਹੈ।

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਤਿਰੀ | : | ਤੇਰੀ |
| ਸਾਮਾਨ | : | ਸਮਾਨ, ਸਮਗਰੀ |
| ਹਰਿਔਲ | : | ਹਰਿਆਵਲ |
| ਛਤ੍ਰ | : | ਛਤਰ |
| ਜੁਆਲਾ | : | ਅੱਗ ਦੀ ਲਾਟ, ਤਪਸ਼ |
| ਅਰਸ਼ੀ | : | ਅਸਮਾਨੀ, ਅਕਾਸ਼ੀ, ਅਲੋਕਾਰ |
| ਮਟਕ | : | ਮਜਾਜ਼, ਨਖ਼ਰਾ, ਨਜ਼ਾਕਤ |
| ਆਲੀ | : | ਵੱਡੀ, ਉੱਚੀ |
| ਬੀੜੇ | : | ਕੱਪੜੇ ਜਾਂ ਧਾਗੇ ਦੇ ਬਣੇ ਹੋਏ ਬਟਨ |
| ਤੁੰਬਦੀ | : | ਰੂੰ ਤੁੰਬਦੀ |
| ਛੜਦੀ | : | ਛਿਲਕਾ ਲਾਹੁਣ ਲਈ ਮੋਹਲ਼ੇ ਨਾਲ਼, ਅਨਾਜ ਕੁੱਟਦੀ |
| ਇਲਾਹੀ | : | ਰੱਬੀ |
| ਬਿਰਹਾ | : | ਵਿਛੋੜਾ, ਜੁਦਾਈ |
| ਵੰਝਲ਼ੀ | : | ਬੰਸਰੀ |
| ਵਹਿਣਾਂ | : | ਖ਼ਿਆਲਾਂ, ਸੋਚਾਂ |
| ਧੁਨਿਆਂਦਾ | : | ਟੁਣਕਾਰ ਪੈਦਾ ਕਰਦਾ |
| ਧੱਸਦੇ | : | ਖੁਭਦੇ |
| ਮਾਖਿਉਂ | : | ਮਾਖਿਓਂ, ਸ਼ਹਿਦ |
| ਛਾਹ - ਵੇਲ਼ਾ | : | ਸਵੇਰ ਦਾ ਭੋਜਨ |
| ਭੱਤੇ | : | ਖੇਤਾਂ ਵਿੱਚ ਲਿਆਂਦਾ ਭੋਜਨ |
| ਨਿਆਰਾ | : | ਵੱਖਰਾ |
| ਅਪਣੱਤ | : | ਆਪਣਾਪਣ |

4. ਵਾਕ ਬਣਾਓ :

ਬਰਕਤ, ਨਿਰਾਲੀ, ਹਿੰਮਤ, ਸਿਫ਼ਤ, ਸੁਰ-ਤਾਲ, ਜ਼ੱਰੇ-ਜ਼ੱਰੇ, ਨਿਆਰਾ

ਇਸ ਪਾਠ ਵਿੱਚ ਆਏ ਪੰਜਾਬੀ ਸੱਭਿਆਚਾਰ ਨਾਲ਼ ਸੰਬੰਧਿਤ ਸ਼ਬਦਾਂ ਦੀ ਸੂਚੀ ਬਣਾਓ।



Downloaded from https:// www.studiestoday.com

Downloaded from https:// www.studiestoday.com

ਪਾਠ–10

# ਹਰਿਆਵਲ ਦੇ ਬੀਜ

ਦੂਰ ਤੱਕ ਤਪਦਾ ਹੋਇਆ ਮਾਰੂਥਲ ਸੀ। ਉੱਥੇ ਤਿੱਖੀਆਂ–ਤੁਰਸ਼ ਹਵਾਵਾਂ ਵਗ ਰਹੀਆਂ ਸਨ। ਚੁਫੇਰੇ ਉੱਡਦੀ ਹੋਈ ਰੇਤ ਸੀ।

ਬਹੁਤ ਪਹਿਲੋਂ ਉੱਥੇ ਹਰਾ–ਭਰਾ ਜੰਗਲ਼ ਹੁੰਦਾ ਸੀ। ਇੱਕ ਫ਼ਕੀਰ ਉਸ ਪਾਸਿਓਂ ਦੀ ਲੰਘਿਆ। ਉਹਨੇ ਵੇਖਿਆਂ ਲੋਕ ਪਾਗਲਾਂ ਵਾਂਗ ਰੁੱਖ ਵੱਢ ਰਹੇ ਸਨ। ਫ਼ਕੀਰ ਨੇ ਲੋਕਾਂ ਨੂੰ ਆਖਿਆ, "ਇਸ ਤਰ੍ਹਾਂ ਤਾਂ ਤੁਸੀਂ ਉੱਜੜ ਜਾਣਾ ਏਂ।"

ਉਹ ਲੋਕ ਕਈ ਸਾਲਾਂ ਤੋਂ ਜੰਗਲ਼ ਕੱਟ ਰਹੇ ਸਨ। ਉਹ ਲੱਕੜਾਂ ਵੇਚ–ਵੇਚ ਕੇ ਅਮੀਰ ਹੋਏ ਸਨ। ਉਹਨਾਂ ਨੂੰ ਫ਼ਕੀਰ ਦੀ ਗੱਲ ਮੂਰਖ਼ਤਾ ਭਰੀ ਲੱਗੀ।

ਉਹ ਹੱਸੇ ਤੇ ਪਹਿਲਾਂ ਵਾਂਗੂੰ ਹੀ ਰੁੱਖ ਵੱਢਦੇ ਰਹੇ। ਹੌਲ਼ੀ–ਹੌਲ਼ੀ ਜੰਗਲ਼ ਮੁੱਕ ਗਏ। ਫੇਰ ਹੜ੍ਹ ਵੀ ਆਏ। ਹੜ੍ਹਾਂ ਦਾ ਪਾਣੀ ਸੋਖਣ ਲਈ ਉੱਥੇ ਰੁੱਖ ਹੀ ਨਹੀਂ ਸਨ। ਹੜ੍ਹਾਂ ਨੇ ਤਬਾਹੀ ਵੀ ਕੀਤੀ ਤੇ ਪਾਣੀ ਜ਼ਰਖ਼ੇਜ਼ ਮਿੱਟੀ ਨੂੰ ਵੀ ਰੋੜ੍ਹ ਕੇ ਲੈ ਗਿਆ। ਲੋਕ ਨੰਗ–ਮੁਨੰਗੀ ਧਰਤੀ ਉੱਤੇ ਬੈਠੇ ਰਹਿ ਗਏ। ਹਰਿਆ–ਭਰਿਆ ਦੇਸ ਮਾਰੂਥਲ ਹੋ ਗਿਆ। ਤੇਜ਼ ਹਵਾਵਾਂ ਨਿੱਤ–ਦਿਨ ਵਗਦੀਆਂ ਉਸ ਧਰਤੀ ਉੱਤੇ ਰੇਤ ਵਿਛਾ ਕੇ ਤੁਰ ਜਾਂਦੀਆਂ।

ਇੱਕ ਵਾਰ ਹਵਾ ਨੇ ਝੱਖੜ ਦਾ ਰੂਪ ਲੈ ਲਿਆ। ਬੇਰੰਗ ਜਿਹੇ ਢਾਰੇ ਜੜ੍ਹਾਂ ਤੋਂ ਉੱਖੜ ਗਏ। ਰੇਤਥਲ ਦਾ ਤੂਫ਼ਾਨ ਬਹੁਤ ਮਾਰੂ ਸੀ। ਝੱਖੜ ਦਾ ਵੇਗ ਲੋਕਾਂ ਨੂੰ ਅਣਕਿਆਸੇ ਥਾਂਵਾਂ ਵੱਲ ਉਡਾ ਕੇ ਲੈ ਗਿਆ।

ਵੱਸਦੇ ਲੋਕ ਉੱਜੜ–ਪੁੱਜੜ ਗਏ। ਭੀਖੂ ਨੇ ਆਪਣੀ ਪਤਨੀ ਅਤੇ ਪੁੱਤਰ ਨੂੰ ਘੁੱਟ ਕੇ ਫੜਿਆ ਹੋਇਆ ਸੀ ਪਰ ਝੱਖੜ ਸਾਹਵੇਂ ਉਹਨਾਂ ਦੇ ਪੈਰ ਨਹੀਂ ਸਨ ਟਿਕੇ। ਉਹ ਉੱਖੜੀਆਂ ਹੋਈਆਂ ਝਾੜੀਆਂ ਵਾਂਗੂੰ ਅੱਗੇ ਹੀ ਅੱਗੇ ਲੁੜ੍ਹਕਦੇ, ਰਿੜ੍ਹਦੇ ਗਏ ਸਨ। ਅਚਾਨਕ ਉਹਨਾਂ ਨੂੰ ਜਾਪਿਆ, ਕਿਸੇ ਨੇ ਬਾਂਹਵਾਂ ਫੈਲਾ ਦਿੱਤੀਆਂ ਸਨ। ਉਹ ਉਹਨਾਂ ਬਾਹਵਾਂ ਦੇ ਘੇਰੇ ਵਿੱਚ ਅਟਕ ਗਏ ਸਨ। ਉਸ ਵੇਲ਼ੇ ਉਹ ਪੂਰੀ ਹੋਸ਼ ਵਿੱਚ ਨਹੀਂ ਸਨ। ਜਦੋਂ ਉਹਨਾਂ ਦੀ ਹੋਸ਼ ਪਰਤੀ, ਝੱਖੜ ਥੰਮ੍ਹ ਚੁੱਕਿਆ ਸੀ। ਜਿਸਨੇ ਝੱਖੜ ਦੀ ਤੀਬਰ ਗਤੀ ਕੋਲ਼ੋਂ ਉਹਨਾਂ ਦੀ ਜਾਨ ਬਚਾਈ ਸੀ, ਉਹ ਇੱਕ ਰੁੱਖ ਸੀ।

ਉਸ ਰੁੱਖ ਦੀਆਂ ਟਾਹਣੀਆਂ ਹੇਠਾਂ ਤੱਕ ਲਮਕ ਰਹੀਆਂ ਸਨ। ਉਹ ਤਿੰਨੇ ਜਣੇ ਉਹਨਾਂ ਟਾਹਣੀਆਂ ਵਿੱਚ ਅਟਕੇ ਹੋਏ ਸਨ। ਉਹ ਟਾਹਣੀਆਂ ਵਿੱਚੋਂ ਬਾਹਰ ਨਿਕਲ਼ੇ। ਰੁੱਖ ਦੇ ਪੱਤਿਆਂ ਦੀ ਹਰਿਆਵਲ ਵਿੱਚ ਤਾਜ਼ਗੀ ਸੀ।

ਭੀਖੂ ਬੋਲਿਆ, "ਇਸ ਰੁੱਖ ਦੇ ਪੀਣ ਲਈ ਨੇੜੇ ਹੀ ਕਿਧਰੇ ਪਾਣੀ ਏਂ, ਤਾਂ ਹੀ ਇਹ ਰੁੱਖ ਏਨਾ ਹਰਾ ਏ।"

ਪਾਣੀ ਲੱਭਣ ਲਈ ਭੀਖੂ ਨੇ ਡੰਗੋਰੀ ਨਾਲ਼ ਥਾਂ–ਥਾਂ ਤੋਂ ਜ਼ਮੀਨ ਨੂੰ ਠਕੋਰਿਆ, ਸੂਰਜ ਦੀ ਦਿਸ਼ਾ ਵੇਖੀ, ਜ਼ਮੀਨ ਉੱਤੇ ਕੁਝ ਲੀਕਾਂ ਵਾਹੀਆਂ ਤੇ ਫਿਰ ਇੱਕ ਥਾਂ ਉੱਤੇ ਡੰਗੋਰੀ ਗੱਡ ਦਿੱਤੀ।



Downloaded from https:// www.studiestoday.com

Downloaded from https:// www.studiestoday.com

ਉਹ ਸਾਰੇ ਜੀਅ ਰਲ਼ ਕੇ ਨਿਸ਼ਾਨ ਵਾਲ਼ੀ ਥਾਂ ਪੁੱਟਣ ਲੱਗ ਪਏ।

ਉੱਥੇ ਸੱਚ-ਮੁੱਚ ਹੀ ਪਾਣੀ ਸੀ। ਝੱਖੜ ਨੇ ਪਾਣੀ ਦੇ ਉਸ ਸ੍ਰੋਤ ਨੂੰ ਰੇਤ ਨਾਲ਼ ਢਕ ਦਿੱਤਾ ਸੀ।

ਪਾਣੀ ਵੇਖ ਕੇ ਉਹਨਾਂ ਦੀਆਂ ਵਰਾਛਾਂ ਖਿੜ ਗਈਆਂ। ਉਹਨਾਂ ਬੁੱਕਾਂ ਭਰ-ਭਰ ਪਾਣੀ ਪੀਤਾ। ਜਦੋਂ ਭੁੱਖ ਲੱਗੀ ਤਾਂ ਉਹਨਾਂ ਰੁੱਖ ਨਾਲ਼ੋਂ ਫਲ਼ ਤੋੜੇ ਤੇ ਢਿੱਡ ਭਰ ਲਿਆ। ਰੁੱਖ ਦੀ ਠੰਢੀ-ਮਿੱਠੀ ਛਾਂ ਉਹਨਾਂ ਦਾ ਆਸਰਾ ਹੋ ਗਈ।

ਉਹਨਾਂ ਦੇ ਪੁੱਤਰ ਆਲਮ ਨੂੰ ਤਾਂ ਜਿਵੇਂ ਖੇਡਣ ਲਈ ਆੜੀ ਲੱਭ ਪਿਆ। ਉਹ ਕਦੀ ਰੁੱਖ ਉੱਤੇ ਚੜ੍ਹ ਜਾਂਦਾ ਤੇ ਕਦੀ ਲਮਕਦੀਆਂ ਹੋਈਆਂ ਟਾਹਣੀਆਂ ਨਾਲ਼ ਝੂਲਦਾ।

ਭੀਖੂ ਦੀ ਪਤਨੀ ਹੱਸਦੀ ਹੋਈ ਬੋਲੀ, "ਜੇ ਏਨਾ ਸੋਹਣਾ ਰੁੱਖ ਕੋਲ਼ ਹੋਵੇ ਤਾਂ ਹੋਰ ਕੀ ਚਾਹੀਦੈ ?"----- ਆਪਾਂ ਹੁਣ ਇੱਥੇ ਹੀ ਰਹਿ ਪਈਏ।"

ਭੀਖੂ ਨੂੰ ਵੀ ਇਹ ਸਲਾਹ ਜਚ ਗਈ। ਅਗਲੇ ਦਿਨ ਭੀਖੂ ਤੜਕਸਾਰ ਉੱਠਿਆ ਤੇ ਟਾਹਣੀਆਂ ਤੋੜ ਕੇ ਢਾਰਾ ਛੱਤਣ ਲੱਗ ਪਿਆ। ਪਤਨੀ ਨੇ ਵੇਖਿਆ ਤਾਂ ਉਦਾਸ ਹੋਈ, ਬੋਲੀ, "ਤੂੰ ਇਸ ਤਰ੍ਹਾਂ ਕਾਹਨੂੰ ਕਰਨਾ ਸੀ ? ਇਹਨਾਂ ਟਾਹਣੀਆਂ ਨੇ ਤਾਂ ਆਪਣੀ ਜਾਨ ਬਚਾਈ ਸੀ।"

ਭੀਖੂ ਚੁੱਪ ਰਿਹਾ।

ਇੱਕ ਦਿਨ ਭੀਖੂ ਨੂੰ ਜਾਪਿਆ, ਸੁੰਨੇ ਢਾਰੇ ਵਿੱਚ ਬਹਿਣ, ਖਲੋਣ ਲਈ ਮੰਜਾ-ਪੀੜ੍ਹਾ ਵੀ ਚਾਹੀਦਾ ਸੀ। ਉਹਨੇ ਰੁੱਖ ਦੇ ਕੁਝ ਟਾਹਣੇ ਵੱਢ ਕੇ ਮੰਜਾ, ਪੀੜ੍ਹਾ ਬਣਾ ਲਿਆ।

ਪਤਨੀ ਨੇ ਹੌਕਾ ਭਰ ਕੇ ਆਖਿਆ, "ਇਹ ਰੁੱਖ ਆਪਾਂ ਨੂੰ ਕਿੰਨੀ ਸੋਹਣੀ ਛਾਂ ਦਿੰਦਾ ਹੁੰਦਾ ਸੀ। ਕਿੰਨੇ ਮਿੱਠੇ ਇਹਦੇ ਫਲ਼ ਹੁੰਦੇ ਸਨ।"

ਭੀਖੂ ਖਿਝ ਗਿਆ, "ਆਪਾਂ ਰੁੱਖ ਹੇਠ ਮੇਲਾ ਤਾਂ ਨਹੀਂ ਲਾਉਣਾ। ਰੁੱਖ ਕੋਲ਼ ਹਾਲੇ ਵੀ ਸਾਡੇ ਲਈ ਬਥੇਰੀ ਛਾਂ ਏਂ।"

ਉਹਨਾਂ ਦੀਆਂ ਲੋੜਾਂ ਨਿੱਤ ਪੈਦਾ ਹੁੰਦੀਆਂ ਰਹੀਆਂ।

ਰੁੱਖ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਦਾ ਰਿਹਾ ਤੇ ਹੌਲ਼ੀ-ਹੌਲ਼ੀ ਮੁੱਕਦਾ ਰਿਹਾ।

ਆਖ਼ਰਕਾਰ ਸਹੂਲਤਾਂ ਭਰੇ ਉਸ ਘਰ ਦੇ ਵਿਹੜੇ ਵਿੱਚ ਰੁੱਖ ਦੇ ਨਾਂ ਦਾ ਇੱਕ ਟੁੰਡ ਜਿਹਾ ਤਣਾ ਖੜ੍ਹਾ ਰਹਿ ਗਿਆ।

ਭੀਖੂ ਨੇ ਦੂਰ-ਅੰਦੇਸ਼ੀ ਦੀ ਗੱਲ ਕੀਤੀ, "ਤਣੇ ਨੂੰ ਆਪਾਂ ਕਿਸੇ ਵੱਡੇ ਕੰਮ ਲਈ ਵਰਤਾਂਗੇ। ਹੁਣ ਸੁੱਖ ਨਾਲ਼ ਆਪਣਾ ਪੁੱਤਰ ਵੱਡਾ ਹੋ ਗਿਆ ਹੈ। ਭਲ਼ਕ ਨੂੰ ਉਹਦਾ ਵੀ ਟੱਬਰ-ਟੀਹਰ ਹੋਊ। ਉਦੋਂ ਇਹ ਤਣਾ ਕੰਮ ਆਊ।"

ਇੱਕ ਦਿਨ ਫ਼ਕੀਰ ਉਸ ਪਾਸਿਓਂ ਦੀ ਲੰਘਿਆ। ਉਸ ਵੇਲ਼ੇ ਲੂਆਂ ਵਗ ਰਹੀਆਂ ਸਨ।

ਫ਼ਕੀਰ ਨੇ ਢਾਰੇ ਦੇ ਸੇਕ ਵਿੱਚ ਬੈਠ ਕੇ ਪਾਣੀ ਪੀਤਾ ਤੇ ਪੁੱਛਿਆ, "ਕੀ ਰੱਬ ਨੇ ਤੁਹਾਨੂੰ ਕਦੀ ਕੋਈ ਰੁੱਖ ਨਹੀਂ ਦਿੱਤਾ ?"

ਭੀਖੂ ਨੇ ਦੱਸਿਆ, "ਬਾਬਾ ! ਹੈਗਾ ਏ ਇੱਕ ਰੁੱਖ ਔਹ ਖੜ੍ਹਾ ਏ ਰੁੰਡ-ਮੁੰਡ ਜਿਹਾ। ਇੱਕ ਵਾਰ



Downloaded from https:// www.studiestoday.com

Downloaded from https:// www.studiestoday.com

ਦੀ ਕੱਟ-ਵੱਢ ਪਿੱਛੋਂ ਮੁੜ ਪੁੰਗਰਿਆ ਹੀ ਨਹੀਂ।"

ਫ਼ਕੀਰ ਰੁੱਖ ਦਾ ਹਸ਼ਰ ਵੇਖ ਕੇ ਉਦਾਸ ਹੋ ਗਿਆ। ਉਹ ਕੁਝ ਛਿਣ ਚੁੱਪ ਰਿਹਾ ਤੇ ਫਿਰ ਬੋਲਿਆ, "ਹਮੇਸ਼ਾਂ ਰੁੱਖ ਕੱਟੇ ਹੀ ਨੇ। ਕਦੀ ਰੁੱਖ ਲਾਏ ਵੀ ਨੇ ? ਕੀ ਇਸ ਦੁਨੀਆਂ ਵਿੱਚੋਂ ਹਰਿਆਵਲ ਦੇ ਬੀਜ ਮੁੱਕ ਗਏ ?" ਭੀਖੂ ਨੂੰ ਕੋਈ ਗੱਲ ਨਾ ਅਹੁੜੀ।

ਫ਼ਕੀਰ ਨੇ ਅੱਖਾਂ ਮੀਟ ਲਈਆਂ। ਕੁਝ ਚਿਰ ਪਿੱਛੋਂ ਉਸ ਅੱਖਾਂ ਖੋਲ੍ਹੀਆਂ ਤੇ ਉਦਾਸ ਸੁਰ ਵਿੱਚ ਬੋਲਿਆ, "ਤਾਂ ਹੀ ਮੈਂ ਇਸ ਘਰ ਉੱਤੇ ਉਜਾੜੇ ਦਾ ਪਰਛਾਂਵਾਂ ਵੇਖ ਰਿਹਾ ਸਾਂ। ਜਦੋਂ ਰੁੱਖ ਨਾ ਹੋਣ ਤਾਂ ਇਸ ਤਰ੍ਹਾਂ ਹੀ ਹੁੰਦਾ ਹੈ।"

ਇਹ ਸੁਣ ਕੇ ਘਰ ਦੇ ਜੀਅ ਬੇਚੈਨ ਹੋ ਗਏ। ਫ਼ਕੀਰ ਨੇ ਉਹਨਾਂ ਦੇ ਮਨ ਵਿੱਚ ਹਰਿਆਵਲ ਦੇ ਬੀਜ ਖਿਲਾਰ ਦਿੱਤੇ ਸਨ। ਉਹ ਬੀਜ ਟੱਬਰ ਦੇ ਮਨ ਵਿੱਚ ਪੁੰਗਰ ਪਏ ਸਨ। ਫ਼ਕੀਰ ਦੇ ਜਾਣ ਪਿੱਛੋਂ ਉਹ ਬੇਵੱਸ ਜਿਹੇ ਰੜੀ ਥਾਂ 'ਚ ਬੈਠੇ ਹੋਏ ਸਨ।

ਆਲਮ ਰੋਣਹਾਕਾ ਹੋਇਆ ਬੋਲਿਆ, "ਬਾਪੂ ! ਤੂੰ ਰੁੱਖ ਵੱਢਣ ਵਾਲ਼ਾ ਕਿਉਂ ਬਣਿਆਂ ਸੈਂ ? ਤੂੰ ਰੁੱਖ ਉਗਾਉਣ ਵਾਲ਼ਾ ਕਿਉਂ ਨਹੀਂ ਬਣਿਆ ?"

ਭੀਖੂ ਨੇ ਸ਼ਰਮਸਾਰ ਹੋਏ ਨੇ ਨੀਵੀਂ ਪਾ ਲਈ, "ਮੇਰੇ ਵੱਡੇ-ਵਡੇਰੇ ਵੀ ਇਸੇ ਤਰ੍ਹਾਂ ਹੀ ਕਰਦੇ ਹੁੰਦੇ ਸਨ। ਮੈਂ ਸੋਚਿਆ, ਇਸੇ ਤਰ੍ਹਾਂ ਹੀ ਕਰੀਦਾ ਏ। ਮੈਨੂੰ ਕੀ ਪਤਾ ਸੀ ਕਿ........"

ਮਾਰੂਥਲ ਵਿੱਚ ਵਾਵਰੋਲ਼ਾ ਜਿਹਾ ਉੱਠਿਆ। ਅਚਾਨਕ ਆਲਮ ਖੜ੍ਹਾ ਹੋ ਗਿਆ, "ਹੁਣ ਮੈਂ ਵੱਡਾ ਤਾਂ ਹੋ ਹੀ ਗਿਆ ਵਾਂ। ਹੁਣ ਮੈ ਬਣਾਂਗਾ ਰੁੱਖ ਉਗਾਉਣ ਵਾਲ਼ਾ।"

---ਤੇ ਆਲਮ ਤਿੱਖੜ ਧੁੱਪ ਵਿੱਚ ਹਰਿਆਵਲ ਦੇ ਬੀਜ ਲੱਭਣ ਤੁਰ ਪਿਆ।

ਆਲਮ ਨੂੰ ਹਰਿਆਵਲ ਦੇ ਬੀਜ ਲੱਭ ਪਏ ਹਨ।

ਸੁਣਿਆ ਹੈ, ਆਲਮ ਜਿੱਧਰ ਦੀ ਵੀ ਲੰਘਦਾ ਹੈ, ਰੁੱਖ ਲਾਉਂਦਾ ਤੁਰਿਆ ਜਾਂਦਾ ਹੈ।

## ਪਾਠ-ਅਭਿਆਸ

1. **ਦੱਸੋ :**

(ੳ) ਫ਼ਕੀਰ ਨੇ ਲੋਕਾਂ ਨੂੰ ਕੀ ਸਿੱਖਿਆ ਦਿੱਤੀ ਅਤੇ ਕਿਉਂ ?

(ਅ) ਲੋਕਾਂ ਵੱਲੋਂ ਰੁੱਖਾਂ ਦੀ ਅੰਨ੍ਹੇਵਾਹ ਕੀਤੀ ਕਟਾਈ ਦਾ ਕੀ ਨਤੀਜਾ ਨਿਕਲ਼ਿਆ ?

(ੲ) ਰੇਤਥਲ ਦੇ ਤੁਫ਼ਾਨ ਕਾਰਨ ਭੀਖੂ ਤੇ ਉਸ ਦੇ ਪਰਿਵਾਰ ਨਾਲ਼ ਕੀ ਵਾਪਰਿਆ ?

(ਸ) ਬਿਪਤਾ ਦੇ ਸਮੇਂ ਭੀਖੂ ਤੇ ਉਸ ਦੇ ਪਰਿਵਾਰ ਲਈ ਰੁੱਖ ਕਿਵੇਂ ਸਹਾਈ ਹੋਇਆ ?

(ਹ) ਫ਼ਕੀਰ ਨੇ ਭੀਖੂ ਨੂੰ ਨਵੇਂ ਰੁੱਖ ਲਾਉਣ ਲਈ ਕਿਵੇਂ ਪ੍ਰੇਰਿਆ ?



Downloaded from https:// www.studiestoday.com

Downloaded from https:// www.studiestoday.com

(ਕ) ਆਲਮ ਨੂੰ ਆਪਣੇ ਬਾਪੂ ਭੀਖੂ ਅਤੇ ਫ਼ਕੀਰ ਵਿਚਕਾਰ ਹੋਈ ਗੱਲਬਾਤ ਤੋਂ ਕੀ ਪ੍ਰੇਰਨਾ ਮਿਲ਼ੀ ?

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਤੁਰਸ਼ | : | ਗੁਸੈਲ਼, ਕ੍ਰੋਧੀ |
| ਰੇਤਥਲ, ਮਾਰੂਥਲ | : | ਰੇਗਿਸਤਾਨ, ਰੇਤਲਾ ਇਲਾਕਾ |
| ਜ਼ਰਖ਼ੇਜ਼ | : | ਉਪਜਾਊ |
| ਮਾਰੂ | : | ਮਾਰਨ ਵਾਲ਼ਾ, ਘਾਤਕ |
| ਸਾਹਵੇਂ | : | ਸਾਹਮਣੇ, ਮੂਹਰਲੇ ਪਾਸੇ |
| ਤੀਬਰ ਗਤੀ | : | ਤੇਜ਼ ਚਾਲ |
| ਸ੍ਰੋਤ | : | ਸੋਮਾ |
| ਢਾਰਾ | : | ਛੰਨ, ਛੱਪਰ |
| ਅਹੁੜੀ | : | ਸੁੱਝੀ, ਕੋਈ ਗੱਲ ਦਿਮਾਗ਼ ਨੂੰ ਫੁਰਨੀ |
| ਵਾ-ਵਰੋਲ਼ਾ | : | ਮਿੱਟੀ ਆਦਿ ਨਾਲ਼ ਭਰੀ ਗੋਲ਼-ਚੱਕਰ ਵਿੱਚ ਚੱਲਣ ਵਾਲ਼ੀ ਤੇਜ਼ ਹਵਾ। |
| ਤਿੱਖੜ | | ਤਿੱਖੀ, ਤੇਜ਼। |

3. ਵਾਕਾਂ ਵਿੱਚ ਵਰਤੋ :

ਵਰਾਛਾਂ ਖਿੜ ਜਾਣੀਆਂ, ਆਸਰਾ, ਤੜਕਸਾਰ, ਟੱਬਰ- ਟੀਹਰ, ਲੂ ਵਗਣਾ, ਰੋਣਹਾਕਾ, ਹਰਿਆਵਲ

ਵਿਆਕਰਨ : ਵਿਸ਼ੇਸ਼ਣ :

ਤੁਸੀਂ ਪਿਛਲੀ ਸ਼੍ਰੇਣੀ ਵਿੱਚ ਪੜ੍ਹ ਚੁੱਕੇ ਹੋ ਕਿ ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਸ਼ਬਦ ਨਾਲ਼ ਆ ਕੇ ਉਸ ਦੀ ਵਿਸ਼ੇਸ਼ਤਾ ਦੱਸੇ, ਉਸ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : ਤੁਰਸ਼ ਹਵਾਵਾਂ, ਹਰਾ-ਭਰਾ ਜੰਗਲ਼, ਜ਼ਰਖ਼ੇਜ਼ ਮਿੱਟੀ ਆਦਿ।

ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ :

(1) ਗੁਣ-ਵਾਚਕ ਵਿਸ਼ੇਸ਼ਣ
(2) ਸੰਖਿਆ-ਵਾਚਕ ਵਿਸ਼ੇਸ਼ਣ
(3) ਪਰਿਮਾਣ-ਵਾਚਕ ਵਿਸ਼ੇਸ਼ਣ
(4) ਨਿਸ਼ਚੇ-ਵਾਚਕ ਵਿਸ਼ੇਸ਼ਣ
(5) ਪੜਨਾਂਵੀਂ ਵਿਸ਼ੇਸ਼ਣ

(1) ਗੁਣ-ਵਾਚਕ ਵਿਸ਼ੇਸ਼ਣ : ਜਿਹੜਾ ਸ਼ਬਦ ਨਾਂਵ ਜਾਂ ਪੜਨਾਂਵ ਸ਼ਬਦ ਦੇ ਨਾਲ਼ ਆ ਕੇ ਉਸ ਦੇ ਗੁਣ, ਔਗੁਣ, ਆਕਾਰ, ਅਵਸਥਾ ਆਦਿ ਦੱਸੇ, ਉਸ ਨੂੰ ਗੁਣ-ਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : <u>ਵੱਡਾ</u> ਪੁੱਤਰ, <u>ਸੋਹਣਾ</u> ਰੁੱਖ, <u>ਠੰਢੀ-ਮਿੱਠੀ</u> ਛਾਂ ਆਦਿ।

ਇਹਨਾਂ <u>ਸ਼ਬਦਾਂ</u> ਵਿੱਚ ਲਕੀਰੇ ਸ਼ਬਦ ਗੁਣ-ਵਾਚਕ ਵਿਸ਼ੇਸ਼ਣ ਹਨ।

(2) ਸੰਖਿਆ-ਵਾਚਕ ਵਿਸ਼ੇਸ਼ਣ : ਜਿਹੜੇ ਸ਼ਬਦ ਤੋਂ ਨਾਂਵ ਜਾਂ ਪੜਨਾਂਵ ਦੀ ਸੰਖਿਆ, ਭਾਰ, ਗਿਣਤੀ



Downloaded from https:// www.studiestoday.com

Downloaded from https:// www.studiestoday.com

ਜਾਂ ਦਰਜੇ ਆਦਿ ਦਾ ਗਿਆਨ ਹੋਵੇ, ਉਸ ਨੂੰ ਸੰਖਿਆ-ਵਾਚਕ ਵਿਸ਼ੇਸ਼ਣ ਕਹਿੰਦੇ ਹਨ, ਜਿਵੇਂ:- ਇੱਕ ਰੁੱਖ, ਅਗਲੇ ਦਿਨ, ਅੱਠਵੀਂ ਜਮਾਤ, ਦੂਜੀ ਕਤਾਰ, ਦੁੱਗਣਾ ਕਿਰਾਇਆ।

ਇਹਨਾਂ ਸ਼ਬਦਾਂ ਵਿੱਚ ਲਕੀਰੇ ਸ਼ਬਦ ਸੰਖਿਆ-ਵਾਚਕ ਵਿਸ਼ੇਸ਼ਣ ਹਨ।

(3) ਪਰਿਮਾਣ-ਵਾਚਕ ਵਿਸ਼ੇਸ਼ਣ : ਜਿਹੜੇ ਸ਼ਬਦ ਤੋਂ ਨਾਂਵ ਜਾਂ ਪੜਨਾਂਵ ਸ਼ਬਦ ਦੀ ਮਿਣਤੀ, ਮਾਪ ਜਾਂ ਤੋਲ ਦਾ ਪਤਾ ਲੱਗੇ, ਉਸ ਨੂੰ ਪਰਿਮਾਣ-ਵਾਚਕ ਵਿਸ਼ੇਸ਼ਣ ਕਹਿੰਦੇ ਹਨ; ਜਿਵੇਂ: ਬਹੁਤ ਪਹਿਲੋਂ, ਕਈ ਸਾਲਾਂ ਤੋਂ, ਕੁਝ ਲੀਕਾਂ, ਕਿੰਨੇ ਮਿੱਠੇ, ਕਿਸੇ ਵੱਡੇ ਕੰਮ, ਕੋਈ ਰੁੱਖ, ਕਿੰਨੀ ਸੋਹਣੀ ਛਾਂ।

ਉਪਰੋਕਤ ਸ਼ਬਦਾਂ ਵਿੱਚੋਂ ਲਕੀਰੇ ਸ਼ਬਦ ਪਰਿਮਾਣ-ਵਾਚਕ ਕਿਰਿਆ ਵਿਸ਼ੇਸ਼ਣ ਹਨ।

(4) ਨਿਸ਼ਚੇ-ਵਾਚਕ ਵਿਸ਼ੇਸ਼ਣ : ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਨਾਲ਼ ਇਸ ਤਰ੍ਹਾਂ ਆਵੇ ਕਿ ਉਸ ਵੱਲ ਨਿਸ਼ਚੇ ਨਾਲ਼ ਸੰਕੇਤ ਕਰਦਾ ਹੋਇਆ, ਉਸ ਨੂੰ ਆਮ ਤੋਂ ਖ਼ਾਸ ਬਣਾਵੇ, ਉਸ ਨੂੰ ਨਿਸ਼ਚੇ-ਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ: ਇਹ ਸਾਡਾ ਘਰ ਹੈ, ਅਹੁ ਮੁੰਡਾ ਮੇਰਾ ਭਰਾ ਹੈ, ਅਹਿ ਕਿਤਾਬ ਕਿਸ ਦੀ ਹੈ ?

ਇਹਨਾਂ ਵਾਕਾਂ ਵਿੱਚ ਲਕੀਰੇ ਸ਼ਬਦ ਨਿਸ਼ਚੇ-ਵਾਚਕ ਵਿਸ਼ੇਸ਼ਣ ਹਨ।

(5) ਪੜਨਾਂਵੀਂ ਵਿਸ਼ੇਸ਼ਣ : ਜਿਹੜਾ ਸ਼ਬਦ ਪੜਨਾਂਵ ਹੋਵੇ ਪਰ ਨਾਂਵ ਸ਼ਬਦ ਨਾਲ਼ ਲੱਗ ਕੇ ਵਿਸ਼ੇਸ਼ਣ ਦਾ ਕੰਮ ਕਰੇ, ਉਸ ਨੂੰ ਪੜਨਾਂਵੀਂ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ : ਜਿਹੜਾ ਵਿਦਿਆਰਥੀ ਮਿਹਨਤ ਕਰੇਗਾ, ਪਾਸ ਹੋ ਜਾਵੇਗਾ। ਤੁਹਾਡੇ ਕੱਪੜੇ ਚੰਗੇ ਸੀਤੇ ਹੋਏ ਹਨ।

ਉਪਰੋਕਤ ਵਾਕਾਂ ਵਿੱਚ ਲਕੀਰੇ ਸ਼ਬਦ ਪੜਨਾਂਵੀ ਵਿਸ਼ੇਸ਼ਣ ਹਨ।

ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਚੁਣੋ ਅਤੇ ਉਹਨਾਂ ਦੀ ਕਿਸਮ ਵੀ ਦੱਸੋ :

(ੳ) ਤੇਜ਼ ਹਵਾਵਾਂ ਨਿੱਤ ਦਿਨ ਵਗਦੀਆਂ ਤੇ ਉਸ ਧਰਤੀ ਉੱਤੇ ਰੇਤ ਵਿਛਾ ਕੇ ਤੁਰ ਜਾਂਦੀਆ।

(ਅ) ਉਸ ਵੇਲ਼ੇ ਉਹ ਪੂਰੀ ਹੋਸ਼ ਵਿੱਚ ਨਹੀਂ ਸਨ।

(ੲ) ਉਹ ਤਿੰਨੇ ਜਣੇ ਉਹਨਾਂ ਟਾਹਣੀਆਂ ਵਿੱਚ ਅਟਕੇ ਹੋਏ ਸਨ।

(ਸ) ਉਹ ਸਾਰੇ ਜੀਅ ਰਲ਼ ਕੇ ਨਿਸ਼ਾਨ ਵਾਲ਼ੀ ਥਾਂ ਪੁੱਟਣ ਲੱਗ ਪਏ।

(ਹ) ਭੀਖੂ ਦੀ ਪਤਨੀ ਹੱਸਦੀ ਹੋਈ ਬੋਲੀ, "ਜੇ ਏਨਾ ਸੋਹਣਾ ਰੁੱਖ ਕੋਲ਼ ਹੋਵੇ ਤਾਂ ਹੋਰ ਕੀ ਚਾਹੀਦੈ ?

**ਸ਼੍ਰੇਣੀ-ਅਧਿਆਪਕ ਬੱਚਿਆਂ ਨੂੰ ਬੂਟੇ ਲਾਉਣ ਲਈ ਅਤੇ ਉਹਨਾਂ ਦੀ ਸਾਂਭ-ਸੰਭਾਲ਼ ਲਈ ਉਤਸ਼ਾਹਿਤ ਕਰੇ।**

**ਬੱਚੇ ਆਪਣੇ ਜਨਮ-ਦਿਨ 'ਤੇ ਆਪਣੇ ਸਕੂਲ, ਘਰ ਜਾਂ ਘਰ ਦੇ ਨੇੜੇ ਇੱਕ-ਇੱਕ ਬੂਟਾ ਜ਼ਰੂਰ ਲਾਉਣ ਅਤੇ ਉਸ ਦੀ ਦੇਖ-ਭਾਲ਼ ਕਰਨ।**



Downloaded from https:// www.studiestoday.com

Downloaded from https:// www.studiestoday.com

## ਪਾਠ-11

# ਪੰਜਾਬੀ ਲੋਕ-ਨਾਚ : ਗਿੱਧਾ

ਕਿਸੇ ਖ਼ੁਸ਼ੀ ਦੇ ਅਵਸਰ 'ਤੇ ਜਦੋਂ ਸਾਡੇ ਅੰਦਰੋਂ ਖ਼ੁਸ਼ੀ ਦੀਆਂ ਲਹਿਰਾਂ ਉੱਠਦੀਆਂ ਹਨ ਤਾਂ ਸਾਡਾ ਮਨ ਵਜਦ ਵਿੱਚ ਆ ਜਾਂਦਾ ਹੈ ਤੇ ਅਸੀਂ ਆਪਣੇ ਸਰੀਰ ਦੀਆਂ ਹਰਕਤਾਂ ਰਾਹੀਂ ਇਸ ਦਾ ਪ੍ਰਗਟਾਵਾ ਕਰਦੇ ਹਾਂ। ਰਾਗ ਤੇ ਤਾਲ ਦੇ ਸੁਮੇਲ ਨਾਲ਼ ਮਨੁੱਖ ਨੱਚ ਉੱਠਦਾ ਹੈ। ਇੱਕ ਮਨੁੱਖ ਦੀ ਖ਼ੁਸ਼ੀ ਵਿੱਚ ਸ਼ਾਮਲ ਹੋਣ ਲਈ ਜਦੋਂ ਦੂਸਰੇ ਸਾਥੀ ਉਸ ਨਾਲ਼ ਰਲ਼ ਕੇ ਨੱਚਣ ਲੱਗ ਜਾਂਦੇ ਹਨ ਤਾਂ ਇਹ ਨਾਚ ਸਮੂਹਿਕ ਨਾਚ ਦਾ ਰੂਪ ਧਾਰ ਲੈਂਦਾ ਹੈ, ਜਿਸ ਨੂੰ ਅਸੀਂ ਲੋਕ-ਨਾਚ ਦਾ ਨਾਂ ਦਿੰਦੇ ਹਾਂ। ਲੋਕ-ਨਾਚ ਮਨ ਦੀ ਖ਼ੁਸ਼ੀ ਦਾ ਸਰੀਰਿਕ ਪ੍ਰਗਟਾਵਾ ਹੈ।

ਪੰਜਾਬ ਦੇ ਲੋਕ-ਨਾਚ, ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹਨ। ਗਿੱਧਾ, ਭੰਗੜਾ, ਝੂੰਮਰ, ਲੁੱਡੀ, ਧਮਾਲ, ਸੰਮੀ ਅਤੇ ਕਿੱਕਲੀ ਆਦਿ ਪੰਜਾਬੀਆਂ ਦੇ ਹਰਮਨ-ਪਿਆਰੇ ਲੋਕ-ਨਾਚ ਹਨ।

ਗਿੱਧਾ ਪੰਜਾਬ ਦੀਆਂ ਮੁਟਿਆਰਾਂ ਦਾ ਮਨਮੋਹਕ ਲੋਕ-ਨਾਚ ਹੈ। ਗਿੱਧਾ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪਾਇਆ ਜਾ ਸਕਦਾ ਹੈ। ਗਿੱਧਾ ਵਿਆਹ ਸ਼ਾਦੀਆਂ ਦੇ ਅਵਸਰ 'ਤੇ ਵਿਸ਼ੇਸ਼ ਤੌਰ 'ਤੇ ਪਾਇਆ ਜਾਂਦਾ ਹੈ। ਸਾਉਣ ਦੇ ਮਹੀਨੇ ਵਿੱਚ ਪੰਜਾਬ ਦੀਆਂ ਮੁਟਿਆਰਾਂ ਇਸ ਨੂੰ ਇੱਕ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ, ਜਿਸ ਨੂੰ 'ਤੀਆਂ ਦਾ ਤਿਉਹਾਰ' ਆਖਦੇ ਹਨ।

ਗਿੱਧਾ ਪਾਉਣ ਵੇਲ਼ੇ ਕੇਵਲ ਨੱਚਿਆ ਹੀ ਨਹੀਂ ਜਾਂਦਾ ਸਗੋਂ ਮਨ ਦੇ ਭਾਵ ਪ੍ਰਗਟਾਉਣ ਲਈ ਨਾਲ਼ - ਨਾਲ਼ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਗਿੱਧੇ ਦੀਆਂ ਬੋਲੀਆਂ ਆਖਦੇ ਹਨ। ਇਹਨਾਂ ਬੋਲੀਆਂ ਰਾਹੀਂ ਕੁੜੀਆਂ ਆਪਣੇ ਮਨਾਂ ਦੇ ਹਾਵ-ਭਾਵ ਪ੍ਰਗਟ ਕਰਦੀਆਂ ਹਨ।

ਗਿੱਧਾ ਪਾਉਣ ਵੇਲ਼ੇ ਕੁੜੀਆਂ ਇੱਕ ਗੋਲ਼-ਦਾਇਰਾ ਬਣਾ ਕੇ ਖਲੋ ਜਾਂਦੀਆਂ ਹਨ। ਵਿਚਕਾਰ ਇੱਕ ਕੁੜੀ ਘੜਾ ਜਾਂ ਢੋਲਕੀ ਲੈ ਕੇ ਬਹਿ ਜਾਂਦੀ ਹੈ। ਢੋਲਕੀ ਵੱਜਦੀ ਹੈ ਤੇ ਇੱਕ ਕੁੜੀ ਬਾਂਹ ਉਲਾਰ ਕੇ ਬੋਲੀ ਪਾਉਂਦੀ ਹੋਈ ਦਾਇਰੇ ਵਿੱਚ ਚਾਰੇ ਪਾਸੇ ਘੁੰਮਦੀ ਹੈ। ਜਦ ਉਹ ਬੋਲੀ ਦਾ ਆਖ਼ਰੀ ਟੱਪਾ ਬੋਲਦੀ ਹੈ ਤਾਂ ਪਿੜ ਵਿੱਚ ਖਲੋਤੀਆਂ ਕੁੜੀਆਂ ਉਸ ਟੱਪੇ ਦੇ ਬੋਲਾਂ ਨੂੰ ਚੁੱਕ ਲੈਂਦੀਆਂ ਹਨ- ਭਾਵ ਉਹ ਉਸ ਨੂੰ ਉੱਚੀ-ਉੱਚੀ ਗਾਉਣ ਲੱਗ ਜਾਂਦੀਆਂ ਹਨ ਤੇ ਨਾਲ਼ ਹੀ ਤਾੜੀਆਂ ਮਾਰ ਕੇ ਤਾਲ ਦਿੰਦੀਆਂ ਹਨ। ਇਸੇ ਸਮੇਂ ਦਾਇਰੇ ਵਿੱਚੋਂ ਨਿਕਲ਼ ਕੇ ਦੋ ਕੁੜੀਆਂ ਪਿੜ ਵਿੱਚ ਆ ਕੇ ਨੱਚਣ ਲੱਗ ਜਾਂਦੀਆਂ ਹਨ। ਇਹ ਨਾਚ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਬੋਲੀ ਦਾ ਆਖ਼ਰੀ ਟੱਪਾ ਕੁੜੀਆਂ ਰਲ਼ ਕੇ ਗਾਉਂਦੀਆਂ ਹਨ। ਨੱਚਣ ਵਾਲ਼ੀਆਂ ਕੁੜੀਆਂ ਦੇ ਪੈਰਾਂ ਵਿੱਚ ਝਾਂਜਰਾਂ ਪਾਈਆਂ ਹੁੰਦੀਆਂ ਹਨ। ਝਾਂਜਰਾਂ ਦੀ ਛਣਕਾਰ, ਪੈਰਾਂ ਦੀ ਧਮਕ ਅਤੇ ਢੋਲਕੀ ਦੀ ਤਾਲ ਉੱਤੇ ਵੱਜਦੀ ਤਾੜੀ ਇੱਕ ਅਨੂਠਾ ਸਮਾਂ ਬੰਨ੍ਹ ਦਿੰਦੀ ਹੈ। ਜਦੋਂ ਤੱਕ ਕੁੜੀਆਂ ਬੋਲੀ ਚੁੱਕੀ ਰੱਖਦੀਆਂ ਹਨ, ਮੁਟਿਆਰਾਂ ਨੱਚਦੀਆਂ ਰਹਿੰਦੀਆਂ ਹਨ। ਪਿੜ ਦੇ ਬੋਲੀ ਛੱਡਣ 'ਤੇ ਹੀ ਕੁੜੀਆਂ ਨੱਚਣਾ ਬੰਦ ਕਰ ਕੇ ਉਹਨਾਂ ਨਾਲ਼ ਆ




Downloaded from https:// www.studiestoday.com

Downloaded from https:// www.studiestoday.com

ਰਲ਼ਦੀਆਂ ਹਨ। ਮੁੜ ਨਵੀਂ ਬੋਲੀ ਪਾਈ ਜਾਂਦੀ ਹੈ, ਬੋਲੀ ਚੁੱਕੀ ਜਾਂਦੀ ਹੈ ਤੇ ਗਿੱਧਾ ਮਘਦਾ ਰਹਿੰਦਾ ਹੈ।

ਗਿੱਧਾ ਕੇਵਲ ਮੁਟਿਆਰਾਂ ਹੀ ਨਹੀਂ ਪਾਉਂਦੀਆਂ, ਗੱਭਰੂ ਵੀ ਪਾਉਂਦੇ ਹਨ ਪਰ ਇਸ ਗਿੱਧੇ ਦਾ ਰੰਗ ਮੁਟਿਆਰਾਂ ਦੇ ਗਿੱਧੇ ਵਰਗਾ ਨਹੀਂ ਹੁੰਦਾ। ਗਿੱਧਾ ਪਾਉਣ ਦਾ ਢੰਗ ਹੈ ਤਾਂ ਮੁਟਿਆਰਾਂ ਵਾਲ਼ਾ ਹੀ ਪਰੰਤੂ ਮੁਟਿਆਰਾਂ ਵਾਲ਼ੇ ਨਾਚ ਦੀ ਲਚਕ ਮਰਦਾਂ ਵਿੱਚ ਨਹੀਂ ਹੁੰਦੀ। ਉਹਨਾਂ ਦਾ ਵਧੇਰੇ ਜ਼ੋਰ ਬੋਲੀਆਂ ਉੱਤੇ ਹੀ ਹੁੰਦਾ ਹੈ।



ਜਦ ਗਿੱਧੇ ਦਾ ਪਿੜ ਮਘਦਾ ਹੈ ਤਾਂ ਇਸ ਵਿੱਚ ਲੰਮੀਆਂ ਤੇ ਇੱਕ-ਲੜੀਆਂ ਬੋਲੀਆਂ ਪਾਈਆਂ ਜਾਂਦੀਆਂ ਹਨ। ਲੰਮੀ ਬੋਲੀ ਇੱਕ ਜਣਾ ਪਾਉਂਦਾ ਹੈ ਤੇ ਦੂਜੇ ਗਿੱਧੇ ਦੇ ਤਾਲ ਵਿੱਚ ਬੋਲੀ ਦੇ ਅੰਤਰੇ ਨੂੰ ਚੁੱਕਦੇ ਹਨ। ਬੋਲੀਆਂ ਦਾ ਅਰੰਭ ਦੇਵੀ ਦੇਵਤਿਆਂ ਨੂੰ ਧਿਆ ਕੇ ਕੀਤਾ ਜਾਂਦਾ ਹੈ :

ਗੁਰੂ ਧਿਆ ਕੇ ਪਾਵਾਂ ਬੋਲੀ,
ਸਭ ਨੂੰ ਫ਼ਤਹਿ ਬੁਲਾਵਾਂ।
ਬੇਸ਼ੱਕ ਮੈਨੂੰ ਮਾੜਾ ਆਖੋ,
ਮੈਂ ਮਿੱਠੇ ਬੋਲ ਸੁਣਾਵਾਂ।
ਭਾਈਵਾਲੀ ਮੈਨੂੰ ਲੱਗੇ ਪਿਆਰੀ,
ਰੋਜ਼ ਗਿੱਧੇ ਵਿੱਚ ਆਵਾਂ।
ਗੁਰੂ ਦਿਆਂ ਸ਼ੇਰਾਂ ਦਾ,
ਮੈਂ ਵਧ ਕੇ ਜਸ ਗਾਵਾਂ।

ਕੁੜੀਆਂ ਤੀਆਂ ਦਾ ਗਿੱਧਾ ਪਾਉਂਦੀਆਂ ਹੋਈਆਂ ਆਪਣੇ ਪਿੰਡ ਦੇ ਪਿੱਪਲ਼ਾਂ, ਬਰੋਟਿਆਂ ਨੂੰ ਯਾਦ ਕਰਦੀਆਂ ਹੋਈਆਂ ਬੋਲੀਆਂ ਪਾਉਂਦੀਆਂ ਹਨ :

ਪਿੱਪਲ਼ਾ ਵੇ ਮੇਰੇ ਪਿੰਡ ਦਿਆ,
ਤੇਰੀਆਂ ਠੰਢੀਆਂ ਛਾਂਵਾਂ।
ਢਾਬ ਤੇਰੀ ਦਾ ਗੰਧਲ਼ਾ ਪਾਣੀ,
ਉੱਤੋਂ ਬੂਰ ਹਟਾਵਾਂ।
ਸੱਭੇ ਸਹੇਲੀਆਂ ਸਹੁਰੇ ਗਈਆਂ,



Downloaded from https:// www.studiestoday.com

Downloaded from https:// www.studiestoday.com

ਕਿਸ ਨੂੰ ਹਾਲ ਸੁਣਾਵਾਂ ?
ਚਿੱਠੀਆਂ ਬਰੰਗ ਭੇਜਦਾ,
ਕਿਹੜੀ ਛਾਉਣੀ ਲੁਆ ਲਿਆ ਨਾਂਵਾਂ।

ਬੋਲੀ ਵਿੱਚੋਂ ਬੋਲੀ ਜਨਮਦੀ ਹੈ :

ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ਼,
ਫੁੱਲਾਂ ਬਾਝ ਫਲਾਹੀਆਂ।
ਹੱਸਾਂ ਨਾਲ਼ ਹਮੇਲਾਂ ਸੋਂਹਦੀਆਂ,
ਬੰਦਾਂ ਨਾਲ਼ ਗਜਰਾਈਆਂ।
ਧੰਨ ਭਾਗ ਮੇਰੇ ਆਖੇ ਪਿੱਪਲ਼,
ਕੁੜੀਆਂ ਨੇ ਪੀਂਘਾਂ ਪਾਈਆਂ।
ਸਾਉਣ ਵਿੱਚ ਕੁੜੀਆਂ ਨੇ,
ਪੀਂਘਾਂ ਅਸਮਾਨ ਚੜ੍ਹਾਈਆਂ।

ਜਦੋਂ ਮਹਿੰਦੀ ਰੰਗੇ ਹੱਥ ਹਰਕਤ ਵਿੱਚ ਆਉਂਦੇ ਹਨ ਤਾਂ ਗਿੱਧਾ ਮੱਚ ਉੱਠਦਾ ਹੈ ਤੇ ਮਹਿੰਦੀ ਬਾਰੇ ਕੋਈ ਮੁਟਿਆਰ ਬੋਲੀ ਪਾਉਂਦੀ ਹੈ :

ਮਹਿੰਦੀ, ਮਹਿੰਦੀ ਸਭ ਜੱਗ ਕਹਿੰਦਾ,
ਮੈਂ ਵੀ ਆਖ ਦਿਆਂ ਮਹਿੰਦੀ।
ਬਾਗ਼ਾਂ ਦੇ ਵਿੱਚ ਸਸਤੀ ਵਿਕਦੀ,
ਵਿੱਚ ਹੱਟੀਆਂ ਦੇ ਮਹਿੰਗੀ।
ਮਹਿੰਦੀ ਸ਼ਗਨਾਂ ਦੀ--------,
ਧੋਤਿਆਂ ਕਦੀ ਨਾ ਲਹਿੰਦੀ।

ਉਪਰੋਕਤ ਕਿਸਮ ਦੀਆਂ ਬੋਲੀਆਂ ਪੰਜਾਬ ਦੇ ਪਿੰਡਾਂ ਵਿੱਚ ਆਮ ਪ੍ਰਚਲਿਤ ਹਨ ਜਿਨ੍ਹਾਂ ਵਿੱਚ ਪੰਜਾਬੀ ਜੀਵਨ ਦੇ ਵੱਖ-ਵੱਖ ਵਿਸ਼ਿਆਂ ਦਾ ਵਰਨਣ ਕੀਤਾ ਗਿਆ ਹੁੰਦਾ ਹੈ।

ਇਹਨਾਂ ਲੰਮੀਆਂ ਬੋਲੀਆਂ ਤੋਂ ਇਲਾਵਾ ਇੱਕ-ਲੜੀਆਂ ਬੋਲੀਆਂ ਵੀ ਗਿੱਧੇ ਦਾ ਸ਼ਿੰਗਾਰ ਬਣਦੀਆਂ ਹਨ। ਬਾਬਲ-ਧੀ, ਮਾਂਵਾਂ-ਧੀਆਂ, ਭੈਣ-ਭਰਾ, ਸੱਸ-ਸਹੁਰਾ, ਜੇਠ-ਜਠਾਣੀ, ਨਣਦ-ਭਰਜਾਈ, ਦਿਓਰ-ਦਰਾਣੀ ਅਤੇ ਹੋਰ ਪਰਿਵਾਰਿਕ ਰਿਸ਼ਤਿਆਂ ਦਾ ਵਰਨਣ ਇਹਨਾਂ ਵਿੱਚ ਆਉਂਦਾ ਹੈ।

ਲੋਹੜੀ ਦੇ ਅਵਸਰ 'ਤੇ ਆਮ ਕਰ ਕੇ ਵੀਰ ਦੇ ਮੋਹ ਦਾ ਪ੍ਰਗਟਾਵਾ ਕਰਨ ਵਾਲ਼ੀਆਂ ਬੋਲੀਆਂ ਪਾਈਆਂ ਜਾਂਦੀਆਂ ਹਨ :

ਇੱਕ ਵੀਰ ਦੇਈਂ ਵੇ ਰੱਬਾ,
ਸਹੁੰ ਖਾਣ ਨੂੰ ਬੜਾ ਚਿੱਤ ਕਰਦਾ।



Downloaded from https:// www.studiestoday.com

Downloaded from https:// www.studiestoday.com

ਵੀਰ ਵੇ ਬਲਾ ਸੋਹਣਿਆਂ,
ਤੈਨੂੰ ਦੇਖ ਕੇ ਭੁੱਖੀ ਰੱਜ ਜਾਵਾਂ।

ਉਪਰੋਕਤ ਵੰਨਗੀ ਦੀਆਂ ਬੋਲੀਆਂ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੇ ਸਾਂਗ ਤੇ ਰੰਗ-ਤਮਾਸ਼ੇ ਗਿੱਧੇ ਦਾ ਸ਼ਿੰਗਾਰ ਬਣਦੇ ਹਨ। ਕੁੜੀਆਂ ਆਪਣੀ ਪ੍ਰਤਿਭਾ ਅਨੁਸਾਰ ਨੱਚ ਕੇ ਅਤੇ ਲੰਮੇ ਗੀਤ ਗਾ ਕੇ ਗਿੱਧੇ ਦਾ ਰੰਗ ਬੰਨ੍ਹਦੀਆਂ ਹਨ।

ਮਨੋਰੰਜਨ ਦੇ ਸਾਧਨ ਤਬਦੀਲ ਹੋਣ ਕਾਰਨ ਅੱਜ-ਕੱਲ੍ਹ ਗਿੱਧਾ ਪਾਉਣ ਦੀ ਪਰੰਪਰਾ ਵੀ ਮੱਧਮ ਪੈ ਰਹੀ ਹੈ। ਇਸ ਨੂੰ ਸੁਰਜੀਤ ਰੱਖਣ ਦੀ ਲੋੜ ਹੈ।

## ਪਾਠ-ਅਭਿਆਸ

1. ਦੱਸੋ :

(ੳ) ਲੋਕ-ਨਾਚ ਕਿਸ ਨੂੰ ਆਖਦੇ ਹਨ ?

(ਅ) ਪੰਜਾਬ ਦੇ ਲੋਕ-ਨਾਚ ਕਿਹੜੇ-ਕਿਹੜੇ ਹਨ ?

(ੲ) ਗਿੱਧਾ ਕਦੋਂ ਪਾਇਆ ਜਾਂਦਾ ਹੈ ?

(ਸ) ਮੁਟਿਆਰਾਂ ਗਿੱਧਾ ਕਿਵੇਂ ਪਾਉਂਦੀਆਂ ਹਨ ?

(ਹ) ਮੁਟਿਆਰਾਂ ਦੇ ਗਿੱਧੇ ਅਤੇ ਮਰਦਾਂ ਦੇ ਗਿੱਧੇ ਵਿੱਚ ਕੀ ਅੰਤਰ ਹੈ ?

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਅਵਸਰ | : | ਮੌਕਾ, ਸਮਾਂ |
| ਗੋਲ਼ ਦਾਇਰਾ | : | ਗੋਲ਼ ਚੱਕਰ, ਘੇਰਾ |
| ਅਨੂਠਾ | : | ਅਨੋਖਾ, ਅਸਚਰਜ |
| ਅੰਤਰਾ | : | ਕਿਸੇ ਗੀਤ ਵਿੱਚ ਟੇਕ ਜਾਂ ਸਥਾਈ ਤੋਂ ਛੁੱਟ ਬਾਕੀ ਤੁਕਾਂ |
| ਜੇਡ | : | ਜਿੱਡਾ, ਜਿੰਨਾ ਵੱਡਾ |
| ਬਰੋਟੇ | : | ਬੋਹੜ ਦਾ ਦਰਖ਼ਤ |
| ਢਾਬ | : | ਕੱਚਾ ਤਲਾਅ, ਟੋਭਾ, ਪਾਣੀ ਦਾ ਭਰਿਆ ਡੂੰਘਾ ਟੋਆ |
| ਬਰੰਗ | : | ਬਿਨਾਂ ਟਿਕਟ ਜਾਂ ਘੱਟ ਟਿਕਟਾਂ ਲੱਗੀ ਚਿੱਠੀ |
| ਬਲਾ | : | ਬਹੁਤ, ਗ਼ਜ਼ਬ ਦਾ |
| ਪ੍ਰਤਿਭਾ | : | ਕੁਦਰਤੀ ਯੋਗਤਾ, ਸੂਖਮ ਬੁੱਧੀ |
| ਸੁਰਜੀਤ | : | ਜਿਊਂਦਾ, ਜ਼ਿੰਦਾ, ਹਰਿਆ-ਭਰਿਆ, ਤਾਜ਼ਾ-ਦਮ |

3. ਵਾਕਾਂ ਵਿੱਚ ਵਰਤੋ :

ਪ੍ਰਗਟਾਵਾ, ਮਨਮੋਹਕ, ਹਾਵ-ਭਾਵ, ਹਰਕਤ, ਸਾਂਗ, ਵੰਨਗੀ, ਰੰਗ ਬੰਨ੍ਹਣਾ, ਪਰੰਪਰਾ



Downloaded from https:// www.studiestoday.com

Downloaded from https:// www.studiestoday.com

### ਵਿਆਕਰਨ :

ਤੁਸੀਂ ਪਿਛਲੀ ਸ਼੍ਰੇਣੀ ਵਿੱਚ ਪੜ੍ਹ ਚੁੱਕੇ ਹੋ ਕਿ ਜਿਸ ਸ਼ਬਦ ਤੋਂ ਕਿਸੇ ਕੰਮ ਦਾ ਹੋਣਾ ਜਾਂ ਕਰਨਾ ਪ੍ਰਗਟ ਹੋਵੇ, ਕਿਰਿਆ ਅਖਵਾਉਂਦਾ ਹੈ, ਜਿਵੇਂ :- ਗਾਉਂਦੀਆਂ, ਪਾਉਂਦੀਆਂ, ਸੁਣਾਵਾਂ, ਭੇਜਦਾ ਆਦਿ।

ਕਿਰਿਆ ਦੀ ਵੰਡ ਚਾਰ ਤਰ੍ਹਾਂ ਕੀਤੀ ਜਾ ਸਕਦੀ ਹੈ।

ਪਹਿਲੀ ਪ੍ਰਕਾਰ ਦੀ ਵੰਡ ਹੇਠ ਲਿਖੇ ਅਨੁਸਾਰ ਹੈ :

(ੳ) ਅਕਰਮਕ ਕਿਰਿਆ (ਅ) ਸਕਰਮਕ ਕਿਰਿਆ।

(ੳ) ਅਕਰਮਕ ਕਿਰਿਆ :

ਜਿਸ ਵਾਕ ਵਿੱਚ ਕੇਵਲ ਕਰਤਾ ਹੀ ਹੋਵੇ, ਕਰਮ ਨਾ ਹੋਵੇ, ਉਸ ਨੂੰ ਅਕਰਮਕ ਕਿਰਿਆ ਕਿਹਾ ਜਾਂਦਾ ਹੈ; ਜਿਵੇਂ :-

ਕੁੜੀਆਂ ਨੱਚਦੀਆਂ ਹਨ।

ਬੱਚਾ ਹੱਸਦਾ ਹੈ।

(ਅ) ਸਕਰਮਕ ਕਿਰਿਆ :

ਜਿਹੜੇ ਵਾਕ ਵਿੱਚ ਕਿਰਿਆ ਦਾ ਕਰਤਾ ਤੇ ਕਰਮ ਦੋਵੇਂ ਹੋਣ, ਉਸ ਨੂੰ ਸਕਰਮਕ ਕਿਰਿਆ ਕਿਹਾ ਜਾਂਦਾ ਹੈ; ਜਿਵੇਂ : -

ਕੁੜੀਆਂ ਗਿੱਧਾ ਪਾ ਰਹੀਆਂ ਹਨ।

ਬੱਚਾ ਕਿਤਾਬ ਪੜ੍ਹ ਰਿਹਾ ਹੈ।

ਇਸ ਪੜ੍ਹੇ ਹੋਏ ਪਾਠ ਵਿੱਚੋਂ ਨਾਂਵ, ਪੜਨਾਂਵ, ਵਿਸ਼ੇਸ਼ਣ ਅਤੇ ਕਿਰਿਆ-ਸ਼ਬਦਾਂ ਦੀਆਂ ਉਦਾਹਰਨਾਂ ਦੇ ਦੋ-ਦੋ ਵਾਕ ਲਿਖੋ।

ਗਿੱਧੇ ਦੀਆਂ ਕੁਝ ਬੋਲੀਆਂ ਆਪਣੀ ਸ਼੍ਰੇਣੀ ਦੀ ਬਾਲ-ਸਭਾ ਵਿੱਚ ਸੁਣਾਓ।




Downloaded from https:// www.studiestoday.com

Downloaded from https:// www.studiestoday.com

ਪਾਠ–12

# ਪੰਜਾਬ ਦਾ ਸੁਪਨਸਾਜ਼ : ਡਾ. ਮਹਿੰਦਰ ਸਿੰਘ ਰੰਧਾਵਾ



ਉੱਘੇ ਵਿਗਿਆਨੀ, ਕਲਾ ਅਤੇ ਸਾਹਿਤ ਦੇ ਰਸੀਏ ਡਾ. ਮਹਿੰਦਰ ਸਿੰਘ ਰੰਧਾਵਾ ਇੱਕ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ। ਉਹਨਾਂ ਨੇ ਸਾਹਿਤ, ਸੱਭਿਆਚਾਰ ਤੇ ਗਿਆਨ-ਵਿਗਿਆਨ ਨਾਲ਼ ਸੰਬੰਧਿਤ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ। ਅਨੇਕਾਂ ਉੱਚੀਆਂ ਪਦਵੀਆਂ ਉੱਤੇ ਸੁਸ਼ੋਭਿਤ ਰਹਿਣ ਸਦਕਾ, ਉਹਨਾਂ ਦੇ ਤਜਰਬੇ ਦਾ ਘੇਰਾ ਵੀ ਕਾਫ਼ੀ ਵਿਸ਼ਾਲ ਸੀ। ਰੰਧਾਵਾ ਦੇ ਮਨ ਅੰਦਰ ਇੱਕ ਵਿਸ਼ਾਲ ਪੰਜਾਬ ਵੱਸਿਆ ਹੋਇਆ ਸੀ। ਉਹਨਾਂ ਨੂੰ ਪੰਜਾਬ ਦੀ ਖ਼ਲਕਤ ਨਾਲ਼, ਇੱਥੋਂ ਦੀ ਹਰ ਵਸਤੂ ਅਤੇ ਇੱਥੋਂ ਦੀ ਮਿੱਟੀ ਨਾਲ਼ ਦਿਲੋਂ ਮੁਹੱਬਤ ਸੀ।

ਰੰਧਾਵਾ ਜੀ ਖ਼ੁਦ ਇੱਕ ਵਿਗਿਆਨੀ ਸਨ। ਉਹਨਾਂ ਨੇ ਲੋਕ-ਗੀਤ ਇਕੱਠੇ ਕਰਨ ਵੇਲ਼ੇ ਵੀ ਆਪਣੀ ਇਸ ਵਿਗਿਆਨਿਕ ਸੋਝੀ ਨੂੰ ਅਪਣਾਇਆ। ਲੋਕ-ਗੀਤਾਂ ਨੂੰ ਇਕੱਤਰ ਕਰਨ ਲਈ ਲੋਕਾਂ ਨਾਲ਼ ਸਿੱਧਾ ਮੇਲ਼-ਮਿਲਾਪ ਰੱਖਿਆ। ਲੋਕਾਂ ਤੋਂ ਉਹਨਾਂ ਦੀ ਬੋਲੀ ਵਿੱਚ, ਉਹਨਾਂ ਦੇ ਕਾਰਜ-ਖੇਤਰ ਵਿੱਚ ਵਿਚਰ ਕੇ ਗੀਤਾਂ ਨੂੰ ਸੁਣਿਆ ਤੇ ਬਿਨਾਂ ਕਿਸੇ ਅੱਖਰ ਦੇ ਵਾਧੇ-ਘਾਟੇ ਜਾਂ ਭਾਸ਼ਾਈ ਸੋਧ ਦੇ ਇਹਨਾਂ ਗੀਤਾਂ ਨੂੰ ਸੰਭਾਲ਼ਿਆ। ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਪਤਾ ਸੀ ਕਿ ਲੋਕਾਂ ਤੋਂ ਉਹਨਾਂ ਦੇ ਕਾਰਜ-ਖੇਤਰ ਵਿੱਚ, ਉਹਨਾਂ ਦੀ ਆਪਣੀ ਠੇਠ ਤੇ ਠੁਕਦਾਰ ਸਥਾਨਿਕ ਭਾਸ਼ਾ ਵਿੱਚ ਇਕੱਤਰ ਕੀਤੇ ਗੀਤਾਂ ਦੀ ਮਹੱਤਤਾ ਸਮਾਂ ਪਾ ਕੇ ਕਿੰਨੀ ਵਧ ਜਾਂਦੀ ਹੈ। ਇਸੇ ਲਈ ਉਹਨਾਂ ਨੇ ਪੰਜਾਬ, ਹਿਮਾਚਲ ਪ੍ਰਦੇਸ਼, ਕਾਂਗੜਾ, ਕੁੱਲੂ ਤੇ ਹਰਿਆਣਾ ਦੇ ਲੋਕ-ਗੀਤ ਉੱਥੋਂ ਦੇ ਲੋਕਾਂ ਨਾਲ਼ ਮਿਲ਼ ਕੇ ਉਹਨਾਂ ਦੇ ਅੰਦਾਜ਼ ਵਿੱਚ ਹੀ ਲਿਖੇ।

'ਪੰਜਾਬ ਦੇ ਲੋਕ-ਗੀਤ', 'ਕੁੱਲੂ ਦੇ ਲੋਕ-ਗੀਤ', 'ਕਾਂਗੜਾ ਦੇ ਲੋਕ-ਗੀਤ' ਤੇ 'ਹਰਿਆਣਾ ਦੇ ਲੋਕ-ਗੀਤ' ਡਾ. ਰੰਧਾਵਾ ਦੀਆਂ ਸਦਾ ਯਾਦ ਰੱਖਣ ਵਾਲ਼ੀਆਂ ਪੁਸਤਕਾਂ ਹਨ।



Downloaded from https:// www.studiestoday.com

Downloaded from https:// www.studiestoday.com

ਡਾ. ਰੰਧਾਵਾ ਦਾ ਜਨਮ 2 ਫਰਵਰੀ, 1909 ਈ. ਨੂੰ ਸ. ਸ਼ੇਰ ਸਿੰਘ ਜੀ ਦੇ ਘਰ ਜ਼ੀਰਾ ਵਿਖੇ ਹੋਇਆ। ਉਹਨਾਂ ਦਾ ਜੱਦੀ ਪਿੰਡ ਬੋਦਲ਼ਾਂ, ਜ਼ਿਲ੍ਹਾ ਹੁਸ਼ਿਆਰਪੁਰ ਹੈ। 1924 ਈ. ਵਿੱਚ ਖ਼ਾਲਸਾ ਹਾਈ ਸਕੂਲ ਮੁਕਤਸਰ ਤੋਂ ਦਸਵੀਂ ਅਤੇ ਗੌਰਮਿੰਟ ਕਾਲਜ ਲਾਹੌਰ ਤੋਂ 1930 ਈ. ਵਿੱਚ ਐੱਮ, ਐੱਸ-ਸੀ. ਕਰਨ ਪਿੱਛੋਂ 1934 ਈਂ ਵਿੱਚ ਲੰਡਨੋਂ ਆਈ.ਸੀ.ਐੱਸ. ਦੀ ਪ੍ਰਤਿਯੋਗਤਾ ਪਾਸ ਕੀਤੀ। ਉਸ ਪਿੱਛੋਂ ਆਪ ਉੱਤਰ ਪ੍ਰਦੇਸ਼, ਦਿੱਲੀ, ਹਰਿਆਣਾ ਅਤੇ ਪੰਜਾਬ ਵਿੱਚ ਵੱਖ-ਵੱਖ ਉੱਚੇ ਅਹੁਦਿਆਂ ਉੱਤੇ ਕੰਮ ਕਰਦੇ ਰਹੇ ਤੇ ਫਿਰ ਆਪ ਨੂੰ ਚੰਡੀਗੜ੍ਹ ਦਾ ਮੁੱਖ ਕਮਿਸ਼ਨਰ ਲਾਇਆ ਗਿਆ। ਬਾਅਦ ਵਿੱਚ ਇੱਕ ਅਰਸੇ ਲਈ ਆਪ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ,ਦੇ ਉਪ-ਕੁਲਪਤੀ ਬਣੇ। ਆਪ ਵੱਲੋਂ ਬਨਸਪਤੀ ਵਿਗਿਆਨ ਦੇ ਸੰਬੰਧ ਵਿੱਚ ਕੀਤੀ ਖੋਜ ਉੱਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਆਪ ਨੂੰ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ।

ਜਦੋਂ ਆਪ ਪੰਜਾਬ ਦੇ ਵਿਕਾਸ ਕਮਿਸ਼ਨਰ ਬਣੇ ਤਾਂ ਉਦੋਂ ਤੋਂ ਹੀ ਦ੍ਰਿੜ੍ਹ ਇਰਾਦਾ ਕਰ ਲਿਆ ਸੀ ਕਿ ਪੰਜਾਬ ਦੇ ਪਿੰਡਾਂ ਨੂੰ ਅਜਿਹੇ ਬਣਾ ਦਿਆਂਗਾ, ਜਿੱਥੇ ਖੇਤਾਂ ਵਿੱਚ ਟ੍ਰੈਕਟਰ ਫਪ-ਫਪ ਕਰਦੇ ਫਿਰਨ, ਟਿਊਬਵੈੱਲ ਖੇਤਾਂ ਨੂੰ ਪਾਣੀ ਨਾਲ਼ ਸਿੰਜਦੇ ਹੋਣ, ਕਿਸਾਨਾਂ ਵਿੱਚ ਨਵੇਂ ਵਿਗਿਆਨਿਕ ਢੰਗ ਨਾਲ਼ ਖੇਤੀ ਕਰਨ ਦੀ ਸੂਝ ਹੋਵੇ, ਖੇਤਾਂ ਵਿੱਚ ਹੀ ਉਹਨਾਂ ਦੇ ਸੁੰਦਰ ਫੁੱਲਾਂ ਨਾਲ਼ ਸਜੇ ਘਰ ਹੋਣ। ਹਰ ਪਿੰਡ ਵਿੱਚ ਮਸ਼ੀਨਾਂ ਦੀ ਮੁਰੰਮਤ ਦੀਆਂ ਸਹੂਲਤਾਂ ਹੋਣ ਅਤੇ ਲੋਕ ਰਸਾਇਣਿਕ-ਖਾਦਾਂ ਅਤੇ ਖੇਤੀ ਦੇ ਉੱਨਤ ਢੰਗਾਂ ਦੇ ਗੁਣ ਅਤੇ ਵਰਤੋਂ ਜਾਣਦੇ ਹੋਣ।

ਖੇਤੀ-ਬਾੜੀ ਦੀ ਉੱਨਤੀ ਲਈ ਆਪ ਨੇ ਖੇਤੀ ਦੀ ਮਹਾਨਤਾ ਨੂੰ ਸਮਝਿਆ। ਇਸੇ ਕਰ ਕੇ ਭਾਰਤ ਵਿੱਚ ਖੇਤੀ-ਬਾੜੀ ਯੂਨੀਵਰਸਿਟੀਆਂ ਸਥਾਪਿਤ ਕਰਨ ਦੀ ਪ੍ਰੇਰਨਾ ਦੇਣ ਵਾਲ਼ੇ ਵੀ ਆਪ ਹੀ ਸਨ। ਖੇਤੀ-ਬਾੜੀ ਵਿੱਚ ਨਵੀਆਂ ਖੋਜਾਂ ਤੇ ਇਹਨਾਂ ਤੋਂ ਪ੍ਰਾਪਤ ਸਿੱਟਿਆਂ ਨੂੰ ਕਿਸਾਨਾਂ ਤੀਕ ਪੁਚਾਉਣ ਲਈ ਆਪ ਨੇ ਵਿਸ਼ੇਸ਼ ਸਕੀਮਾਂ ਬਣਾਈਆਂ, ਜਿਨ੍ਹਾਂ ਵਿੱਚੋਂ 'ਘਣੀ-ਖੇਤੀ ਜ਼ਿਲ੍ਹਾ-ਪ੍ਰੋਗ੍ਰਾਮ, ' 'ਘਣੀ-ਖੇਤੀ ਇਲਾਕਾ-ਪ੍ਰੋਗ੍ਰਾਮ,' 'ਵਿਸ਼ੇਸ਼-ਖੇਤੀ ਰੇਡੀਓ-ਪ੍ਰੋਗ੍ਰਾਮ' ਅਤੇ 'ਖੇਤੀ-ਸਾਹਿਤ ਦੀ ਸਿਰਜਣਾ,' ਪ੍ਰਚਾਰ ਤੇ ਪਸਾਰ ਹੈ। ਜਦੋਂ ਇਹਨਾਂ ਨੂੰ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਵਾਗ-ਡੋਰ ਸੰਭਾਲ਼ੀ ਉਦੋਂ ਤੋਂ ਹੀ ਕਿਸਾਨਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣ ਲੱਗਾ। ਉੱਨਤ-ਖੇਤੀ ਦੇ ਢੰਗਾਂ ਦੀ ਸਿਖਲਾਈ ਦੇਣ ਲਈ ਵਿਸ਼ੇਸ਼ ਧਿਆਨ ਦਿੱਤਾ ਜਾਣ ਲੱਗਾ। ਉਹਨਾਂ ਨੇ ਉੱਨਤ-ਖੇਤੀ ਦੇ ਢੰਗਾਂ ਦੀ ਸਿਖਲਾਈ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਯੂ.ਪੀ. ਦੇ ਪਿੰਡਾਂ ਦੇ ਵਿਕਾਸ ਦਾ ਸਿਹਰਾ ਆਪ ਦੇ ਸਿਰ ਹੀ ਬੱਝਦਾ ਹੈ। ਭਾਰਤੀ ਖੇਤੀ-ਬਾੜੀ, ਪਸ਼ੂ-ਪਾਲਣ ਅਤੇ ਫਲ਼ਾਂ, ਫੁੱਲਾਂ ਦੀ ਖੋਜ ਅਤੇ ਵਿਕਾਸ ਦੇ ਖੇਤਰ ਵਿੱਚ ਡਾਕਟਰ ਰੰਧਾਵਾ ਨੇ ਵੱਡਾ ਯੋਗਦਾਨ ਪਾਇਆ।

ਉਹ ਜਿਸ ਪਦਵੀ ਉੱਤੇ ਵੀ ਰਹੇ ਬੜੀ ਸੁਹਿਰਦਤਾ ਤੇ ਦ੍ਰਿੜ੍ਹਤਾ ਨਾਲ਼ ਕੰਮ ਕਰਦੇ ਰਹੇ। ਉਹ ਦੁਆਬੇ ਦੀ ਠੇਠ ਪੰਜਾਬੀ ਬੋਲਦੇ ਸਨ। ਆਲ਼ਸ ਨੂੰ ਕਦੇ ਆਪਣੇ ਨੇੜੇ ਨਹੀਂ ਆਉਣ ਦਿੰਦੇ ਸਨ। ਉਹਨਾਂ ਵਿੱਚ ਆਪਣੇ ਸਹਿਯੋਗੀਆਂ ਪਾਸੋ ਡਟ ਕੇ ਕੰਮ ਲੈਣ ਦਾ ਹੁਨਰ ਸੀ। ਸ਼ਾਇਦ ਹੀ ਜ਼ਿੰਦਗੀ ਵਿੱਚ ਉਹਨਾਂ ਨੇ ਕਿਸੇ ਨੂੰ ਨਾਜਾਇਜ਼ ਸਜ਼ਾ ਦਿੱਤੀ ਹੋਵੇ।

ਕਲਾਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਦੀ ਉਹ ਵਿਸ਼ੇਸ਼ ਕਦਰ ਕਰਦੇ ਸਨ। ਜਿੱਥੋਂ ਤੀਕ ਹੋ ਸਕੇ, ਉਹਨਾਂ ਦੀ ਪੂਰੀ ਮਦਦ ਕਰਦੇ ਸਨ। ਕਲਾਕਾਰਾਂ ਦੀਆਂ ਕਲਾ-ਕ੍ਰਿਤਾਂ ਖ਼ਰੀਦਣ ਲਈ ਉਹਨਾਂ



Downloaded from https:// www.studiestoday.com

Downloaded from https:// www.studiestoday.com

ਨੇ ਲੋਕਾਂ ਨੂੰ ਪ੍ਰੇਰਿਆ। ਲੇਖਕਾਂ, ਗਾਇਕਾਂ ਤੇ ਬੁੱਧੀ-ਜੀਵੀਆਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦਿੱਤੇ।

ਉਹਨਾਂ ਨੇ ਆਪਣੇ ਆਖ਼ਰੀ ਸਾਲਾਂ ਵਿੱਚ 'ਭਾਰਤੀ ਖੇਤੀ ਦਾ ਇਤਿਹਾਸ' ਚਾਰ ਜਿਲਦਾਂ ਵਿੱਚ ਲਿਖਿਆ ਜਿਹੜਾ ਕਿ ਅਸਲ ਵਿੱਚ ਭਾਰਤੀ ਖੇਤੀ ਦਾ ਸਭ ਤੋਂ ਪ੍ਰਮਾਣਿਕ ਇਤਿਹਾਸ ਆਖਿਆ ਜਾ ਸਕਦਾ ਹੈ।

ਰੰਧਾਵਾ ਜੀ ਮਿਹਨਤ ਦੇ ਕਦਰਦਾਨ ਸਨ। ਉਹਨਾਂ ਨੂੰ ਅਹਿਸਾਸ ਸੀ ਕਿ ਪੰਜਾਬ ਦਾ ਜ਼ਿਮੀਦਾਰ ਮਿਹਨਤ ਬਹੁਤ ਕਰਦਾ ਹੈ ਪਰ ਉਸ ਦੇ ਪੱਲੇ ਕੁਝ ਨਹੀਂ ਪੈਂਦਾ। ਰੰਧਾਵਾ ਜੀ ਦਾ ਇਹ ਕਹਿਣਾ ਸੱਚ ਸੀ ਕਿ ਪੰਜਾਬ ਵਿੱਚ ਖ਼ੁਸ਼ਹਾਲੀ ਤਾਂ ਹੀ ਆਵੇਗੀ ਜੇ ਇਸ ਦਾ ਜ਼ਿਮੀਦਾਰ ਖ਼ੁਸ਼ਹਾਲ ਹੋਵੇਗਾ। ਜਿੰਨੀ ਦੇਰ ਡਾ. ਰੰਧਾਵਾ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਦੇ ਵਾਈਸ-ਚਾਂਸਲਰ ਰਹੇ, ਉਹਨਾਂ ਨੇ ਪੰਜਾਬ ਦੇ ਕਿਸਾਨ ਦੀ ਭਰਪੂਰ ਸੇਵਾ ਕੀਤੀ। ਖੇਤਾਂ ਨੂੰ ਵਾਹੁਣ ਦੇ ਵਿਗਿਆਨਿਕ ਢੰਗ, ਬੀਜਣ ਦੇ ਵਿਗਿਆਨਿਕ ਢੰਗ, ਫ਼ਸਲਾਂ ਨੂੰ ਖ਼ਾਦਾਂ ਪਾਉਣ ਤੇ ਕੀੜਿਆਂ ਤੋਂ ਬਚਾਉਣ ਲਈ

ਕੀੜੇ-ਮਾਰ ਦਵਾਈਆਂ ਛਿੜਕਣ ਦੇ ਢੰਗ ਦੱਸਣ ਲਈ ਯੂਨੀਵਰਸਿਟੀ ਵਿੱਚ ਇੱਕ ਵਿਭਾਗ ਕਾਇਮ ਕੀਤਾ। ਇਹ ਵਿਭਾਗ ਫ਼ਸਲਾਂ ਸੰਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਦੇਣ ਵਾਲ਼ਾ ਸਾਹਿਤ ਛਾਪ ਕੇ ਕਿਸਾਨਾਂ ਵਿੱਚ ਮੁਫ਼ਤ ਵੰਡਦਾ ਹੈ। ਰੰਧਾਵਾ ਜੀ ਦੀਆਂ ਕੋਸ਼ਸ਼ਾਂ ਨਾਲ਼ ਹੀ ਹੁਣ ਤੱਕ ਖੇਤੀ-ਬਾੜੀ ਦੇ ਮਾਹਰ 'ਕਿਸਾਨ-ਮੇਲੇ' ਲਾ ਕੇ ਜ਼ਿਮੀਦਾਰਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਅਮਲੀ ਰੂਪ ਵਿੱਚ ਹਾਜ਼ਰ ਹੁੰਦੇ ਹਨ। ਜ਼ਿਮੀਦਾਰ ਦੀ ਆਮਦਨ ਵਧਾਉਣ ਲਈ ਖੇਤੀ-ਬਾੜੀ ਦੇ ਨਾਲ਼-ਨਾਲ਼ ਸਹਾਇਕ ਕਿੱਤਿਆਂ ਦੀ ਸਿਖਲਾਈ ਵੀ ਮੁਫ਼ਤ ਦਿੱਤੀ ਜਾਂਦੀ ਹੈ।

ਰੰਧਾਵਾ ਜੀ ਦੀ ਸ਼ਖ਼ਸੀਅਤ ਦਾ ਦੂਜਾ ਅਹਿਮ ਪੱਖ ਪੰਜਾਬ ਦੇ ਸੱਭਿਆਚਾਰ ਤੇ ਸਾਹਿਤ ਦੀ ਪ੍ਰਫੁੱਲਤਾ ਨਾਲ਼ ਜੁੜਿਆ ਹੋਇਆ ਹੈ। ਰੰਧਾਵਾ ਜੀ ਇਸ ਪ੍ਰਭਾਵ ਬਾਰੇ ਸਪਸ਼ਟ ਸਨ ਕਿ ਪੱਛਮ ਦੀ ਰੋਸ਼ਨੀ ਪੰਜਾਬ ਦੇ ਘਰਾਂ ਦੀਆਂ ਅੰਦਰਲੀਆਂ ਨੁੱਕਰਾਂ ਤੱਕ ਪਹੁੰਚ ਰਹੀ ਹੈ। ਉਹਨਾਂ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਚੱਕੀ, ਚਿਮਟਾ, ਚਰਖਾ, ਪੀੜ੍ਹੀਆਂ ਤੇ ਮੂੜ੍ਹੇ ਛੇਤੀ-ਛੇਤੀ ਸਾਡੀ ਜ਼ਿੰਦਗੀ ਵਿੱਚੋਂ ਨਿਕਲ਼ ਜਾਣਗੇ ਤੇ ਜੇ ਇਹ ਲਾਪਰਵਾਹੀ ਵਿੱਚ ਲੋਪ ਹੋ ਗਏ ਤਾਂ ਪੰਜਾਬੀਆਂ ਦਾ ਅਮੀਰ ਵਿਰਸਾ ਅਲੋਪ ਹੋ ਜਾਵੇਗਾ। ਆਪਣੇ ਅਮੀਰ ਸੱਭਿਆਚਾਰ ਨੂੰ ਸੰਭਾਲ਼ਨ ਲਈ ਡਾ. ਰੰਧਾਵਾ ਨੇ ਵਿਸ਼ੇਸ਼ ਉਪਰਾਲੇ ਕੀਤੇ। ਵੱਡੇ-ਵੱਡੇ ਪਿੰਡਾਂ ਵਿੱਚ 'ਪੇਂਡੂ ਅਜਾਇਬ-ਘਰ' ਬਣਵਾਏ। ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਪੇਂਡੂ ਸੱਭਿਆਚਾਰ ਦਾ ਜਿਉਂਦਾ-ਜਾਗਦਾ ਅਜਾਇਬ-ਘਰ ਬਣਵਾਇਆ। ਇਸ ਅਜਾਇਬ ਘਰ ਦੀ ਨਿਗਰਾਨੀ ਉਹ ਆਪ ਕਰਦੇ ਰਹੇ। ਪਿੰਡਾਂ ਵਿੱਚ ਵਰਤੀਆਂ ਜਾਂਦੀਆਂ ਰਸੋਈ ਦੀਆਂ ਚੀਜ਼ਾਂ ਥਾਲ਼, ਕੌਲੇ, ਗਲਾਸ, ਛੰਨੇ ਤੇ ਮਿੱਟੀ ਦੀਆਂ ਟਿੰਡਾਂ, ਚੁਵੱਕਲ਼ੀ ਤੇ ਬੈੜ ਆਦਿ ਤੋਂ ਲੈ ਕੇ ਪੇਂਡੂ ਸਵਾਣੀਆਂ ਦੀਆਂ ਹੱਥੀਂ ਤਿਆਰ ਕੀਤੀਆਂ ਦਰੀਆਂ, ਫੁਲਕਾਰੀਆਂ ਤੇ ਬਾਗ਼ ਇਸ ਅਜਾਇਬ ਘਰ ਦੇ ਭੰਡਾਰ ਵਿੱਚ ਸ਼ਾਮਲ ਹਨ। ਆਉਣ ਵਾਲ਼ੇ ਸਮਿਆਂ ਵਿੱਚ ਪੰਜਾਬ ਭਾਵੇਂ ਕਿੰਨਾ ਵੀ ਬਦਲ ਜਾਵੇ ਪਰ ਪੁਰਾਣੇ ਪੰਜਾਬ ਦਾ ਚਿਹਰਾ-ਮੁਹਰਾ ਵੇਖਣ ਲਈ ਇਹ ਅਜਾਇਬ-ਘਰ (ਜੋ ਅਮੀਰ ਸੱਭਿਆਚਾਰਿਕ ਵਿਰਸੇ ਨੂੰ ਸੰਭਾਲ਼ੀ ਬੈਠਾ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੈ।) ਸ਼ੀਸ਼ੇ ਦਾ ਕੰਮ ਕਰੇਗਾ।

ਜਦ ਡਾ. ਰੰਧਾਵਾ 'ਟ੍ਰਿਬਿਊਨ' ਦੇ ਟ੍ਰਸਟੀ ਬਣੇ ਤਾਂ ਉਹਨਾਂ ਨੇ ਆਪਣੇ ਸੁਪਨੇ ਨੂੰ ਸਾਕਾਰ ਕਰਨ ਲਈ ਪੰਜਾਬੀ ਦੀ ਰੋਜ਼ਾਨਾ ਅਖ਼ਬਾਰ 'ਪੰਜਾਬੀ-ਟ੍ਰਿਬਿਊਨ', ਅਰੰਭ ਕਰਵਾਈ ਤੇ ਪੰਜਾਬੀ



Downloaded from https:// www.studiestoday.com

Downloaded from https:// www.studiestoday.com

ਦੇ ਲੱਖਾਂ ਪਾਠਕ ਪੈਦਾ ਕਰ ਕੇ ਪੰਜਾਬੀ ਬੋਲੀ ਦੀ ਅਹਿਮ ਸੇਵਾ ਕੀਤੀ। ਪੰਜਾਬੀ ਬੋਲੀ ਨਾਲ਼ ਉਹ ਕਿੰਨਾ ਪਿਆਰ ਕਰਦੇ ਸਨ ਇਹ ਇਸ ਇੱਕ ਗੱਲ ਤੋਂ ਹੀ ਸਪਸ਼ਟ ਹੈ ਕਿ ਉਹ ਅੰਗਰੇਜ਼ੀ ਬੋਲਣ ਦੀ ਮੁਹਾਰਤ ਹੋਣ ਦੇ ਬਾਵਜੂਦ ਵੀ ਆਪਣੇ ਘਰ ਅਤੇ ਦੋਸਤਾਂ-ਮਿੱਤਰਾਂ ਨਾਲ਼ ਸਦਾ ਪੰਜਾਬੀ ਵਿੱਚ ਹੀ ਗੱਲ- ਬਾਤ ਕਰਦੇ। ਜੇ ਕਿਸੇ ਇੰਟਰਵਿਊ ਸਮੇਂ ਕੋਈ ਉਮੀਦਵਾਰ ਅੰਗਰੇਜ਼ੀ ਵਿੱਚ ਜੁਆਬ ਦੇਂਦਾ ਤਾਂ ਉਸ ਨੂੰ ਪੰਜਾਬੀ ਵਿੱਚ ਹੀ ਜਵਾਬ ਦੇਣ ਲਈ ਕਹਿੰਦੇ। ਉਹ ਕਹਿੰਦੇ ਸਨ ਕਿ ਆਪਣੀ ਮਾਤ-ਭਾਸ਼ਾ ਤੋਂ ਵਧੀਆ ਕੋਈ ਹੋਰ ਬੋਲੀ ਨਹੀਂ ਹੁੰਦੀ। ਇਹ ਮਾਤ-ਬੋਲੀ ਹੀ ਹੁੰਦੀ ਹੈ ਜਿਸ ਵਿੱਚ ਆਦਮੀ ਸਭ ਤੋਂ ਸਹਿਜ ਤੇ ਸੌਖ ਨਾਲ਼ ਆਪਣੇ ਦਿਲ ਦੀ ਗੱਲ ਦੂਜੇ ਤੱਕ ਪਹੁੰਚਾ ਸਕਦਾ ਹੈ।

ਜੇ ਚੰਡੀਗੜ੍ਹ ਅੱਜ ਏਨਾ ਸੋਹਣਾ ਹੈ ਤਾਂ ਇਹ ਡਾ. ਰੰਧਾਵਾ ਦਾ ਫੁੱਲ-ਬੂਟਿਆਂ ਅਤੇ ਸੋਹਣੇ ਦਰਖ਼ਤਾਂ ਨਾਲ਼ ਪਿਆਰ ਦੇ ਸਦਕਾ ਹੀ ਹੈ। ਚੰਡੀਗੜ੍ਹ ਦੇ ਰੋਜ਼-ਗਾਰਡਨ ਵਿੱਚ ਇੱਕ ਹਜ਼ਾਰ ਤੋਂ ਵੱਧ ਗੁਲਾਬ ਦੇ ਫੁੱਲਾਂ ਦੀਆਂ ਵੰਨਗੀਆਂ ਹਨ, ਜਿਹੜੀਆਂ ਦੂਜੇ ਮੁਲਕਾਂ ਅਤੇ ਰਾਜਾਂ ਤੋਂ ਉਚੇਚੇ ਤੌਰ 'ਤੇ ਮੰਗਵਾਈਆਂ ਗਈਆਂ ਹਨ। ਚੰਡੀਗੜ੍ਹ ਦੀਆਂ ਸੜਕਾਂ ਦੇ ਦੋਂਹੀਂ ਪਾਸੀਂ ਲਾਉਣ ਲਈ ਸਜਾਵਟੀ ਬੂਟੇ ਅਤੇ ਦਰਖ਼ਤ ਦੂਰ-ਦੁਰਾਡੀਆਂ ਧਰਤੀਆਂ ਤੋਂ ਮੰਗਵਾਏ ਗਏ। ਡਾ. ਰੰਧਾਵਾ ਵੱਲੋਂ ਚੰਡੀਗੜ੍ਹ ਦੇ ਸੈੱਕਟਰ 10 ਵਿੱਚ ਬਣਾਈ ਵੱਡੇ-ਵੱਡੇ ਕਲਾਕਾਰਾਂ ਦੀਆਂ ਕਲਾ-ਕਿਰਤਾਂ ਦੀ ਪ੍ਰਦਰਸ਼ਨੀ ਆਮ ਦਰਸ਼ਕ ਨੂੰ ਕੀਲ ਲੈਂਦੀ ਹੈ। ਸਮੇਂ-ਸਮੇਂ ਚਿੱਤਰਾਂ ਦੀ ਨੁਮਾਇਸ਼ ਲਾਉਣ ਲਈ ਇੱਕ ਵਿਸ਼ੇਸ਼ ਹਾਲ ਬਣਾਇਆ ਗਿਆ ਹੈ, ਜਿੱਥੇ ਕਿਸੇ ਨਾ ਕਿਸੇ ਕਲਾਕਾਰ ਦੀਆਂ ਪੇਂਟਿੰਗਜ਼ ਦੀ ਨੁਮਾਇਸ਼ ਲੱਗੀ ਹੀ ਰਹਿੰਦੀ ਹੈ। ਰੰਧਾਵਾ ਸਾਹਿਬ ਦੇ ਜਤਨਾਂ ਤੇ ਪ੍ਰੇਰਨਾ ਸਦਕਾ ਹੀ ਕਲਾਕਾਰਾਂ ਨੂੰ ਉਤਸ਼ਾਹ ਦੇਣ ਲਈ ਉਹਨਾਂ ਦੀਆਂ ਕਲਾਕ੍ਰਿਤਾਂ ਨੂੰ ਖ਼ਰੀਦ ਕੇ ਸਰਕਾਰੀ ਦਫ਼ਤਰਾਂ ਅਤੇ ਅਮੀਰ ਲੋਕਾਂ ਦੇ ਘਰਾਂ ਵਿੱਚ ਸਜਾਇਆ ਜਾਂਦਾ ਹੈ। ਰੋਜ਼-ਗਾਰਡਨ ਦੇ ਉੱਤਰ ਵਾਲ਼ੇ ਹਿੱਸੇ ਵਿੱਚ ਪੰਜਾਬ ਦੇ ਸਾਹਿਤਕਾਰਾਂ, ਨਾਟਕਕਾਰਾਂ ਅਤੇ ਕਲਾਕਾਰਾਂ ਦੀਆਂ ਸ਼ਖ਼ਸੀਅਤਾਂ ਨੂੰ ਉੱਚਾ ਚੁੱਕਣ ਲਈ 'ਪੰਜਾਬ ਕਲਾ ਪ੍ਰੀਸ਼ਦ' ਨਾਂ ਦੀ ਇੱਕ ਸੰਸਥਾ ਕਾਇਮ ਕੀਤੀ, ਜਿੱਥੇ ਕੋਮਲ-ਕਲਾਵਾਂ ਨਾਲ਼ ਜੁੜਨ ਵਾਲ਼ੇ ਲੋਕ ਇੱਕ-ਦੂਜੇ ਨਾਲ਼ ਵਿਚਾਰ-ਵਟਾਂਦਰਾ ਕਰਕੇ ਆਪਣੇ ਤਜਰਬਿਆਂ ਨੂੰ ਅਮੀਰ ਬਣਾ ਸਕਣ। ਡਾ. ਮਹਿੰਦਰ ਸਿੰਘ ਰੰਧਾਵਾ ਇਸ ਕਲਾ-ਪ੍ਰੀਸ਼ਦ ਦੇ ਪਹਿਲੇ ਪ੍ਰਧਾਨ ਬਣੇ। ਉਹਨਾਂ ਪੁਰਾਣੀ ਅਤੇ ਨਵੀਂ ਪੀੜ੍ਹੀ ਦੇ ਹਜ਼ਾਰਾਂ ਕਲਾਕਾਰਾਂ ਨੂੰ ਉਤਸ਼ਾਹ ਦੇ ਕੇ ਉਹਨਾਂ ਦੀ ਕਲਾ ਦੀ ਕਦਰ ਕੀਤੀ ਤੇ ਆਮ ਲੋਕਾਂ ਦੀ ਪਹੁੰਚ ਦੇ ਕਾਬਲ ਬਣਾਇਆ। ਉਹਨਾਂ ਦੀ ਯਾਦ ਵਿੱਚ 'ਰੰਧਾਵਾ ਆਡੀਟੋਰੀਅਮ' ਬਣਾਇਆ ਗਿਆ।

ਪੰਜਾਬ ਦੀ ਧਰਤੀ ਨੂੰ ਅਥਾਹ ਪਿਆਰ ਕਰਨ ਵਾਲ਼ੇ ਅਤੇ ਏਨੀ ਵਿਸ਼ਾਲ ਸੋਚ ਵਾਲ਼ੇ ਡਾ. ਮਹਿੰਦਰ ਸਿੰਘ ਰੰਧਾਵਾ ਅਚਾਨਕ ਦਿਲ ਦੀ ਹਰਕਤ ਬੰਦ ਹੋ ਜਾਣ ਕਰ ਕੇ 3 ਮਾਰਚ, 1986 ਈਸਵੀ ਨੂੰ ਸਦਾ ਲਈ ਵਿਛੋੜਾ ਦੇ ਗਏ ਪਰ ਆਉਣ ਵਾਲ਼ੀਆਂ ਪੀੜ੍ਹੀਆਂ ਡਾ. ਰੰਧਾਵਾ ਦੇ ਕੰਮਾਂ ਦੀਆਂ ਰਿਣੀ ਰਹਿਣਗੀਆਂ।

## ਪਾਠ-ਅਭਿਆਸ

1. ਦੱਸੋ :

(ੳ) ਡਾ. ਮਹਿੰਦਰ ਸਿੰਘ ਰੰਧਾਵਾ ਕਿੱਥੋਂ ਦੇ ਜੰਮ-ਪਲ਼ ਸਨ? ਉਹਨਾਂ ਨੇ ਕਿਹੜੀ-ਕਿਹੜੀ ਵਿੱਦਿਅਕ ਯੋਗਤਾ ਪ੍ਰਾਪਤ ਕੀਤੀ?



Downloaded from https:// www.studiestoday.com

Downloaded from https:// www.studiestoday.com

(ਅ) ਇੱਕ ਅਧਿਕਾਰੀ ਵਜੋਂ ਡਾ. ਰੰਧਾਵਾ ਕਿਹੜੇ-ਕਿਹੜੇ ਮੁੱਖ ਅਹੁਦਿਆਂ 'ਤੇ ਸੁਸ਼ੋਭਿਤ ਰਹੇ ?

(ੲ) ਪੰਜਾਬ ਵਿੱਚ ਖੇਤੀ-ਬਾੜੀ ਨੂੰ ਉੱਨਤ ਕਰਨ ਲਈ ਡਾ. ਰੰਧਾਵਾ ਦਾ ਕੀ ਯੋਗਦਾਨ ਹੈ ?

(ਸ) ਡਾ. ਮਹਿੰਦਰ ਸਿੰਘ ਰੰਧਾਵਾ ਸਾਹਿਤ ਦੇ ਖੇਤਰ ਵਿੱਚ ਕਿਉਂ ਪ੍ਰਸਿੱਧ ਹੋਏ ?

(ਹ) ਵਿਗਿਆਨ ਦੇ ਖੇਤਰ ਨਾਲ਼ ਡਾ. ਰੰਧਾਵਾ ਦਾ ਨਾਂ ਕਿਵੇਂ ਜੁੜਿਆ ਹੋਇਆ ਹੈ ?

(ਕ) ਡਾ. ਮਹਿੰਦਰ ਸਿੰਘ ਰੰਧਾਵਾ ਦੀ ਸੋਚ ਤੇ ਸੁਭਾਅ ਬਾਰੇ ਪਾਠ ਵਿੱਚ ਕੀ ਦੱਸਿਆ ਹੋਇਆ ਹੈ ?

(ਖ਼) ਪੰਜਾਬ ਨੂੰ ਸੋਹਣਾ ਬਣਾਉਣ ਲਈ ਡਾ. ਰੰਧਾਵਾ ਨੇ ਕੀ ਜਤਨ ਕੀਤੇ ?

(ਗ) ਡਾ. ਰੰਧਾਵਾ ਨੇ ਲੁਧਿਆਣਾ ਵਿਖੇ 'ਪੇਂਡੂ ਅਜਾਇਬ-ਘਰ' ਕਿਸ ਮਨੋਰਥ ਨਾਲ਼ ਸਥਾਪਿਤ ਕੀਤਾ ?

(ਘ) ਚੰਡੀਗੜ੍ਹ ਨੂੰ ਡਾ. ਰੰਧਾਵਾ ਦੀ ਕੀ ਦੇਣ ਹੈ ?

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਬਹੁਪੱਖੀ | : | ਕਈ ਪੱਖਾਂ ਜਾਂ ਪਹਿਲੂਆਂ ਵਾਲ਼ੀ |
| ਕਾਰਜ-ਖੇਤਰ | : | ਕੰਮ-ਕਾਜ ਦਾ ਦਾਇਰਾ |
| ਅੰਦਾਜ਼ | : | ਤੌਰ-ਤਰੀਕਾ |
| ਪ੍ਰਤਿਯੋਗਤਾ | : | ਮੁਕਾਬਲਾ |
| ਵਿਕਾਸ | : | ਤਰੱਕੀ, ਉੱਨਤੀ |
| ਯੋਗਦਾਨ | : | ਦੇਣ, ਸਹਿਯੋਗ |
| ਹੁਨਰ | : | ਕਿਸੇ ਕੰਮ ਵਿੱਚ ਮੁਹਾਰਤ, ਕਲਾ, ਕਾਰੀਗਰੀ |
| ਪ੍ਰਮਾਣਿਕ | : | ਸਹੀ, ਜਿਸ ਲਈ ਕੋਈ ਪ੍ਰਮਾਣ ਹੋਵੇ |
| ਵਿਸ਼ਾਲ | : | ਵੱਡਾ |
| ਸਿਰਜਣਾ | : | ਰਚਨਾ, ਬਣਾਉਣਾ, ਉਤਪੰਨ |
| ਪਸਾਰ | : | ਫੈਲਾਅ, ਖਿਲਾਰ, ਵਿਸਥਾਰ |

3. ਵਾਕਾਂ ਵਿੱਚ ਵਰਤੋ :

ਸੁਸ਼ੋਭਿਤ, ਖ਼ਲਕਤ, ਸਹੂਲਤ, ਉਪਰਾਲੇ, ਪ੍ਰਤਿਭਾ, ਵਾਗ-ਡੋਰ, ਸੁਹਿਰਦਤਾ, ਸਹਿਯੋਗੀ, ਰੁਜ਼ਗਾਰ, ਸ਼ਖ਼ਸੀਅਤ, ਤਾੜਨਾ, ਰਿਣੀ

ਵਿਆਕਰਨ :

ਤੁਸੀਂ ਪਿਛਲੀ ਸ਼੍ਰੇਣੀ ਵਿੱਚ ਪੜ੍ਹ ਚੁੱਕੇ ਹੋ ਕਿ ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ, ਜਿਵੇਂ :

ਜਸਮੀਨ ਬਹੁਤ ਸੁਰੀਲਾ ਗਾਉਂਦੀ ਹੈ।

ਹਰਸ਼ਪ੍ਰੀਤ ਸਕੂਲ ਤੋਂ ਹੁਣੇ ਆਈ ਹੈ।

ਉਪਰੋਕਤ ਵਾਕਾਂ ਵਿੱਚ ਲਕੀਰੇ ਸ਼ਬਦ ਕਿਰਿਆ-ਵਿਸ਼ੇਸ਼ਣ ਹਨ।



Downloaded from https:// www.studiestoday.com

Downloaded from https:// www.studiestoday.com

ਕਿਰਿਆ-ਵਿਸ਼ੇਸ਼ਣ ਸ਼ਬਦ ਅੱਠ ਪ੍ਰਕਾਰ ਦੇ ਹੁੰਦੇ ਹਨ :

| | | | |
|---|---|---|---|
| 1 | ਕਾਲ-ਵਾਚਕ ਕਿਰਿਆ ਵਿਸ਼ੇਸ਼ਣ | 2 | ਸਥਾਨ-ਵਾਚਕ ਕਿਰਿਆ ਵਿਸ਼ੇਸ਼ਣ |
| 3 | ਪ੍ਰਕਾਰ-ਵਾਚਕ ਕਿਰਿਆ ਵਿਸ਼ੇਸ਼ਣ | 4 | ਕਾਰਨ-ਵਾਚਕ ਕਿਰਿਆ ਵਿਸ਼ੇਸ਼ਣ |
| 5 | ਪਰਿਮਾਣ-ਵਾਚਕ ਕਿਰਿਆ ਵਿਸ਼ੇਸ਼ਣ | 6 | ਸੰਖਿਆ-ਵਾਚਕ ਕਿਰਿਆ ਵਿਸ਼ੇਸ਼ਣ |
| 7 | ਨਿਰਨਾ-ਵਾਚਕ ਕਿਰਿਆ ਵਿਸ਼ੇਸ਼ਣ | 8 | ਨਿਸ਼ਚੇ-ਵਾਚਕ ਕਿਰਿਆ ਵਿਸ਼ੇਸ਼ਣ |

1. **ਕਾਲ-ਵਾਚਕ ਕਿਰਿਆ ਵਿਸ਼ੇਸ਼ਣ :** ਜਿਸ ਸ਼ਬਦ ਤੋਂ ਕਿਰਿਆ ਦੇ ਹੋਣ ਦੇ ਸਮੇਂ ਦਾ ਪਤਾ ਲੱਗੇ, ਉਸ ਨੂੰ ਕਾਲ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ, ਜਿਵੇਂ : ਕੱਲ੍ਹ, ਪਰਸੋਂ, ਸਵੇਰੇ, ਛੇ ਵਜੇ, ਕਦੋਂ, ਜਦੋਂ, ਕਦੇ ਆਦਿ।

2. **ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ :** ਜਿਸ ਸ਼ਬਦ ਤੋਂ ਕਿਰਿਆ ਦੇ ਹੋਣ ਦੇ ਸਥਾਨ ਦਾ ਪਤਾ ਲੱਗੇ, ਉਸ ਨੂੰ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ, ਜਿਵੇਂ : ਘਰ, ਅੰਦਰ, ਬਾਹਰ, ਇੱਧਰ, ਉੱਧਰ, ਉੱਪਰ, ਹੇਠਾਂ, ਜਿੱਥੇ, ਕਿੱਥੇ, ਸੱਜੇ, ਖੱਬੇ, ਵਿਚਕਾਰ ਆਦਿ।

3. **ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ :** ਜਿਸ ਸ਼ਬਦ ਤੋਂ ਕਿਰਿਆ ਦੇ ਹੋਣ ਦੇ ਢੰਗ, ਤਰੀਕੇ ਜਾਂ ਪ੍ਰਕਾਰ ਦਾ ਪਤਾ ਲੱਗੇ, ਉਸ ਨੂੰ ਪ੍ਰਕਾਰ-ਵਾਚਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ, ਜਿਵੇਂ : ਜਿਸ ਤਰ੍ਹਾਂ, ਇਸ ਤਰ੍ਹਾਂ, ਇਉਂ, ਇਵੇਂ, ਹੌਲ਼ੀ, ਤੇਜ਼, ਕਾਹਲ਼ੀ, ਛੇਤੀ, ਆਦਿ।

4. **ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ :** ਜਿਸ ਸ਼ਬਦ ਤੋਂ ਕਿਸੇ ਕਿਰਿਆ ਦੇ ਹੋਣ ਜਾਂ ਨਾ ਹੋਣ, ਕੀਤੇ ਜਾਣ ਜਾਂ ਨਾ ਕੀਤੇ ਜਾਣ ਦੇ ਕਾਰਨ ਦਾ ਪਤਾ ਲੱਗੇ, ਉਸ ਨੂੰ ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ, ਜਿਵੇ : ਕਿਉਂ, ਇਸ ਲਈ, ਇਸ ਕਰਕੇ, ਤਾਂਜੋ, ਤਦੇ, ਤਾਂਹੀ ਆਦਿ।

ਡਾ. ਮਹਿੰਦਰ ਸਿੰਘ ਰੰਧਾਵਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ਼ ਪਿਆਰ ਕਰਨ ਵਾਲ਼ੇ ਇੱਕ ਮਹਾਨ ਇਨਸਾਨ ਸਨ। ਕੀ ਤੁਸੀਂ ਕਿਸੇ ਹੋਰ ਅਜਿਹੀ ਸ਼ਖ਼ਸੀਅਤ ਬਾਰੇ ਜਾਣਦੇ ਹੋ ਜਿਸ ਦਾ ਪੰਜਾਬ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਹੋਵੇ। ਆਪਣੇ ਅਧਿਆਪਕ ਜੀ ਦੀ ਮਦਦ ਨਾਲ਼ ਸੰਖੇਪ ਵਿੱਚ ਲਿਖੋ।

ਇਸ ਪਾਠ ਵਿੱਚ ਖੇਤੀ-ਬਾੜੀ ਨਾਲ਼ ਸੰਬੰਧਿਤ ਸੰਦਾਂ ਦਾ ਜ਼ਿਕਰ ਆਇਆ ਹੈ, ਉਹਨਾਂ ਦੀ ਸੂਚੀ ਬਣਾਓ।



Downloaded from https:// www.studiestoday.com

Downloaded from https:// www.studiestoday.com

ਪਾਠ-13

# ਧਰਤੀ

ਮੈਂ ਸੂਰਜ ਦੀ ਬੇਟੀ-ਰਾਣੀ,
ਥਲ ਤੋਂ ਤਿੰਨ ਗੁਣਾ ਹੈ ਪਾਣੀ।
ਆਖਣ ਲੋਕੀਂ ਧਰਤੀ ਮਾਂ,
ਮੈਂ ਤਾਂ ਰੈਣ-ਬਸੇਰਾ ਹਾਂ।

ਹੋਂਦ ਮੇਰੀ ਏ ਬੜੀ ਪੁਰਾਣੀ,
ਇਹ ਵੀ ਹੈ ਇੱਕ ਅਜਬ ਕਹਾਣੀ।
ਦਿਸਦੀ ਹਾਂ ਮਿੱਟੀ ਦੀ ਢੇਰੀ,
ਸ਼ਕਲ ਹੋਰ ਸੀ ਪਹਿਲਾਂ ਮੇਰੀ।

ਭਖਦੀਆਂ ਗੈਸਾਂ ਦਾ ਸੀ ਗੋਲ਼ਾ,
ਦਗਦਾ ਜਿਉਂ ਭੱਠੀ ਵਿੱਚ ਕੋਲਾ।
ਬੀਤੇ ਵਰ੍ਹੇ ਕਈ ਲੱਖ-ਹਜ਼ਾਰ,
ਠੰਢੀ ਹੋ ਗਈ ਆਖ਼ਰਕਾਰ।

ਮੈਂ ਸੂਰਜ ਤੋਂ ਹੋਈ ਪੈਦਾ,
ਦੁਆਲ਼ੇ ਘੁੰਮਣਾ ਪੱਕਾ ਕਾਇਦਾ।
ਗਰਮੀ, ਮੀਂਹ, ਬਸੰਤ, ਸਿਆਲ਼,
ਆ ਕੇ ਪੁੱਛਣ ਮੇਰਾ ਹਾਲ।

ਲਾਟੂ ਵਾਂਗੂੰ ਧੁਰੀ ਦੁਆਲ਼ੇ,
ਰਹਾਂ ਘੁੰਮਦੀ ਆਪਣੀ ਚਾਲੇ।
ਘੁੰਮਣ ਕਾਰਨ ਦਿਨ ਤੇ ਰਾਤ,
ਵਾਰੋ-ਵਾਰੀ ਮਾਰਨ ਝਾਤ।



Downloaded from https:// www.studiestoday.com

Downloaded from https:// www.studiestoday.com

ਮੈਂ ਹਾਂ ਅੰਡੇ ਵਾਕੁਰ ਗੋਲ਼,
ਪਾਇਆ ਮੈਂ ਵਾਯੂ ਦਾ ਖੋਲ।
ਗੈਸਾਂ ਕਈ ਵਾਯੂ ਦੇ ਵਿੱਚ,
ਰੱਖਾਂ ਮੈਂ ਆਪਣੇ ਵੱਲ ਖਿੱਚ।

ਇਹ ਹੈ ਮੇਰੀ ਕਥਾ-ਕਹਾਣੀ,
ਮੈ ਸੂਰਜ ਦੀ ਬੇਟੀ-ਰਾਣੀ।
ਆਖਣ ਲੋਕੀਂ ਧਰਤੀ-ਮਾਂ,
ਮੈਂ ਤਾਂ ਰੈਣ-ਬਸੇਰਾ ਹਾਂ।

## ਪਾਠ-ਅਭਿਆਸ

1. ਦੱਸੋ :

(ੳ) ਮੈਂ ਸੂਰਜ ਤੋਂ ਹੋਈ ਪੈਦਾ-ਇਸ ਸਤਰ ਦਾ ਕੀ ਭਾਵ ਹੈ ?
(ਅ) ਧਰਤੀ ਉੱਤੇ ਕਿਹੜੀਆਂ-ਕਿਹੜੀਆਂ ਰੁੱਤਾਂ ਆਉਂਦੀਆਂ ਹਨ ?
(ੲ) ਪਹਿਲਾਂ ਧਰਤੀ ਕਿਹੋ-ਜਿਹੀ ਸੀ ?
(ਸ) ਧਰਤੀ ਸੂਰਜ ਦੁਆਲ਼ੇ ਘੁੰਮਣ ਕਾਰਨ ਧਰਤੀ ਉੱਤੇ ਕੀ ਪ੍ਰਭਾਵ ਪੈਂਦਾ ਹੈ ?
(ਹ) ਧਰਤੀ ਦਾ ਆਕਾਰ ਤੇ ਵਾਤਾਵਤਨ ਕਿਹੋ-ਜਿਹਾ ਹੈ ?

2. ਹੇਠ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ :

(ੳ) ਲਾਟੂ ਵਾਂਗੂੰ ਧੁਰੀ ਦੁਆਲ਼ੇ,
ਰਹਾਂ ਘੁੰਮਦੀ ਆਪਣੀ ਚਾਲੇ।
ਘੁੰਮਣ ਕਾਰਨ ਦਿਨ ਤੇ ਰਾਤ,
ਵਾਰੋ-ਵਾਰੀ ਮਾਰਨ ਝਾਤ।

(ਅ) ਇਹ ਹੈ ਮੇਰੀ ਕਥਾ-ਕਹਾਣੀ,
ਮੈ ਸੂਰਜ ਦੀ ਬੇਟੀ-ਰਾਣੀ।
ਆਖਣ ਮਾਂ ਧਰਤੀ-ਮਾਂ,
ਮੈਂ ਤਾਂ ਰੈਣ-ਬਸੇਰਾ ਹਾਂ।



Downloaded from https:// www.studiestoday.com

Downloaded from https:// www.studiestoday.com

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਰੈਣ-ਬਸੇਰਾ | : | ਉਹ ਥਾਂ ਜਿੱਥੇ ਮੁਸਾਫ਼ਰ ਰਾਤ ਕੱਟਦੇ ਹਨ |
| ਅਜਬ | : | ਹੈਰਾਨ ਕਰਨ ਵਾਲ਼ਾ, ਅਨੋਖਾ |
| ਵਾਯੂ | : | ਹਵਾ |
| ਧੁਰੀ | : | ਅਰੰਭ, ਮੁੱਢ |
| ਕਾਇਦਾ | : | ਢੰਗ, ਨੇਮ, ਅਸੂਲ, ਰੀਤ, ਦਸਤੂਰ |

4. ਵਾਕਾਂ ਵਿੱਚ ਵਰਤੋ :

ਬੇਟੀ, ਥਲ, ਰੈਣ-ਬਸੇਰਾ, ਹੋਂਦ, ਅਜਬ, ਢੇਰੀ, ਸ਼ਕਲ, ਗੈਸ, ਆਖ਼ਰਕਾਰ, ਲਾਟੂ, ਵਾਯੂ।

ਅਧਿਆਪਕ ਬੱਚਿਆਂ ਨੂੰ ਧਰਤੀ ਦੇ ਮਹੱਤਵ ਬਾਰੇ ਸਮਝਾਵੇ।



Downloaded from https:// www.studiestoday.com

Downloaded from https:// www.studiestoday.com

## ਪਾਠ-14

# ਸਾਂਝੀ ਮਾਂ

ਕਸ਼ਮੀਰ ਦੀ ਲੜਾਈ, ਪੰਜਾਬ ਕੌਰ ਲਈ ਚਾਂਦਮਾਰੀ ਤੋਂ ਵਧੇਰੇ ਵਿਸ਼ੇਸ਼ਤਾ ਨਹੀਂ ਸੀ ਰੱਖਦੀ। ਉੱਥੋਂ ਦੀ ਗੋਲ਼ਾਬਾਰੀ, ਤੋਪਾਂ ਦੇ ਫ਼ਾਇਰ ਤੇ ਟੈਂਕਾਂ ਦੀ ਗਰਜ ਪੰਜਾਬ ਕੌਰ ਦੀ ਨਿਤਾਪ੍ਰਤੀ ਜੀਵਨ ਵਿੱਚ ਕੋਈ ਵਿਘਨ ਨਾ ਪਾ ਸਕੇ। ਉਹ ਘਰ ਵਿੱਚ ਰੋਜ਼ ਵਾਂਗ ਸਵੇਰੇ ਉੱਠ ਕੇ ਇਸ਼ਨਾਨ ਕਰਦੀ, ਚਾਹ ਬਣਾਉਂਦੀ, ਆਟਾ ਗੁੰਨ੍ਹਦੀ, ਰੋਟੀਆਂ ਲਾਹੁੰਦੀ ਤੇ ਹਾਲ਼ੀਆਂ ਨੂੰ ਕੰਮ ਲਈ ਤੋਰ ਦਿੰਦੀ। ਰੇਡੀਓ ਉੱਤੇ ਖ਼ਬਰ ਆਉਂਦੀ ਕਿ ਭਾਰਤੀ ਸੈਨਾ ਅੱਗੇ ਵਧ ਰਹੀ ਹੈ, ਪੰਜਾਬ ਕੌਰ ਸੁਣ ਛੱਡਦੀ।

ਅਸਲ ਵਿੱਚ ਜੰਗ ਨੂੰ ਪੰਜਾਬ ਕੌਰ ਅਭਿਆਸ ਤੋਂ ਵਧੇਰੇ ਵਿਸ਼ੇਸ਼ਤਾ ਨਹੀਂ ਸੀ ਦਿੰਦੀ। ਅਭਿਆਸ ਦਾ ਹਰਜ ਵੀ ਕੀ ਹੈ ? ਸਾਰੇ ਖਿਡਾਰੀ ਖੇਡਣ ਤੋਂ ਪਹਿਲਾਂ ਅਭਿਆਸ ਕਰਦੇ ਹਨ। ਦੌੜਨ ਵਾਲ਼ੇ ਦੌੜਦੇ ਹਨ, ਘੁਲ਼ਨ ਵਾਲ਼ੇ ਘੁਲ਼ਦੇ ਹਨ। ਸਾਗਰਾਂ ਦੇ ਤਾਰੂ, ਰੇਸ ਦੇ ਘੋੜੇ, ਸਾਰੇ ਲੜਨ ਲਈ ਤਿਆਰ ਰੱਖੇ ਜਾਂਦੇ ਹਨ। ਸਾਰੇ ਖੇਡ ਅਭਿਆਸ ਨਾਲ਼ ਹੀ ਜਿੱਤਦੇ ਹਨ, ਪੰਜਾਬ ਕੌਰ ਸੋਚਦੀ ।

ਰੇਡੀਓ ਖ਼ਬਰ ਦਿੰਦਾ ਹੈ ਕਿ ਭਾਰਤੀ ਫ਼ੌਜਾਂ ਯੋਜਨਾ-ਪੂਰਵਕ ਦੁਸ਼ਮਣ ਦਾ ਟਾਕਰਾ ਕਰ ਰਹੀਆਂ ਹਨ। ਪੰਜਾਬ ਕੌਰ ਸੁਣ ਕੇ ਸ਼ਾਂਤ ਹੋ ਜਾਂਦੀ। ਉਸ ਨੂੰ ਕੰਮ ਕਰਨ ਵਿੱਚ ਬੜਾ ਸੁਆਦ ਆਉਂਦਾ। ਉਸ ਨੇ ਆਪਣੇ ਕੰਮ ਦੀ ਰਫ਼ਤਾਰ ਗੋਲ਼ਾਬਾਰੀ ਦੀ ਰਫ਼ਤਾਰ ਨਾਲ਼ ਤੇਜ਼ ਕਰ ਲਈ ਸੀ।

ਖ਼ਬਰਾਂ ਆਈਆਂ, ਸਰਹੱਦ ਦੇ ਉਸ ਪਾਰ ਘਮਸਾਣ ਦੀ ਲੜਾਈ ਹੋ ਰਹੀ ਹੈ। ਫ਼ੌਜਾਂ ਦੇ ਸਰਹੱਦ ਤੋਂ ਪਾਰ ਹੋਣ ਦਾ ਬੜਾ ਨਸ਼ਾ ਸੀ ਪਰ ਯੁੱਧ ਦੇ ਘਮਸਾਣੀ ਹੋਣ ਦਾ ਬੜਾ ਭੈ ਸੀ। ਪੰਜਾਬ ਕੌਰ ਨੂੰ ਜਾਪਿਆ ਜਿਵੇਂ ਲੜਾਈ ਦੀ ਖ਼ਬਰ ਨੇ ਉਸ ਦੇ ਦਿਲ ਦਾ ਚੈਨ ਖੋਹ ਲਿਆ ਹੋਵੇ। ਅਜਿਹੇ ਘਮਸਾਣ ਦੇ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਵਿੱਚ ਸ਼ਹੀਦ ਹੋਏ ਸਨ। ਇੱਕ ਹੋਰ ਯੁੱਧ ਵਿੱਚ ਬੰਦਾ ਬਰਾਗੀ ਨੇ ਸਰਹੰਦ ਦੀ ਇੱਟ ਨਾਲ਼ ਇੱਟ ਵਜਾਈ ਸੀ। ਉਸ ਦੇ ਗੁਆਂਢੀ ਸ਼ਹਿਰ ਅਟਾਰੀ ਵਾਲ਼ੇ ਸਰਦਾਰ ਸ਼ਾਮ ਸਿੰਘ ਨੇ ਹਰੀਕੇ ਪੱਤਣ ਨੂੰ ਗੋਰਿਆਂ ਦੀ ਲਾਲ ਰੱਤ ਨਾਲ਼ ਰੰਗ ਦਿੱਤਾ ਸੀ। ਪੰਜਾਬ ਦੀ ਧਰਤੀ ਖ਼ੂਨੋ-ਖ਼ੂਨ ਹੋ ਗਈ ਸੀ।

ਪੰਜਾਬ ਕੌਰ ਘਮਸਾਣ ਦੀ ਲੜਾਈ ਦਾ ਚਿੱਤਰ ਆਪਣੇ ਨੈਣਾਂ ਅੱਗੇ ਚਿਤਰ ਸਕਦੀ ਸੀ। ਸਰਹੱਦ ਦੇ ਪਾਰ ਭਾਰਤੀ ਜਵਾਨ ਪਾਕਿਸਤਾਨੀ ਸਿਪਾਹੀਆਂ ਨਾਲ਼ ਗੁੱਥਮ-ਗੁੱਥਾ ਹੋ ਚੁੱਕੇ ਸਨ। ਘਮਸਾਣ ਦੇ ਯੁੱਧ ਦੀ ਖ਼ਬਰ ਨੇ ਸਾਰੇ ਸ਼ਹਿਰੀਆਂ ਨੂੰ ਇੱਕ-ਮੁੱਠ ਕਰ ਦਿੱਤਾ ਸੀ।

ਰੇਡੀਓ 'ਤੇ ਖ਼ਬਰ ਆਈ ਕਿ ਰਾਤ ਨੂੰ ਅੰਮ੍ਰਿਤਸਰ ਸ਼ਹਿਰ ਉੱਤੇ ਹਵਾਈ ਜਹਾਜ਼ਾਂ ਦੀ ਬੰਬਾਰੀ ਦਾ ਡਰ ਹੈ। ਦੁਸ਼ਮਣ ਨੇ ਬਿਆਸ ਦੇ ਪੁਲ਼ ਅਤੇ ਆਦਮਪੁਰ ਦੇ ਹਵਾਈ ਅੱਡੇ ਉੱਤੇ ਪਾਕਿਸਤਾਨੀ ਛਾਤਾ-ਬਰਦਾਰ ਉਤਾਰ ਦਿੱਤੇ ਹਨ। ਦਿਨ ਵੇਲ਼ੇ ਛਾਤਾ-ਬਰਦਾਰਾਂ ਤੋਂ ਬਚੋ, ਰਾਤ ਨੂੰ ਹਵਾਈ ਬੰਬਾਰੀ ਤੋਂ। ਸ਼ਹਿਰ ਵਿੱਚ ਪੂਰਨ ਬਲੈਕ-ਆਊਟ ਰੱਖੋ। ਘਰ ਵਿੱਚ ਰੋਸ਼ਨੀ ਦੀ ਸਜ਼ਾ ਮੌਤ ਹੈ। ਕੱਚ ਦੇ ਸ਼ੀਸ਼ਿਆਂ ਅੱਗੇ ਕਾਗ਼ਜ਼ ਲਾ ਲਏ ਜਾਣ। ਕੰਨਾਂ ਵਿੱਚ ਰੂੰ ਰੱਖੀ ਜਾਵੇ। ਹੋ ਸਕੇ ਤਾਂ ਬਾਹਰ ਟੋਇਆਂ ਵਿੱਚ ਸੌਂਵੋ।



Downloaded from https:// www.studiestoday.com

Downloaded from https:// www.studiestoday.com

ਏਦਾਂ ਦੀਆਂ ਕਈ ਸੂਚਨਾਵਾਂ ਕਾਰਨ ਪੰਜਾਬ ਕੌਰ ਘਬਰਾ ਗਈ। ਉਹ ਵਾਰ-ਵਾਰ ਰੇਡੀਓ ਸੁਣਦੀ। ਉਸ ਨੂੰ ਸੂਚਨਾਵਾਂ ਦੀ ਸਮਝ ਨਾ ਪੈਂਦੀ। ਰੂੰ ਕਿਹੜੇ ਕੰਨ ਵਿੱਚ ਕਿੰਨੀ ਕੁ ਦੇਣੀ ਹੈ। ਖ਼ਤਰੇ ਦਾ ਘੁੱਗੂ ਵੱਜਣ ਉੱਤੇ ਬੰਬ ਦੀ ਮੌਤੇ ਮਰਨ ਲਈ ਕਿਵੇਂ ਤਿਆਰ ਹੋਣਾ ਹੈ। ਪੰਜਾਬ ਕੌਰ ਦੇ ਵੇਖਦਿਆਂ-ਵੇਖਦਿਆਂ ਭਾਰਤੀ ਤੋਪਚੀਆਂ ਨੇ ਉਸ ਦੇ ਦਰਵਾਜ਼ੇ ਅੱਗੇ ਜਹਾਜ਼ਾਂ ਨੂੰ ਸੁੱਟਣ ਵਾਲ਼ੀ ਤੋਪ ਗੱਡ ਲਈ ਸੀ।

ਸ਼ਹਿਰ ਦੇ ਨੇੜੇ ਦੇ ਖੇਤਾਂ ਵਿੱਚ ਬੰਬ ਡਿਗਣੇ ਸ਼ੁਰੂ ਹੋ ਗਏ। ਕੁਝ ਫਟ ਜਾਂਦੇ ਤੇ ਕੁਝ ਨਾ ਹੀ ਫਟਦੇ। ਨਾ ਫਟਣ ਵਾਲ਼ਿਆਂ ਦਾ ਭੈ ਫਟ ਚੁੱਕਿਆਂ ਨਾਲ਼ੋਂ ਵਧੇਰੇ ਸੀ। ਪਤਾ ਨਹੀਂ ਕਦੋਂ ਫਟ ਜਾਏ। ਇੱਕ ਜ਼ਹਿਰੀਲੀ ਗੈਸ ਦਾ ਬੰਬ,ਪੰਜਾਬ ਕੌਰ ਦੇ ਦਰਾਂ ਅੱਗੇ ਆਣ ਡਿਗਿਆ ਸੀ। ਉਸ ਨੇ ਵੇਖਿਆ ਸੀ ਕਿ ਹਰਿਆਈ ਇਸ ਦੇ ਸੇਕ ਨਾਲ਼ ਹੀ ਭੂਸ ਬਣ ਗਈ ਸੀ।

ਸ਼ਾਮ ਤੱਕ ਪੰਜਾਬ ਕੌਰ ਦਾ ਸਾਰਾ ਗੁਆਂਢ ਖ਼ਾਲੀ ਹੋ ਗਿਆ। ਜਿਹੜੇ ਪਿੱਛੇ ਰਹਿ ਗਏ ਸਨ, ਉਹ ਵੀ ਜਿਊਂਦੇ ਨਹੀਂ ਸਨ ਜਾਪਦੇ। ਸਾਰੀ ਧਰਤੀ ਕਬਰਸਤਾਨ ਬਣ ਗਈ ਸੀ। ਪੰਜਾਬ ਕੌਰ ਦੇ ਜੇ ਕੋਈ ਸਾਥੀ ਸਨ ਤਾਂ ਨਾਲ਼ ਦੇ ਖੇਤ ਵਿੱਚ ਲੱਗੀ ਤੋਪ ਵਾਲ਼ੇ ਤੋਪਚੀ। ਉਹ ਵੇਲ਼ੇ-ਕੁਵੇਲ਼ੇ ਪੰਜਾਬ ਕੌਰ ਕੋਲ਼ ਆ ਬੈਠਦੇ। ਉਹ ਜੰਗ ਦੀਆਂ ਖ਼ਬਰਾਂ ਦਿੰਦੇ, ਜਿੱਤ ਦਾ ਅਹਿਸਾਸ ਕਰਾਉਂਦੇ ਤੇ ਧਰਵਾਸ ਦੇ ਕੇ ਚਲੇ ਜਾਂਦੇ। ਉਹ ਵੀ ਤੋਪਚੀਆਂ ਨੂੰ ਚਾਹ ਪਿਆਉਂਦੀ, ਪਿਆਰ ਦਿੰਦੀ ਤੇ ਸ਼ੇਰ ਬੱਚੇ ਆਖ ਕੇ ਪੁਕਾਰਦੀ।

ਖ਼ਤਰੇ ਦਾ ਘੁੱਗੂ ਵੱਜਣ 'ਤੇ ਚਾਰ-ਚੁਫ਼ੇਰਾ ਸਾਂ-ਸਾਂ ਕਰਨ ਲੱਗ ਪਿਆ। ਬੱਤੀਆਂ ਬੁਝ ਗਈਆਂ, ਨਿਆਣੇ ਮੰਜੀਆਂ ਤੋਂ ਉੱਤਰ ਕੇ ਧਰਤੀ ਉੱਤੇ ਮੂਧੇ ਹੋ ਗਏ। ਖੇਤਾਂ ਦੇ ਚੂਹੇ ਵੀ ਡਰਦੇ ਮਾਰੇ ਘਰੀਂ ਆ ਵੜੇ। ਉਹ ਮੂਧੇ ਪਏ ਨਿਆਣਿਆਂ ਦੀਆਂ ਪਿੱਠਾਂ ਉੱਤੇ ਦਗੜ-ਦਗੜ ਦੌੜਨ ਲੱਗੇ। ਬੰਬ ਦਾ ਧਮਾਕਾ ਪਿਆ ਤਾਂ ਮਕਾਨ ਦੇ ਦਰਵਾਜ਼ੇ ਤੇ ਖਿੜਕੀਆਂ ਖਾੜ-ਖਾੜ ਖੜਕਣ ਲੱਗੇ।

ਦਰਵਾਜ਼ੇ ਅੱਗੇ ਫਟੇ ਬੰਬ ਦਾ ਡਰ ਉਸ ਦੇ ਮਨੋਂ ਨਾ ਲੱਥਾ। ਇਸ ਦੀ ਭਾਫ਼ ਬੜੀ ਜ਼ਹਿਰੀਲੀ ਹੁੰਦੀ ਹੈ, ਉਸ ਨੇ ਸੁਣਿਆ ਸੀ। ਇਸ ਵਿੱਚ ਠੋਸ ਪਦਾਰਥ ਇੰਞ ਭੁੰਨੇ ਜਾਂਦੇ ਹਨ,ਜਿਵੇਂ ਉਬਲ਼ਦੇ ਤੇਲ ਵਿੱਚ ਮੱਛੀ। ਉਹ ਆਪਣੇ ਬੱਚਿਆਂ ਨੂੰ ਕਿਵੇਂ ਮੱਛੀ ਵਾਂਗ ਭੁਨੀਂਦੇ ਦੇਖ ਸਕਦੀ ਸੀ। ਉਸ ਦੀ ਆਪਣੀ ਅਉਧ ਬੀਤ ਚੁੱਕੀ ਸੀ। ਉਸ ਨੂੰ ਬੱਚਿਆਂ ਦੀ ਅਉਧ ਖ਼ਰਾਬ ਕਰਨ ਦਾ ਕੀ ਹੱਕ ਸੀ?

ਪੰਜਾਬ ਕੌਰ ਨੇ ਘਰ ਛੱਡਣ ਦਾ ਫ਼ੈਸਲਾ ਕਰ ਲਿਆ ਸੀ,"ਲੈ ਬੱਚਾ ਮੈਂ ਤਾਂ ਚੱਲੀ, ਹੋ ਸਕੇ ਤਾਂ ਘਰ ਦਾ ਖ਼ਿਆਲ ਰੱਖਣਾ।" ਉਸ ਨੇ ਭਰੇ ਮਨ ਨਾਲ਼ ਤੋਪਚੀ ਸਿਪਾਹੀਆਂ ਨੂੰ ਕਿਹਾ,"ਮੈਥੋਂ ਆਪਣੇ ਬੱਚਿਆਂ ਦਾ ਅਨੀਂਦਰਾ ਨਹੀਂ ਸਹਿ ਹੁੰਦਾ।" ਉਸ ਦਾ ਬੋਲਦੀ-ਬੋਲਦੀ ਦਾ ਗੱਚ ਭਰ ਗਿਆ। ਉਹ ਆਪਣਾ ਘਰ ਨਹੀਂ ਸੀ ਛੱਡਣਾ ਚਾਹੁੰਦੀ।

ਤੋਪਚੀ ਪੰਜਾਬ ਕੌਰ ਨੂੰ ਕੁਝ ਨਹੀਂ ਸੀ ਕਹਿ ਸਕਦੇ। ਉਹ ਸਮਾਨ ਬਨ੍ਹਾਉਣ ਵਿੱਚ ਉਸ ਦੀ ਮਦਦ ਕਰਨ ਲੱਗੇ। ਸ਼ਹਿਰੀ ਵੱਸੋਂ ਦੀ ਇਸ ਮੁੱਠ ਭਰ ਟੱਬਰੀ ਦਾ ਤੋਪਚੀਆਂ ਨੂੰ ਬੜਾ ਆਸਰਾ ਸੀ ਪਰ ਉਹ ਉਹਨਾਂ ਨੂੰ ਮਜਬੂਰ ਕਰ ਕੇ ਨਹੀਂ ਸਨ ਰੱਖਣਾ ਚਾਹੁੰਦੇ। ਦੂਰ ਦਿੱਲੀ-ਦੱਖਣ ਤੋਂ ਆ ਕੇ ਉਹਨਾਂ ਨੂੰ ਏਥੇ ਵੀ ਇੱਕ ਮਾਂ ਮਿਲ਼ ਗਈ ਸੀ ਜਿਹੜੀ ਖ਼ਤਰੇ ਦੇ ਇਹਨਾਂ ਦਿਨਾਂ ਵਿੱਚ ਆਪਣੀ ਅਸਲ



Downloaded from https:// www.studiestoday.com

Downloaded from https:// www.studiestoday.com

ਮਾਂ ਨਾਲ਼ੋਂ ਵੀ ਕਿਤੇ ਵਡੇਰੀ ਮਾਂ ਸੀ। ਹੁਣ ਇਹ ਮਾਂ ਉਹਨਾਂ ਨੂੰ ਛੱਡ ਕੇ ਜਾ ਰਹੀ ਸੀ। ਦੋਵੇਂ ਧਿਰਾਂ ਇੱਕ ਦੂਜੀ ਤੋਂ ਆਗਿਆ ਲੈਣ ਲਈ ਉੱਠ ਖਲੋਤੀਆਂ। "ਚੰਗਾ ਫੇਰ ਨਮਸਤੇ" ਕਹਿਣ ਦੀ ਢਿੱਲ ਸੀ ਕਿ ਦੋਂਹਾਂ ਧਿਰਾਂ ਨੇ ਇੱਕ ਦੂਜੇ ਦੀਆਂ ਅੱਖਾਂ ਤੋਂ ਓਹਲੇ ਹੋ ਜਾਣਾ ਸੀ।

ਤੋਪਚੀਆਂ ਦੇ ਸਰਦਾਰ ਦਾ ਦਿਲ ਭਰ ਆਇਆ। "ਮੈਂ ਕਹਿਣਾ ਤਾਂ ਨਹੀਂ ਚਾਹੁੰਦਾ ਪਰ ਮਾਤਾ ਜੀ, ਜਦੋਂ ਤੱਕ ਅਸੀਂ ਜਿਉਂਦੇ ਹਾਂ, ਤੁਹਾਡੀ 'ਵਾ ਵੱਲ ਵੀ ਕੋਈ ਨਹੀਂ ਤੱਕ ਸਕਦਾ।"

ਤੋਪਚੀ ਦੇ ਬੋਲਾਂ ਵਿੱਚ ਭਾਵੇਂ ਪੂਰਾ ਕਰਾਰ ਸੀ ਪਰ ਜਿਸ ਸਥਿਤੀ ਵਿੱਚ ਉਸ ਨੇ ਇਹ ਵਾਕ ਕਿਹਾ, ਉਸ ਨਾਲ਼ ਸਾਰੇ ਗਲ਼ੇ ਗੱਚ ਨਾਲ਼ ਭਰ ਆਏ। ਪੰਜਾਬ ਕੌਰ ਨੂੰ ਜਪਿਆ ਜਿਵੇਂ ਉਹ ਆਪਣੇ ਅੱਧੇ ਪਰਿਵਾਰ ਨੂੰ ਬਚਾ ਕੇ ਲੈ ਚੱਲੀ ਹੋਵੇ ਤੇ ਅੱਧੇ ਨੂੰ ਮੌਤ ਦੇ ਮੂੰਹ ਵਿੱਚ ਹੀ ਛੱਡ ਰਹੀ ਹੋਵੇ।

ਪੰਜਾਬ ਕੌਰ ਨੇ ਉੱਪਰ ਨੂੰ ਤੱਕਿਆ, ਉਹਦੇ ਦੋਵੇਂ ਪਰਿਵਾਰ ਇੱਕ-ਦੂਜੇ ਦੀ ਬਾਂਹ ਬਣੀ ਖਲੋਤੇ ਸਨ। ਇੱਕ ਪਰਿਵਾਰ ਦੀ ਇਹ ਆਪਣੀ ਜਨਮ-ਭੋਂ ਸੀ ਤੇ ਦੂਜਾ ਪਰਿਵਾਰ ਸੈਂਕੜੇ ਮੀਲਾਂ ਦਾ ਪੈਂਡਾ ਕਰ ਕੇ ਇਸ ਦੀ ਰੱਖਿਆ ਲਈ ਆਇਆ ਹੋਇਆ ਸੀ। ਆਪਣੀ ਜਨਮ-ਭੋਂ ਨੂੰ ਇਸ ਪ੍ਰਕਾਰ ਛੱਡ ਕੇ ਤੁਰ ਜਾਣਾ ਕਿੰਨੀ ਬੁਜ਼ਦਿਲੀ ਸੀ। ਖ਼ਾਸ ਕਰਕੇ ਉਦੋਂ ਜਦ ਉਸ ਕੋਲ਼ ਗੋਲੀਆਂ ਵਰਗੇ ਤੋਪਚੀ ਪੁੱਤਰ ਸਨ। ਉਸ ਨੇ ਤੱਕਿਆ, ਉਹਨਾਂ ਦੇ ਚਿਹਰਿਆਂ ਉੱਤੇ ਭੋਰਾ ਜਿੰਨਾ ਵੀ ਭੈ ਨਹੀਂ ਸੀ।

"ਖੋਲ੍ਹੋ ਪੁੱਤਰੋ, ਬਿਸਤਰੇ।" ਉਸ ਨੇ ਆਪਣੀ ਵੱਡੀ ਧੀ ਨੂੰ ਕਿਹਾ, "ਅੱਧਾ ਪਰਿਵਾਰ ਪਿੱਛੇ ਛੱਡ ਕੇ ਤੁਰ ਜਾਣਾ ਕਾਇਰਤਾ ਹੈ।"

## ਪਾਠ-ਅਭਿਆਸ

1. ਦੱਸੋ :

(ੳ) ਸ਼ੁਰੂ ਵਿੱਚ ਪੰਜਾਬ ਕੌਰ ਨੂੰ ਕਿਸੇ ਪ੍ਰਕਾਰ ਦਾ ਕੋਈ ਭੈ ਕਿਉਂ ਨਹੀਂ ਸੀ ?

(ਅ) 'ਪੰਜਾਬ ਕੌਰ ਨੂੰ ਜਾਪਿਆ ਜਿਵੇਂ ਲੜਾਈ ਦੀ ਖ਼ਬਰ ਨੇ ਉਸ ਦੇ ਦਿਲ ਦਾ ਚੈਨ ਖੋਹ ਲਿਆ ਹੋਵੇ।' ਪੰਜਾਬ ਕੌਰ ਨੂੰ ਅਜਿਹਾ ਕਿਉਂ ਜਾਪਿਆ ?

(ੲ) ਯੁੱਧ ਦੀ ਖ਼ਬਰ ਨੇ ਸਾਰੇ ਸ਼ਹਿਰੀਆਂ ਨੂੰ ਇੱਕ-ਮੁੱਠ ਕਿਵੇਂ ਕਰ ਦਿੱਤਾ ?

(ਸ) ਪੰਜਾਬ ਕੌਰ ਆਪਣੇ ਕਿਹੜੇ ਪੁੱਤਰਾਂ ਤੋਂ ਬਲਿਹਾਰ ਜਾਂਦੀ ਸੀ ਤੇ ਕਿਉਂ ?

(ਹ) ਪੰਜਾਬ ਕੌਰ ਨੇ ਘਰ ਛੱਡਣ ਦਾ ਫ਼ੈਸਲਾ ਕਿਉਂ ਕਰ ਲਿਆ ਸੀ ?

(ਕ) ਤੋਪਚੀਆਂ ਦੇ ਸਰਦਾਰ ਨੇ ਪੰਜਾਬ ਕੌਰ ਨੂੰ ਕੀ ਕਿਹਾ ?

(ਖ) 'ਅੱਧਾ ਪਰਿਵਾਰ ਪਿੱਛੇ ਛੱਡ ਕੇ ਤੁਰ ਜਾਣਾ ਕਾਇਰਤਾ ਹੈ।' ਇਸ ਵਾਕ ਵਿੱਚ ਪੰਜਾਬ ਕੌਰ, 'ਅੱਧਾ ਪਰਿਵਾਰ' ਕਿਸ ਨੂੰ ਕਹਿੰਦੀ ਹੈ ? ਉਹ ਕਿਹੜੀ ਗੱਲ ਨੂੰ ਕਾਇਰਤਾ ਮੰਨਦੀ ਹੈ ?



Downloaded from https:// www.studiestoday.com

Downloaded from https:// www.studiestoday.com

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਨਿਤਾਪ੍ਰਤੀ | : | ਰੋਜ਼ਾਨਾ, ਹਰ ਰੋਜ਼ |
| ਚਾਂਦਮਾਰੀ | : | ਨਿਸ਼ਾਨੇ ਉੱਤੇ ਗੋਲ਼ੀ ਮਾਰਨ ਦਾ ਅਭਿਆਸ, ਨਿਸ਼ਾਨੇਬਾਜ਼ੀ |
| ਵਿਘਨ | : | ਰੋਕ, ਰੁਕਾਵਟ |
| ਬਲੈਕ-ਆਊਟ | : | ਹਵਾਈ ਹਮਲੇ ਆਦਿ ਦੇ ਖ਼ਤਰੇ 'ਤੇ ਸ਼ਹਿਰ ਜਾਂ ਨਗਰ ਵਿੱਚ ਬੱਤੀਆਂ ਬੁਝਾ ਕੇ ਹਨੇਰਾ ਕਰਨ ਦੀ ਕਿਰਿਆ। |
| ਹਰਿਆਈ | : | ਹਰਿਆਵਲ |
| ਅਉਧ | : | ਉਮਰ, ਮਿਆਦ |
| ਪੈਂਡਾ | : | ਫ਼ਾਸਲਾ, ਦੂਰੀ, ਵਿੱਥ, ਰਸਤਾ |
| ਕਾਇਰਤਾ | : | ਬੁਜ਼ਦਿਲੀ |

3. ਵਾਕਾਂ ਵਿੱਚ ਵਰਤੋ :

ਚੈਨ ਖੋਹ ਲੈਣਾ, ਗੁੱਥਮ-ਗੁੱਥਾ ਹੋਣਾ, ਇੱਕ ਮੁੱਠ ਕਰ ਦੇਣਾ, ਛਾਤਾ-ਬਰਦਾਰ, ਧਰਵਾਸ, ਦਿਲ ਭਰ ਆਉਣਾ, 'ਵਾ ਵੱਲ ਨਾ ਤੱਕ ਸਕਣਾ, ਬਾਂਹ ਬਣਨਾ

4. ਵਿਆਕਰਨ :

ਪਿਛਲੇਰੇ ਪਾਠ ਵਿੱਚ ਤੁਸੀਂ ਕਾਲ-ਵਾਚਕ, ਸਥਾਨ-ਵਾਚਕ, ਪ੍ਰਕਾਰ-ਵਾਚਕ, ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਬਾਰੇ ਪੜ੍ਹਿਆ ਹੈ।

5. ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ : ਜਿਸ ਸ਼ਬਦ ਤੋਂ ਕਿਸੇ ਕਿਰਿਆ ਦੇ ਪਰਿਮਾਣ, ਮਿਣਤੀ ਜਾਂ ਮਿਕਦਾਰ ਦਾ ਪਤਾ ਲੱਗੇ, ਉਸ ਨੂੰ ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ, ਜਿਵੇਂ : ਥੋੜ੍ਹਾ, ਬਹੁਤ, ਏਨਾ, ਓਨਾ, ਜਿੰਨਾ, ਬੜਾ, ਨਿਰਾ, ਜ਼ਰਾ ਕੁ, ਮੁੱਠ ਕੁ, ਕਿੱਲੋ ਕੁ ਆਦਿ।

6. ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ : ਜਿਹੜੇ ਸ਼ਬਦ ਤੋਂ ਕਿਰਿਆ ਦੀ ਵਾਰੀ ਜਾਂ ਦੁਹਰਾਅ ਬਾਰੇ ਪਤਾ ਲੱਗੇ, ਉਸ ਨੂੰ ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ, ਜਿਵੇਂ : ਇੱਕ ਵਾਰ, ਕਈ ਵਾਰ, ਵਾਰ-ਵਾਰ, ਘੜੀ- ਮੁੜੀ, ਦੁਬਾਰਾ, ਇੱਕ-ਇੱਕ, ਦੋ-ਦੋ ਆਦਿ।

7. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ : ਜਿਹੜੇ ਸ਼ਬਦ ਤੋਂ ਕਿਸੇ ਕਿਰਿਆ ਦੇ ਹੋਣ ਜਾਂ ਨਾ ਹੋਣ, ਕੀਤੇ ਜਾਣ ਜਾਂ ਨਾ ਕੀਤੇ ਜਾਣ ਬਾਰੇ ਨਿਰਨੇ-ਪੂਰਵਕ ਗਿਆਨ ਹੋਵੇ, ਉਸ ਨੂੰ ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ, ਜਿਵੇਂ : ਜੀ ਹਾਂ, ਆਹੋ ਜੀ, ਨਹੀਂ ਜੀ, ਚੰਗਾ ਜੀ ਆਦਿ।

8. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ : ਜਿਹੜੇ ਸ਼ਬਦ ਤੋਂ ਕਿਰਿਆ ਬਾਰੇ ਨਿਸ਼ਚੇ ਜਾਂ ਵਿਸ਼ਵਾਸ ਦੇ ਭਾਵ ਪ੍ਰਗਟ ਹੋਣ, ਉਸ ਨੂੰ ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ ਕਹਿੰਦੇ ਹਨ , ਜਿਵੇਂ : ਜ਼ਰੂਰ, ਵੀ, ਹੀ, ਬੇਸ਼ੱਕ, ਬਿਲਕੁਲ ਠੀਕ ਆਦਿ।



Downloaded from https:// www.studiestoday.com

Downloaded from https:// www.studiestoday.com

ਹੇਠ ਲਿਖੇ ਪੈਰੇ ਵਿੱਚੋਂ ਕਿਰਿਆ-ਵਿਸ਼ੇਸ਼ਣ ਸ਼ਬਦਾਂ ਹੇਠ ਲਕੀਰ ਲਾਓ ਅਤੇ ਉਸ ਦੀ ਕਿਸਮ ਵੀ ਦੱਸੋ :

ਦਰਵਾਜ਼ੇ ਅੱਗੇ ਫਟੇ ਬੰਬ ਦਾ ਡਰ ਉਸ ਦੇ ਮਨੋਂ ਨਾ ਲੱਥਾ। ਇਸ ਦੀ ਭਾਫ਼ ਬੜੀ ਜ਼ਹਿਰੀਲੀ ਹੁੰਦੀ ਹੈ, ਉਸ ਨੇ ਸੁਣਿਆ ਸੀ। ਇਸ ਵਿੱਚ ਠੋਸ ਪਦਾਰਥ ਇੰਞ ਭੁੰਨੇ ਜਾਂਦੇ ਹਨ, ਜਿਵੇਂ ਉੱਬਲ਼ਦੇ ਤੇਲ ਵਿੱਚ ਮੱਛੀ। ਉਹ ਆਪਣੇ ਬੱਚਿਆਂ ਨੂੰ ਕਿਵੇਂ ਮੱਛੀ ਵਾਂਗ ਭੁਨੀਂਦੇ ਦੇਖ ਸਕਦੀ ਸੀ? ਉਸ ਦੀ ਆਪਣੀ ਅਉਧ ਬੀਤ ਚੁੱਕੀ ਸੀ। ਉਸ ਨੂੰ ਬੱਚਿਆਂ ਦੀ ਅਉਧ ਖ਼ਰਾਬ ਕਰਨ ਦਾ ਕੀ ਹੱਕ ਸੀ?

ਤੁਹਾਡੇ ਗਲ਼ੀ-ਮੁਹੱਲੇ ਵਿੱਚ ਵੀ ਕਈ ਅਜਿਹੇ ਮਨੁੱਖ ਵੱਸਦੇ ਹੋਣਗੇ ਜਿਹੜੇ ਲੋਕਾਂ ਵਿੱਚ ਪਿਆਰ ਅਤੇ ਹਮਦਰਦੀ ਵੰਡਦੇ ਹੋਣਗੇ। ਇਹਨਾਂ ਵਿੱਚੋਂ ਕਿਸੇ ਇੱਕ ਬਾਰੇ ਦੋ ਪੈਰੇ ਆਪਣੇ ਸ਼ਬਦਾਂ ਵਿੱਚ ਲਿਖੋ।




Downloaded from https:// www.studiestoday.com

Downloaded from https:// www.studiestoday.com

ਪਾਠ-15

# ਰਬਿੰਦਰ ਨਾਥ ਟੈਗੋਰ



ਹਰ ਸਕੂਲ ਦੀ ਸਵੇਰ ਦੀ ਸਭਾ ਵਿੱਚ 'ਜਨ-ਗਣ-ਮਨ' ਗਾਇਆ ਜਾਂਦਾ ਹੈ। ਇਹ ਸਾਡਾ ਰਾਸ਼ਟਰੀ ਗਾਨ ਹੈ। ਇਸ ਦੇ ਲੇਖਕ ਰਬਿੰਦਰ ਨਾਥ ਟੈਗੋਰ ਹਨ। ਟੈਗੋਰ ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਲਿਖਦੇ ਸਨ। ਇੱਕ ਪ੍ਰਸਿੱਧ ਲੇਖਕ ਹੋਣ ਦੇ ਨਾਤੇ ਉਹਨਾਂ ਨੂੰ ਗੁਰੂਦੇਵ ਟੈਗੋਰ ਕਿਹਾ ਜਾਂਦਾ ਸੀ।

ਗੁਰੂਦੇਵ ਰਬਿੰਦਰ ਨਾਥ ਟੈਗੋਰ ਦਾ ਜਨਮ 7 ਮਈ, 1861 ਈ. ਵਿੱਚ ਕੋਲਕਾਤਾ ਵਿਖੇ ਹੋਇਆ। ਉਹਨਾਂ ਦੇ ਮਾਤਾ-ਪਿਤਾ ਬਹੁਤ ਅਮੀਰ ਸਨ। ਟੈਗੋਰ ਦੇ ਪਿਤਾ ਦੇਵਿੰਦਰ ਨਾਥ ਇੱਕ ਵੱਡੇ ਵਪਾਰੀ ਸਨ। ਟੈਗੋਰ ਦਾ ਪਾਲਣ-ਪੋਸਣ ਰਾਜਕੁਮਾਰਾਂ ਦੀ ਤਰ੍ਹਾਂ ਹੋਇਆ। ਉਹਨਾਂ ਦਾ ਘਰ ਰਾਜਮਹੱਲ ਵਰਗਾ ਸੀ ਜਿਸ ਵਿੱਚ ਟੈਗੋਰ ਦਾ ਬਚਪਨ ਬੀਤਿਆ। ਟੈਗੋਰ ਦੇ ਤੇਰਾਂ ਭੈਣ-ਭਰਾ ਉਹਨਾਂ ਤੋਂ ਵੱਡੇ ਸਨ। ਇਸ ਮਹੱਲ ਵਰਗੇ ਘਰ ਵਿੱਚ ਉਹ ਸਾਰੇ ਰਲ਼-ਮਿਲ਼ ਕੇ ਖੇਡਦੇ।

ਰਬਿੰਦਰ ਨਾਥ ਟੈਗੋਰ ਨੂੰ ਜਦੋਂ ਸਕੂਲ ਪੜ੍ਹਨ ਪਾਇਆ ਗਿਆ ਤਾਂ ਸਕੂਲ ਵਿੱਚ ਉਹਨਾਂ ਦਾ ਮਨ ਨਾ ਲੱਗਿਆ। ਉਹ ਸਕੂਲ ਨਾ ਜਾਣ ਲਈ ਕੋਈ ਨਾ ਕੋਈ ਬਹਾਨਾ ਘੜ ਲੈਂਦੇ।

ਇੱਕ ਦਿਨ ਉਹਨਾਂ ਨੇ ਸਕੂਲ ਨਾ ਜਾਣ ਦੀ ਵਿਓਂਤ ਬਣਾਈ। ਉਹਨਾਂ ਆਪਣੀ ਜੁੱਤੀ ਵਿੱਚ ਪਾਣੀ ਪਾ ਲਿਆ ਤੇ ਉਹ ਜੁੱਤੀ ਪੈਰਾਂ ਵਿੱਚ ਪਾਈ ਰੱਖੀ। ਉਹਨਾਂ ਨੂੰ ਬੁਖ਼ਾਰ ਹੋ ਗਿਆ।



Downloaded from https:// www.studiestoday.com

Downloaded from https:// www.studiestoday.com

ਅਗਲੇ ਦਿਨ ਉਹ ਸਕੂਲ ਨਾ ਗਏ। ਮਾਤਾ-ਪਿਤਾ ਨੇ ਉਹਨਾਂ ਦੀ ਪੜ੍ਹਾਈ ਦਾ ਪ੍ਰਬੰਧ ਘਰ ਵਿੱਚ ਹੀ ਕਰ ਦਿੱਤਾ।

ਰਬਿੰਦਰ ਨਾਥ ਟੈਗੋਰ ਜਦੋਂ ਗਿਆਰ੍ਹਾਂ ਸਾਲ ਦੇ ਸਨ ਤਾਂ ਉਹਨਾਂ ਦੇ ਪਿਤਾ ਜੀ ਲੰਮੇ ਸੈਰ-ਸਪਾਟੇ ਲਈ ਉਹਨਾਂ ਨੂੰ ਆਪਣੇ ਨਾਲ਼ ਲੈ ਗਏ। ਉਹ ਕਈ ਤੀਰਥ-ਅਸਥਾਨਾਂ ਅਤੇ ਵੇਖਣ ਯੋਗ ਥਾਂਵਾਂ 'ਤੇ ਘੁੰਮਦੇ ਹੋਏ ਪੰਜਾਬ ਵਿੱਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵੀ ਗਏ। ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਵਾਤਾਵਰਨ ਦਾ ਉਹਨਾਂ ਦੇ ਮਨ ਉੱਤੇ ਬਹੁਤ ਅਸਰ ਹੋਇਆ। ਉਹ ਕਿੰਨਾ-ਕਿੰਨਾ ਚਿਰ ਮੰਤਰ-ਮੁਗਧ ਹੋ ਕੇ ਕੀਰਤਨ ਸੁਣਦੇ। ਉਹ ਡਲਹੌਜ਼ੀ ਵੀ ਗਏ। ਡਲਹੌਜ਼ੀ ਵਿੱਚ ਪਹਾੜੀ ਦ੍ਰਿਸ਼ਾਂ ਅਤੇ ਝਰਨਿਆਂ ਦੀ ਕਲ-ਕਲ ਨੇ ਉਹਨਾਂ ਦਾ ਮਨ ਮੋਹ ਲਿਆ। ਵਿਭਿੰਨ ਰਮਣੀਕ ਥਾਂਵਾਂ ਦੀ ਸੈਰ ਕਰਦੇ ਜਦ ਉਹ ਘਰ ਵਾਪਸ ਪੁੱਜੇ ਤਾਂ ਉਹਨਾਂ ਨੇ ਨਿੱਕੀਆਂ-ਨਿੱਕੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ। ਇਉਂ ਟੈਗੋਰ ਨੇ ਆਪਣੀ ਸਕੂਲੀ-ਵਿੱਦਿਆ ਕੁਦਰਤ ਦੇ ਅੰਗ-ਸੰਗ ਰਹਿੰਦਿਆਂ ਹੀ ਪੂਰੀ ਕੀਤੀ। ਰਬਿੰਦਰ ਨਾਥ ਟੈਗੋਰ ਪੜ੍ਹਨ ਲਈ ਇੰਗਲੈਂਡ ਵੀ ਗਏ ਪਰ ਛੇਤੀ ਹੀ ਉਹ ਭਾਰਤ ਪਰਤ ਆਏ।

ਟੈਗੋਰ ਦਾ ਵਿਆਹ 1833 ਈਸਵੀ ਵਿੱਚ ਮ੍ਰਿਣਾਲਿਨੀ ਨਾਲ਼ ਹੋਇਆ। ਉਦੋਂ ਟੈਗੋਰ ਦੀ ਆਯੂ 22 ਸਾਲ ਸੀ। ਵਿਆਹ ਤੋਂ ਬਾਅਦ ਉਹ ਬੋਲਪੁਰ ਹੀ ਰਹਿਣ ਲੱਗੇ। ਇਸ ਖੁੱਲ੍ਹੇ-ਡੁੱਲ੍ਹੇ ਵਾਤਾਵਰਨ ਵਿੱਚ ਉਹਨਾਂ ਨੇ ਅਨੇਕਾਂ ਰਚਨਾਵਾਂ ਰਚੀਆਂ। ਉਹਨਾਂ ਦੀ ਮਾਤ-ਭਾਸ਼ਾ ਬੰਗਲਾ ਸੀ। ਉਹ ਬੰਗਲਾ ਭਾਸ਼ਾ ਵਿੱਚ ਹੀ ਲਿਖਦੇ ਸਨ। ਰਬਿੰਦਰ ਨਾਥ ਟੈਗੋਰ ਦੀਆਂ ਮਸ਼ਹੂਰ ਰਚਨਾਵਾਂ ਵਿੱਚ ਨਾਵਲ-'ਗੋਰਾ' ਅਤੇ 'ਨੌਕਾ ਡੂਬੀ', ਨਾਟਕ-ਚਿਤ੍ਰਾਂਗਦਾ, ਕਹਾਣੀਆਂ 'ਕਾਬਲੀਵਾਲ਼ਾ', 'ਪੋਸਟ ਮਾਸਟਰ' ਤੇ 'ਹਾਰ-ਜਿੱਤ' ਬਹੁਤ ਹੀ ਪ੍ਰਸਿੱਧ ਹਨ। 1913 ਵਿੱਚ ਗੁਰੂ ਦੇਵ ਟੈਗੋਰ ਦੀਆਂ ਕਵਿਤਾਵਾਂ ਦੀ ਪੁਸਤਕ 'ਗੀਤਾਂਜਲੀ' ਲਈ ਉਹਨਾਂ ਨੂੰ ਸੰਸਾਰ ਦਾ ਸਭ ਤੋਂ ਵੱਡਾ ਸਾਹਿਤਿਕ ਇਨਾਮ 'ਨੋਬਲ ਪੁਰਸਕਾਰ' ਮਿਲ਼ਿਆ। ਇਹ ਇਨਾਮ ਮਿਲ਼ਨ ਪਿੱਛੋਂ ਗੁਰੂ ਦੇਵ ਟੈਗੋਰ ਦੁਨੀਆਂ ਭਰ ਵਿੱਚ ਪ੍ਰਸਿੱਧ ਹੋ ਗਏ। ਇਹ ਕਾਵਿ-ਪੁਸਤਕ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਕੀਤੀ ਗਈ।

ਰਬਿੰਦਰ ਨਾਥ ਟੈਗੋਰ ਵਧੀਆ ਅਧਿਆਪਕ ਵੀ ਸਨ। ਉਹ ਚਾਹੁੰਦੇ ਸਨ ਕਿ ਵਿਦਿਆਰਥੀ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਪੜ੍ਹਾਈ ਕਰਨ। ਇਸ ਮੰਤਵ ਦੀ ਪੂਰਤੀ ਲਈ ਗੁਰੂਦੇਵ ਟੈਗੋਰ ਨੇ 'ਸ਼ਾਂਤੀ ਨਿਕੇਤਨ' ਨਾਂ ਦੀ ਪਾਠਸ਼ਾਲਾ ਬਣਾਈ। ਇਸ ਪਾਠਸ਼ਾਲਾ ਵਿੱਚ ਕਮਰੇ ਨਹੀਂ ਸਨ। ਵਿਦਿਆਰਥੀ ਰੁੱਖਾਂ ਹੇਠ ਬੈਠ ਕੇ ਪੜ੍ਹਦੇ ਸਨ। ਇੱਥੇ ਸਾਹਿਤ, ਕਲਾ, ਸੰਗੀਤ, ਚਿੱਤਰਕਾਰੀ ਤੇ ਭਾਰਤੀ ਸੱਭਿਆਚਾਰ ਦੀ ਸਿੱਖਿਆ ਦਿੱਤੀ ਜਾਂਦੀ ਸੀ। ਸ਼ਾਂਤੀ ਨਿਕੇਤਨ ਵਿੱਚ ਵਿਦਿਆਰਥੀਆਂ ਨੂੰ ਜੀਵਨ-ਜਾਚ ਦੇ ਗੁਰ ਸਮਝਾਏ ਜਾਂਦੇ। ਹੁਣ ਇਹ ਸੰਸਥਾ 'ਵਿਸ਼ਵਭਾਰਤੀ' ਨਾਂ ਦੀ ਯੂਨੀਵਰਸਿਟੀ ਬਣ ਗਈ ਹੈ।

ਗੁਰੂਦੇਵ ਟੈਗੋਰ ਕਲਾ-ਪ੍ਰੇਮੀ ਸਨ। ਉਹਨਾਂ ਨੇ ਕੁਦਰਤ ਨੂੰ ਆਪਣਾ ਸੰਗੀ ਬਣਾਇਆ। ਇਸ ਲਈ ਉਹਨਾਂ ਨੇ ਕੋਮਲ ਦਿਲਾਂ ਵਾਲ਼ੇ ਬਾਲਾਂ ਨੂੰ ਕੁਦਰਤ ਨਾਲ਼ ਜੋੜਿਆ। ਭਾਵੇਂ ਉਹਨਾਂ ਨੇ ਸਿੱਧੇ ਰੂਪ ਵਿੱਚ ਅਜ਼ਾਦੀ ਦੀ ਲੜਾਈ ਵਿੱਚ ਹਿੱਸਾ ਨਹੀਂ ਲਿਆ, ਫਿਰ ਵੀ ਉਹ ਦੇਸ ਅਜ਼ਾਦ ਕਰਵਾਉਣ ਪ੍ਰਤਿ ਸੋਚਦੇ ਰਹਿੰਦੇ ਸਨ। ਅੰਗਰੇਜ਼ਾਂ ਦੇ ਜ਼ੁਲਮਾਂ ਦੀ ਕਹਾਣੀ ਨੇ ਉਹਨਾਂ ਦੇ ਮਨ ਉੱਤੇ ਗਹਿਰਾ ਅਸਰ ਪਾਇਆ। ਅਜ਼ਾਦੀ ਦੀ ਲੜਾਈ ਲੜਦਿਆਂ ਜਦ ਜਲ੍ਹਿਆਂ ਵਾਲ਼ੇ ਬਾਗ਼ ਅੰਮ੍ਰਿਤਸਰ ਵਿੱਚ ਅਨੇਕਾਂ ਦੇਸ-ਪ੍ਰੇਮੀ ਅੰਗਰੇਜ਼ਾਂ ਦੀਆਂ ਗੋਲ਼ੀਆਂ ਨਾਲ਼ ਸ਼ਹੀਦ ਹੋਏ ਤਾਂ ਗੁਰੂ ਦੇਵ ਟੈਗੋਰ ਨੇ ਰੋਸ ਵਜੋਂ ਅੰਗਰੇਜ਼ ਸਰਕਾਰ ਵੱਲੋਂ 1913 ਈਸਵੀ ਵਿੱਚ ਦਿੱਤਾ ਹੋਇਆ 'ਸਰ' ਦਾ ਖ਼ਿਤਾਬ ਮੋੜ ਦਿੱਤਾ। ਇਸ ਗੱਲ ਤੋਂ ਉਹਨਾਂ ਦੇ ਮਨ ਵਿੱਚ ਵਿਗਸ ਰਹੇ ਦੇਸ-ਪ੍ਰੇਮ ਦਾ ਪਤਾ ਲੱਗਦਾ ਹੈ।



Downloaded from https:// www.studiestoday.com

Downloaded from https:// www.studiestoday.com

ਇਸ ਮਹਾਨ ਸਾਹਿਤਕਾਰ ਦਾ 80 ਸਾਲ ਦੀ ਉਮਰ ਭੋਗ ਕੇ 1941 ਈਸਵੀ ਵਿੱਚ ਦਿਹਾਂਤ ਹੋ ਗਿਆ। ਸਮਾਜ ਨੂੰ ਸੇਧ ਦੇਣ ਵਾਲ਼ੀਆਂ ਉਹਨਾਂ ਦੀਆਂ ਲਿਖਤਾਂ ਸਾਨੂੰ ਗੁਰੂਦੇਵ ਟੈਗੋਰ ਦੀ ਸਦਾ ਯਾਦ ਦਿਵਾਉਂਦੀਆਂ ਰਹਿਣਗੀਆਂ।

## ਪਾਠ-ਅਭਿਆਸ

1. ਦੱਸੋ :

(ੳ) ਸਾਡਾ ਰਾਸ਼ਟਰੀ ਗੀਤ ਕਿਹੜਾ ਹੈ ਅਤੇ ਇਸ ਦਾ ਲੇਖਕ ਕੌਣ ਹੈ ?

(ਅ) ਰਬਿੰਦਰ ਨਾਥ ਟੈਗੋਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ? ਉਹਨਾਂ ਦਾ ਬਚਪਨ ਕਿਵੇਂ ਬੀਤਿਆ ?

(ੲ) ਰਬਿੰਦਰ ਨਾਥ ਟੈਗੋਰ ਨੇ ਕਿਵੇਂ ਅਤੇ ਕਿੱਥੋਂ ਵਿੱਦਿਆ ਪ੍ਰਾਪਤ ਕੀਤੀ ?

(ਸ) ਰਬਿੰਦਰ ਨਾਥ ਟੈਗੋਰ ਆਪਣੇ ਪਿਤਾ ਨਾਲ਼ ਪੰਜਾਬ ਕਦੋਂ ਆਏ ? ਇੱਥੋਂ ਦੇ ਮਾਹੌਲ ਦਾ ਉਹਨਾਂ ਦੇ ਮਨ 'ਤੇ ਕਿਹੋ-ਜਿਹਾ ਪ੍ਰਭਾਵ ਪਿਆ ?

(ਹ) ਟੈਗੋਰ ਨੇ ਆਪਣੀਆਂ ਰਚਨਾਵਾਂ ਕਿਹੜੀ ਭਾਸ਼ਾ ਵਿੱਚ ਲਿਖੀਆਂ ? ਉਹਨਾਂ ਦੀਆਂ ਪ੍ਰਸਿੱਧ ਰਚਨਾਵਾਂ ਦੇ ਨਾਂ ਲਿਖੋ।

(ਕ) ਟੈਗੋਰ ਦੀ ਸਭ ਤੋਂ ਵੱਧ ਪ੍ਰਸਿੱਧ ਰਚਨਾ ਕਿਹੜੀ ਹੈ ? ਇਸ ਰਚਨਾ ਲਈ ਉਹਨਾਂ ਨੂੰ ਕਿਹੜਾ ਇਨਾਮ ਕਦੋਂ ਮਿਲ਼ਿਆ ਸੀ ?

(ਖ) ਸ਼ਾਂਤੀ-ਨਿਕੇਤਨ ਬਾਰੇ ਤੁਸੀਂ ਕੀ ਜਾਣਦੇ ਹੋ ?

(ਗ) ਜਲ੍ਹਿਆਂ ਵਾਲ਼ੇ ਬਾਗ਼ ਦੀ ਘਟਨਾ ਦਾ ਟੈਗੋਰ ਦੇ ਮਨ 'ਤੇ ਕੀ ਅਸਰ ਪਿਆ ?

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਤੀਰਥ-ਅਸਥਾਨ | : | ਪਵਿੱਤਰ ਧਰਮ-ਅਸਥਾਨ ਜਿੱਥੇ ਧਾਰਮਿਕ ਭਾਵਨਾ ਨਾਲ਼ ਲੋਕ ਪੂਜਾ, ਇਸ਼ਨਾਨ ਅਤੇ ਉਪਾਸਨਾ ਲਈ ਜਾਂਦੇ ਹਨ। |
| ਵਾਤਾਵਰਨ | : | ਆਲ਼ਾ-ਦੁਆਲ਼ਾ, ਚੁਗਿਰਦਾ, ਮਾਹੌਲ |
| ਵਿਭਿੰਨ | : | ਵੱਖੋ-ਵੱਖ, ਅੱਡੋ-ਅੱਡ |
| ਗੁਰ | : | ਨਿਯਮ, ਢੰਗ, ਤਰੀਕੇ |
| ਸੰਸਥਾ | : | ਸਭਾ, ਸੁਸਾਇਟੀ |
| ਸੰਗੀ | : | ਸਾਥੀ, ਮੇਲੀ |
| ਗਹਿਰਾ | : | ਡੂੰਘਾ, ਗੂੜ੍ਹਾ |
| ਕੋਮਲ | : | ਨਰਮ, ਕੂਲ਼ਾ, ਨਾਜ਼ਕ |
| ਖ਼ਿਤਾਬ | : | ਉਪਾਧੀ, ਪਦਵੀ |
| ਵਿਗਸ ਰਹੇ | : | ਵਧ-ਫੁੱਲ ਰਹੇ, ਤਰੱਕੀ ਕਰ ਰਹੇ |

3. ਵਾਕਾਂ ਵਿੱਚ ਵਰਤੋ :

ਪਾਲਣ-ਪੋਸਣ, ਵਿਓਂਤ, ਸੈਰ-ਸਪਾਟਾ, ਮਨ ਮੋਹ ਲੈਣਾ, ਰਮਣੀਕ, ਅੰਗ-ਸੰਗ, ਅਨੁਵਾਦ, ਜੀਵਨ-ਜਾਚ



Downloaded from https:// www.studiestoday.com

Downloaded from https:// www.studiestoday.com

### ਵਿਆਕਰਨ : ਵਿਸਰਾਮ-ਚਿੰਨ੍ਹ :

ਬੋਲਣ ਵੇਲ਼ੇ ਜੋ ਉਤਰਾਅ-ਚੜ੍ਹਾਅ ਤੇ ਠਹਿਰਾਅ ਆਉਂਦੇ ਹਨ, ਉਹਨਾਂ ਨੂੰ ਲਿਖਤ ਵਿੱਚ ਅੰਕਿਤ ਕਰਨ ਲਈ ਜੋ ਚਿੰਨ੍ਹ ਵਰਤੇ ਜਾਂਦੇ ਹਨ, ਉਹਨਾਂ ਨੂੰ ਵਿਸਰਾਮ-ਚਿੰਨ੍ਹ ਕਹਿੰਦੇ ਹਨ। ਇਹ ਹੇਠ ਲਿਖੇ ਅਨੁਸਾਰ ਹਨ :

| | | | | | |
|---|---|---|---|---|---|
| (ੳ) | ਡੰਡੀ | ( । ) | (ਖ਼) | ਛੁੱਟ - ਮਰੋੜੀ | ( ’ ) |
| (ਅ) | ਪ੍ਰਸ਼ਨ-ਚਿੰਨ੍ਹ | ( ? ) | (ਗ਼) | ਜੋੜਨੀ | ( - ) |
| (ੲ) | ਵਿਸਮਿਕ-ਚਿੰਨ੍ਹ | ( ! ) | (ਘ) | ਬਿੰਦੀ | ( . ) |
| (ਸ) | ਕਾਮਾ | ( , ) | (ਕ) | ਬਿੰਦੀ-ਕਾਮਾ | ( ; ) |
| (ਹ) | ਪੁੱਠੇ ਕਾਮੇ | (“ ”) | (ਚ) | ਦੁਬਿੰਦੀ | ( : ) |
| (ਕ) | ਬ੍ਰੈਕਟ | ( ( ) ) | (ਛ) | ਦੁਬਿੰਦੀ - ਡੈਸ਼ | (: - ) |

4. ਹੇਠ ਲਿਖੇ ਵਾਕਾਂ ਵਿੱਚ ਵਿਸਰਾਮ-ਚਿੰਨ੍ਹਾਂ ਨੂੰ ਧਿਆਨ ਨਾਲ਼ ਦੇਖੋ :

(ੳ) ਉਹ ਕਿੰਨਾ-ਕਿੰਨਾ ਚਿਰ ਮੰਤਰ-ਮੁਗਧ ਹੋ ਕੇ ਕੀਤਰਨ ਸੁਣਦੇ।

(ਅ) ਗੁਰੂ ਦੇਵ ਟੈਗੋਰ ਨੇ ਰੋਸ ਵਜੋਂ ਅੰਗਰੇਜ਼ ਸਰਕਾਰ ਵੱਲੋਂ 1913 ਈਸਵੀ ਵਿੱਚ ਦਿੱਤਾ ਹੋਇਆ ‘ਸਰ’ ਦਾ ਖ਼ਿਤਾਬ ਮੋੜ ਦਿੱਤਾ।

(ੲ) “ਕੰਮ ਸ਼ੁਰੂ ਹੀ ਬੁੱਧਵਾਰ ਨੂੰ ਕੀਤਾ ਸੀ, ਕਿਉਂ ਨਾ ਠੀਕ ਹੁੰਦਾ ?”

‘ਬੁੱਧ ਕੰਮ ਸੁੱਧ’, ਸਿਆਣਿਆਂ ਨੇ ਕਿਤੇ ਐਵੇਂ ਥੋੜ੍ਹੇ ਆਖਿਆ ਹੈ।

(ਸ) ‘ਸੂਰਜਾ, ਸੂਰਜਾ ! ਪੁਰਾਣਾ ਦੰਦ ਲੈ ਜਾ, ਨਵਾਂ ਦੰਦ ਦੇ ਜਾ।’

ਪੁਰਾਣੇ ਰਾਜੇ, ਮਹਾਰਾਜੇ ਆਪਣੇ ਬੱਚਿਆਂ ਨੂੰ ਗੁਰੂਕੁਲ ਵਿੱਚ ਪੜ੍ਹਨ ਲਈ ਭੇਜਿਆ ਕਰਦੇ ਸਨ। ਗੁਰੂਕੁਲ ਵਿੱਚ ਵਿਦਿਆਰਥੀ ਬਹੁਤ ਖੁੱਲ੍ਹੇ-ਡੁੱਲ੍ਹੇ ਵਾਤਾਵਰਨ ਵਿੱਚ ਪੜ੍ਹਨ ਕਰਕੇ ਸਰੀਰਿਕ ਤੇ ਮਾਨਸਿਕ ਤੌਰ ’ਤੇ ਰਿਸ਼ਟ-ਪੁਸ਼ਟ ਰਹਿੰਦੇ ਸਨ।

ਰਬਿੰਦਰ ਨਾਥ ਟੈਗੋਰ ਅੰਤਰਰਾਸ਼ਟਰੀ ਪੱਧਰ ਦੇ ਸਾਹਿਤਕਾਰ ਸਨ। ਉਹਨਾਂ ਦੀਆਂ ਬਹੁਤ ਸਾਰੀਆਂ ਪੁਸਤਕਾਂ ਹੋਰਨਾਂ ਭਾਸ਼ਾਵਾਂ ਵਿੱਚ ਵੀ ਅਨੁਵਾਦ ਹੋਈਆਂ ਹਨ। ਆਪਣੇ ਸਕੂਲ ਦੀ ਲਾਇਬ੍ਰੇਰੀ ਵਿੱਚੋਂ ਉਹਨਾਂ ਦੀ ਕੋਈ ਪੁਸਤਕ ਲੈ ਕੇ ਪੜ੍ਹੋ।



Downloaded from https:// www.studiestoday.com


Downloaded from https:// www.studiestoday.com

ਪਾਠ-16

# ਗੁਲਾਬ ਦੀ ਫ਼ਸਲ

ਸਾਨੂੰ ਥਾਪਨਾ ਗੁਰੂ ਗੋਬਿੰਦ ਸਿੰਘ ਦੀ,
ਸੀਸ ਤਲੀ 'ਤੇ ਰੱਖਣਾ ਜਾਣਦੇ ਹਾਂ।
ਤੱਤੀ ਤਵੀ 'ਤੇ ਬੈਠ, ਅਡੋਲ ਰਹੀਏ,
ਆਰੇ ਹੇਠ ਵੀ ਜ਼ਿੰਦਗੀ ਮਾਣਦੇ ਹਾਂ।

ਸੀਸ ਗੰਜ ਤੇ ਗੜ੍ਹੀ ਚਮਕੌਰ ਵਾਲ਼ੀ,
ਸਾਨੂੰ ਅੱਜ ਵੀ ਜੂਝਣਾ ਦੱਸਦੇ ਨੇ।
ਜਾ ਕੇ ਪੁੱਛ ਲਓ ਕੰਧ ਸਰਹਿੰਦ ਦੀ ਨੂੰ,
ਬਾਲ ਚਿਣੇ ਹੋਏ ਕਿੱਦਾਂ ਹੱਸਦੇ ਨੇ।



ਮੀਰ ਮੰਨੂੰ ਨੇ ਵਾਢੀਆਂ ਲੱਖ ਪਾਈਆਂ,
ਅਸੀਂ ਫੇਰ ਵੀ ਖਿੜੇ ਗੁਲਜ਼ਾਰ ਵਾਂਗੂੰ।
ਵੱਢੇ ਸਿਰਾਂ ਦੇ ਜਦੋਂ ਸੀ ਮੁੱਲ ਪੈਂਦੇ,
ਹੋਏ ਹੌਸਲੇ ਸਾਡੇ ਅੰਗਿਆਰ ਵਾਂਗੂੰ।
ਬੰਦ-ਬੰਦ ਵੀ ਕੱਟ ਕੇ ਵੇਖ ਚੁੱਕੇ,



Downloaded from https:// www.studiestoday.com

Downloaded from https:// www.studiestoday.com

ਫੁੱਲ ਮਹਿਕਣੋ ਜ਼ਰਾ ਨਾ ਬੰਦ ਹੋਏ।
ਚਾੜ੍ਹ ਚਰਖੜੀ ਪਰਖਦੇ ਯੋਧਿਆਂ ਨੂੰ,
ਸਾਡੇ ਕੱਦ ਸੀ ਹੋਰ ਬੁਲੰਦ ਹੋਏ।

ਟੋਟੇ ਜਿਗਰ ਦੇ ਸਾਹਮਣੇ ਕਰਨ ਟੋਟੇ,
ਮਾਂਵਾਂ ਡੱਕਰੇ ਝੋਲ਼ੀ ਪਵਾਉਂਦੀਆਂ ਨੇ।
ਉੱਚਾ ਸੁੱਟ ਕੇ ਬੋਚਦੇ ਨੇਜ਼ਿਆਂ 'ਤੇ,
ਭੋਰਾ ਫੇਰ ਵੀ ਨਹੀਂ ਘਬਰਾਉਂਦੀਆਂ ਨੇ।

ਏਸ ਮਿੱਟੀ ਦੇ ਨਾਲ਼ ਹੈ ਮੋਹ ਸਾਨੂੰ,
ਨਾਲ਼ ਲਹੂ ਦੇ ਏਸ ਨੂੰ ਰੰਗਦੇ ਰਹੇ।
ਕਾਹਨੂੰਵਾਨ ਦੇ ਜੰਗਲ਼ਾਂ ਵਿੱਚ ਬੈਠੇ,
ਖ਼ੈਰ ਦੇਸ ਦੀ ਫੇਰ ਵੀ ਮੰਗਦੇ ਰਹੇ।

ਸਾਡੀ ਪਿੱਠ 'ਤੇ ਖੜ੍ਹਾ ਇਤਿਹਾਸ ਸਾਡਾ,
ਸਾਨੂੰ ਮਾਣ ਹੈ ਲਹੂ ਦੇ ਰੰਗ ਉੱਤੇ।
ਅਸੀਂ ਜਾਣਦੇ ਕਿਵੇਂ ਕੁਰਬਾਨ ਹੋਣਾ,
ਸੋਹਣੇ ਦੇਸ ਦੀ ਇੱਕ ਵੀ ਮੰਗ ਉੱਤੇ।

ਜਦੋਂ ਅੰਬਾਂ ਨੂੰ ਲੱਗਿਆ ਬੂਰ ਹੋਵੇ,
ਕੋਇਲ ਆਣ ਕੇ ਉਸ ਥਾਂ ਚਹਿਕਦੀ ਹੈ।
ਜਿੱਥੇ-ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹੇ,
ਓਥੇ ਫ਼ਸਲ ਗੁਲਾਬ ਦੀ ਮਹਿਕਦੀ ਹੈ।

## ਪਾਠ-ਅਭਿਆਸ

1. ਦੱਸੋ :

(ੳ) ਇਸ ਕਵਿਤਾ ਵਿੱਚ ਕੁਝ ਜ਼ਾਲਮਾਂ ਦਾ ਜ਼ਿਕਰ ਆਇਆ ਹੈ, ਜਿਨ੍ਹਾਂ ਨੂੰ ਆਖ਼ਰ ਵਿੱਚ ਆਪਣੇ ਕੀਤੇ ਦੀ ਸਜ਼ਾ ਭੁਗਤਣੀ ਪਈ, ਇਹਨਾਂ ਬਾਰੇ ਸੰਖੇਪ ਵਿੱਚ ਦੱਸੋ।

(ਅ) ਕਵਿਤਾ ਦੀਆਂ ਕਿਹੜੀਆਂ ਤੁਕਾਂ ਹਨ ਜਿਨ੍ਹਾਂ ਵਿੱਚ ਅਤਿ ਦੇ ਜ਼ੁਲਮ ਸਹਿੰਦੇ ਹੋਏ ਵੀ ਅਡੋਲ ਤੇ ਸ਼ਾਂਤ ਰਹਿਣ ਦੀ ਅਵਸਥਾ ਦਾ ਵਰਨਣ ਹੈ?

(ੲ) ਲਕੀਰੇ ਸ਼ਬਦ ਕਿਹੜੇ-ਕਿਹੜੇ ਸ਼ਹੀਦਾਂ ਦੀ ਯਾਦ ਦਿਵਾਉਂਦੇ ਹਨ?

1 <u>ਸੀਸ ਤਲੀ 'ਤੇ</u> ਰੱਖਣਾ ਜਾਣਦੇ ਹਾਂ।



Downloaded from https:// www.studiestoday.com

Downloaded from https:// www.studiestoday.com

2 ਤੱਤੀ ਤਵੀ 'ਤੇ ਬੈਠ ਅਡੋਲ ਰਹੀਏ।

3 ਆਰੇ ਹੇਠ ਵੀ ਜ਼ਿੰਦਗੀ ਮਾਣਦੇ ਹਾਂ।

4 ਜਾ ਕੇ ਪੁੱਛ ਲਓ ਕੰਧ ਸਰਹਿੰਦ ਦੀ ਨੂੰ।

5 ਬੰਦ-ਬੰਦ ਵੀ ਕੱਟ ਕੇ ਵੇਖ ਚੁੱਕੇ।

2. ਹੇਠ ਲਿਖੀਆਂ ਸਤਰਾਂ ਦੇ ਭਾਵ ਸਪਸ਼ਟ ਕਰੋ :

(ੳ) ਜਿੱਥੇ-ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹੇ,
ਉੱਥੇ ਫ਼ਸਲ ਗੁਲਾਬ ਦੀ ਮਹਿਕਦੀ ਹੈ।

(ਅ) ਸਾਡੀ ਪਿੱਠ 'ਤੇ ਖੜ੍ਹਾ ਇਤਿਹਾਸ ਸਾਡਾ,
ਸਾਨੂੰ ਮਾਣ ਹੈ ਲਹੂ ਦੇ ਰੰਗ ਉੱਤੇ।
ਅਸੀਂ ਜਾਣਦੇ ਕਿੰਞ ਕੁਰਬਾਨ ਹੋਣਾ,
ਸੋਹਣੇ ਦੇਸ ਦੀ ਇੱਕ ਵੀ ਮੰਗ ਉੱਤੇ।

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਥਾਪਨਾ | : | ਥਾਪੀ, ਹਲਾਸ਼ੇਰੀ, ਆਸਰਾ |
| ਡੱਕਰੇ | : | ਟੋਟੇ, ਟੁਕੜੇ |
| ਅਡੋਲ | : | ਜੋ ਡੋਲੇ ਨਾ, ਸਥਿਰ, ਪੱਕਾ |
| ਮੋਹ | : | ਪਿਆਰ, ਲਗਾਅ |
| ਚਹਿਕਦੀ | : | ਪੰਛੀਆਂ ਦਾ ਖ਼ੁਸ਼ੀ ਨਾਲ਼ ਬੋਲਣਾ ਜਾਂ ਗਾਉਣਾ |
| ਰੱਤ | : | ਖ਼ੂਨ, ਲਹੂ |

4. ਵਾਕਾਂ ਵਿੱਚ ਵਰਤੋ :

ਜੂਝਣਾ, ਗੁਲਜ਼ਾਰ ਵਾਂਗ ਖਿੜਨਾ, ਸਿਰਾਂ ਦੇ ਮੁੱਲ ਪੈਣਾ, ਬੁਲੰਦ ਹੋਣਾ, ਜਿਗਰ ਦੇ ਟੋਟੇ, ਰੱਤ ਡੁੱਲ੍ਹਣਾ, ਕੁਰਬਾਨ ਹੋਣਾ, ਭਾਜੀਆਂ ਮੋੜਨਾ

ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਧਰਮ ਸੰਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਵਿਦਿਆਰਥੀ ਆਪਣੇ ਸਕੂਲ ਦੀ ਲਾਇਬ੍ਰੇਰੀ ਵਿੱਚ ਜਾ ਕੇ ਪੜ੍ਹਨ।



Downloaded from https:// www.studiestoday.com

Downloaded from https:// www.studiestoday.com

## ਪਾਠ-17

# ਲੋਹੜੀ

ਪੰਜਾਬ ਨੂੰ ਮੇਲਿਆਂ ਤੇ ਤਿਉਹਾਰਾਂ ਦੀ ਧਰਤੀ ਕਿਹਾ ਜਾਂਦਾ ਹੈ। ਤਿਉਹਾਰ ਤੇ ਮੇਲੇ ਸਮਾਜ ਵਿੱਚ ਭਾਈਚਾਰਿਕ ਸਾਂਝ ਪੈਦਾ ਕਰਦੇ ਹਨ। ਭਾਰਤ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਦਿਵਾਲ਼ੀ, ਦਸਹਿਰਾ ਤੇ ਹੋਲੀ ਦੇ ਤਿਉਹਾਰ ਮਨਾਏ ਜਾਂਦੇ ਹਨ। ਲੋਹੜੀ ਦਾ ਤਿਉਹਾਰ ਪੰਜਾਬ ਵਿੱਚ ਦੇਸੀ ਮਹੀਨੇ ਪੋਹ ਦੀ ਆਖ਼ਰੀ ਰਾਤ ਨੂੰ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਲੋਹੜੀ ਦਾ ਤਿਉਹਾਰ ਧਰਤੀ 'ਤੇ ਆਏ ਨਵੇਂ ਜੀਅ, ਪੁੱਤਰ ਦੀ ਖ਼ੁਸ਼ੀ ਨੂੰ ਸਮਾਜ ਨਾਲ਼ ਸਾਂਝੀ ਕਰਨ ਲਈ ਪ੍ਰਚਲਿਤ ਹੋਇਆ। ਅੱਜ-ਕੱਲ੍ਹ ਸਮਾਜ ਵਿੱਚ ਅਗਾਂਹਵਧੂ ਸੋਚ ਰੱਖਣ ਵਾਲ਼ੇ ਲੋਕ ਪੁੱਤਰ ਹੋਵੇ ਜਾਂ ਧੀ, ਦੋਂਹਾਂ ਦੀ ਹੀ ਲੋਹੜੀ ਮਨਾਉਂਦੇ ਹਨ।

ਪੰਜਾਬ ਖੇਤੀ-ਪ੍ਰਧਾਨ ਰਾਜ ਹੈ। ਜਦੋਂ ਹਲ਼ਾਂ ਨਾਲ਼ ਖੇਤੀ ਕੀਤੀ ਜਾਂਦੀ ਸੀ ਤਾਂ ਹਰ ਪਰਿਵਾਰ ਨੂੰ ਬੰਦਿਆਂ ਦੀ ਲੋੜ ਪੈਂਦੀ ਸੀ। ਆਮ ਲੋਕ ਇਸ ਧਾਰਨਾ ਵਿੱਚ ਵਿਸ਼ਵਾਸ ਰੱਖਦੇ ਸਨ ਕਿ ਖੇਤੀ-ਬਾੜੀ ਨਾਲ਼ ਘਰ ਵਿੱਚ ਵਧੇਰੇ ਖ਼ੁਸ਼ਹਾਲੀ ਆਵੇਗੀ। ਇਸ ਲਈ ਘਰ ਵਿੱਚ ਪੁੱਤਰ ਦੀ ਆਮਦ 'ਤੇ ਖ਼ੁਸ਼ੀ ਵਜੋਂ ਲੋਹੜੀ ਮਨਾਈ ਜਾਣੀ ਸ਼ੁਰੂ ਹੋ ਗਈ ਭਾਵੇਂ ਕਿ ਅਜੋਕੇ ਸਮਾਜ ਵਿੱਚ ਇਹ ਰੀਤ ਬਦਲਦੀ ਜਾ ਰਹੀ ਹੈ। ਪੁੱਤਰ ਤੇ ਧੀ ਨੂੰ ਬਰਾਬਰ ਮੰਨਿਆ ਜਾਣ ਲੱਗ ਪਿਆ ਹੈ ਪਰੰਤੂ ਲੋਹੜੀ ਦੇ ਤਿਉਹਾਰ ਮੌਕੇ ਬੱਚਿਆਂ ਵੱਲੋਂ ਗਾਏ ਜਾਣ ਵਾਲ਼ੇ ਗੀਤਾਂ ਵਿੱਚ ਪੁੱਤਰ ਦੀ ਮੰਗ ਵਾਲ਼ੇ ਬੋਲ ਅੱਜ ਵੀ ਸੁਣਾਈ ਦਿੰਦੇ ਹਨ।

ਲੋਹੜੀ ਬਈ ਲੋਹੜੀ,
ਥੋਡਾ ਮੁੰਡਾ ਚੜ੍ਹਿਆ ਘੋੜੀ।
ਘੋੜੀ ਪਈ ਨੱਠ,
ਥੋਡੇ ਹੋਣ ਪੁੱਤਰ-ਪੋਤਰੇ ਸੱਠ।
ਘੋੜੀ ਦੇਵੇ ਵਛੇਰੇ,
ਜੁੱਗ ਜੀਵਣ ਪੁੱਤਰ ਤੇਰੇ।
ਸਾਡੀ ਝੋਲ਼ੀ ਪਾ ਦੇ ਪਾਥੀ,
ਤੇਰਾ ਪੁੱਤ ਚੜ੍ਹੇਗਾ ਹਾਥੀ।
ਪਾ ਦੇ ਮਾਈ ਲੋਹੜੀ,
ਜੁਗ-ਜੁਗ ਜੀਵੇ ਤੇਰੀ ਜੋੜੀ।

ਲੋਹੜੀ ਬਾਲਣ ਲਈ ਘਰ-ਘਰ ਤੋਂ ਪਾਥੀਆਂ ਮੰਗਦੇ ਬਾਲਾਂ ਦੀਆਂ ਟੋਲੀਆਂ ਹਰ ਪਰਿਵਾਰ ਨੂੰ ਵਧਣ-ਫੁੱਲਣ ਦੀਆਂ ਅਸੀਸਾਂ ਦੇਣ ਵਾਲ਼ੇ ਗੀਤ ਗਾ ਕੇ ਲੋਹੜੀ ਮੰਗਦੀਆਂ ਹਨ।

ਲੋਹੜੀ ਦੇ ਤਿਉਹਾਰ ਦਾ ਤਿਲ਼ਾਂ ਤੇ ਗੁੜ ਨਾਲ਼ ਗੂੜ੍ਹਾ ਸੰਬੰਧ ਹੈ। ਕਿਹਾ ਜਾਂਦਾ ਹੈ ਕਿ ਤਿਲ਼



Downloaded from https:// www.studiestoday.com

Downloaded from https:// www.studiestoday.com

ਅਤੇ ਗੁੜ ਦੀ ਰੋੜੀ ਭਾਵ ਤਿਲ਼-ਰੋੜੀ ਤੋਂ ਹੌਲ਼ੀ-ਹੌਲ਼ੀ ਸ਼ਬਦ ਲੋਹੜੀ ਬਣ ਗਿਆ। ਅੱਜ-ਕੱਲ੍ਹ ਇਹ ਤਿਉਹਾਰ ਗੁੜ ਅਤੇ ਤਿਲ਼ਾਂ ਦੇ ਨਾਲ਼-ਨਾਲ਼ ਰਿਓੜੀਆਂ, ਮੂੰਗਫਲ਼ੀ, ਮੱਕੀ ਦੀਆਂ ਖਿੱਲਾਂ, ਭੁੱਗਾ, ਤਲੋਏ, ਪਤਾਸੇ, ਮਿਠਿਆਈਆਂ ਅਤੇ ਤਿਲ਼ਾਂ ਤੋਂ ਬਣਾਈਆਂ ਵੰਨ-ਸਵੰਨੀਆਂ ਚੀਜ਼ਾਂ ਵੰਡ ਕੇ ਮਨਾਇਆ ਜਾਂਦਾ ਹੈ। ਪੁਰਾਣੇ ਸਮੇਂ ਤੋਂ ਹੀ ਲੋਹੜੀ ਦੇ ਤਿਉਹਾਰ ਨੂੰ ਸੱਭਿਆਚਾਰਿਕ ਗੀਤਾਂ ਵਿੱਚ ਸੰਭਾਲ਼ਿਆ ਹੋਇਆ ਹੈ। ਲੋਹੜੀ ਵਾਲ਼ੇ ਦਿਨ ਭੈਣਾਂ ਆਪਣੇ ਵੀਰ ਦੇ ਘਰ ਪੁੱਤਰ ਦੇ ਜਨਮ ’ਤੇ ਪਰਿਵਾਰ ਦੀ ਵੇਲ ਵਧਣ ਦੀ ਖ਼ੁਸ਼ੀ ਨੂੰ ਗੀਤਾਂ ਰਾਹੀਂ ਪ੍ਰਗਟ ਕਰਦੀਆਂ ਹਨ :

ਵੀਰ ਘਰ ਪੁੱਤ ਜੰਮਿਆ,
ਚੰਨ ਚੜ੍ਹਿਆ ਬਾਪ ਦੇ ਵਿਹੜੇ।



ਪਿੰਡਾਂ ਵਿੱਚ ਇਸ ਤਿਉਹਾਰ ਨੂੰ ਸਾਂਝੀ ਥਾਂ, ਪਿੰਡ ਦੀ ਸੱਥ ਵਿੱਚ ਪਾਥੀਆਂ ਤੇ ਲੱਕੜਾਂ ਦੀ ਲੋਹੜੀ ਬਾਲ਼ ਕੇ ਮਨਾਇਆ ਜਾਂਦਾ ਹੈ। ਲੋਹੜੀ ਵਾਲ਼ੀ ਰਾਤ ਨੂੰ ਠੰਢ ਦਾ ਬਹੁਤ ਜ਼ੋਰ ਹੁੰਦਾ ਹੈ। ਪਰਿਵਾਰ ਦਾ ਹਰ ਜੀਅ ਇਸਤਰੀਆਂ, ਬੱਚੇ ਤੇ ਬਜ਼ੁਰਗ ਬਲ਼ਦੀ ਹੋਈ ਲੋਹੜੀ ਦੁਆਲ਼ੇ ਬੈਠ ਕੇ ਨਿੱਘ ਦਾ ਅਨੰਦ ਮਾਣਦੇ ਹਨ। ਇਸਤਰੀਆਂ ਬਲ਼ਦੀ ਲੋਹੜੀ ਵਿੱਚ ਤਿਲ਼ ਪਾਉਂਦੀਆਂ ਹੋਈਆਂ ਗਾਉਂਦੀਆਂ ਹਨ :

ਈਸ਼ਰ ਆਏ ਦਲਿੱਦਰ ਜਾਏ,
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਏ।

ਪੋਹ ਦੇ ਮਹੀਨੇ ਸਰਦੀ ਵਧੇਰੇ ਹੁੰਦੀ ਹੈ। ਇਸ ਲਈ ਘਰ-ਪਰਿਵਾਰ ਅਤੇ ਖੇਤੀ ਦਾ ਕੋਈ ਵੀ ਕੰਮ ਚੰਗੀ ਤਰ੍ਹਾਂ ਨੇਪਰੇ ਨਹੀਂ ਚੜ੍ਹਦਾ। ਜ਼ਿਆਦਾ ਠੰਢ ਨਾਲ਼ ਹਰ ਜੀਅ ਆਲ਼ਸੀ ਹੋ ਜਾਂਦਾ ਹੈ। ਲੋਹੜੀ ਤੋਂ ਦੂਸਰੇ ਦਿਨ ਪੋਹ ਚੜ੍ਹ ਜਾਂਦਾ ਹੈ। ਦਿਨ ਨਿੱਘੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸਤਰੀਆਂ ਪਰਿਵਾਰ ਦੇ ਜੀਆਂ ਨੂੰ ਉੱਦਮੀ ਬਣਾਉਣ ਦੀ ਮੰਗ ਕਰਦੀਆਂ ਦਲਿੱਦਰ ਨੂੰ ਅਗਨੀ-ਭੇਟ ਕਰ ਦਿੰਦੀਆਂ ਹਨ।



Downloaded from https:// www.studiestoday.com

Downloaded from https:// www.studiestoday.com

ਲੋਹੜੀ ਦੁਆਲ਼ੇ ਬੈਠੇ ਲੋਕਾਂ ਵਿੱਚੋਂ ਕੋਈ ਵਡੇਰੀ ਉਮਰ ਦਾ ਬਜ਼ੁਰਗ ਲੋਕ-ਕਥਾਵਾਂ ਦੇ ਬੀਰ-ਨਾਇਕ ਦੁੱਲਾ-ਭੱਟੀ ਦੀ ਕਥਾ ਸੁਣਾਉਂਦਾ ਹੈ। ਲੋਕ-ਕਥਾਵਾਂ ਵਿੱਚ ਕਿਹਾ ਜਾਂਦਾ ਹੈ ਕਿ ਦੁੱਲਾ-ਭੱਟੀ ਨੇ ਲੋਹੜੀ ਵਾਲ਼ੇ ਦਿਨ ਗ਼ਰੀਬ ਪਰਿਵਾਰ ਦੀਆਂ ਧੀਆਂ ਦੇ ਵਿਆਹ ਕਰਵਾ ਕੇ ਸ਼ਗਨ ਵਜੋਂ ਪੱਲੇ ਵਿੱਚ ਸੱਕਰ ਪਾ ਕੇ, ਉਹਨਾਂ ਦਾ ਡੋਲ਼ਾ ਤੋਰਿਆ ਸੀ। ਇਸ ਲਈ ਘਰਾਂ ਤੋਂ ਲੋਹੜੀ ਮੰਗਦੇ ਬੱਚੇ ਇਸ ਬੀਰ-ਨਾਇਕ ਨੂੰ ਅੱਜ ਵੀ ਯਾਦ ਕਰਦੇ ਹਨ :

ਸੁੰਦਰ-ਮੁੰਦਰੀਏ – ਹੋ,
ਤੇਰਾ ਕੌਣ ਵਿਚਾਰਾ – ਹੋ,
ਦੁੱਲਾ ਭੱਟੀ ਵਾਲ਼ਾ – ਹੋ,
ਦੁੱਲੇ ਦੀ ਧੀ ਵਿਆਹੀ – ਹੋ,
ਸੇਰ ਸੱਕਰ ਪਾਈ – ਹੋ।

ਲੋਹੜੀ ਵਾਲ਼ੇ ਦਿਨ ਜਿੱਥੇ ਇਸਤਰੀਆਂ ਕਈ ਪ੍ਰਕਾਰ ਦੀਆਂ ਖਾਣ ਵਾਲ਼ੀਆਂ ਚੀਜ਼ਾਂ ਬਣਾਉਂਦੀਆਂ ਹਨ ਉੱਥੇ ਲੋਹੜੀ ਵਾਲ਼ੀ ਰਾਤ ਨੂੰ ਮੋਠ-ਬਾਜਰੇ ਤੇ ਦਾਲ਼-ਚਾਵਲਾਂ ਦੀ ਖਿਚੜੀ ਵੀ ਰਿੰਨ੍ਹੀ ਜਾਂਦੀ ਹੈ। ਇਹ ਖਿਚੜੀ ਪਰਿਵਾਰ ਦੇ ਸਾਰੇ ਜੀਅ ਮਾਘ ਦੀ ਸੰਗਰਾਂਦ ਨੂੰ ਸਵੇਰੇ ਵੇਲ਼ੇ ਇਸ਼ਨਾਨ ਕਰ ਕੇ ਖਾਂਦੇ ਹਨ। ਇਸ ਨੂੰ 'ਪੋਹ ਰਿੱਧੀ, ਮਾਘ ਖਾਧੀ' ਕਿਹਾ ਜਾਂਦਾ ਹੈ। ਇਹ ਕਹਾਵਤ ਬੁਝਾਰਤ ਦੇ ਰੂਪ ਵਿੱਚ ਵੀ ਪ੍ਰਚਲਿਤ ਹੋ ਗਈ ਹੈ।

ਲੋਹੜੀ ਦਾ ਤਿਉਹਾਰ ਨਵ-ਜਨਮੇ ਬਾਲਾਂ ਨਾਲ਼ ਜੁੜਿਆ ਹੋਇਆ ਹੈ। ਨਵ-ਜੰਮੇ ਬਾਲ ਨੂੰ ਸੁਘੜ-ਸੁਜਾਨ ਭੈਣਾਂ, ਭੂਆਂ, ਚਾਚੀਆਂ, ਮਾਮੀਆਂ, ਮਾਸੀਆਂ, ਦਰਾਣੀਆਂ ਤੇ ਜਿਠਾਣੀਆਂ ਪੁਸ਼ਾਕਾਂ ਤੇ ਖਿਡੌਣੇ ਤੋਹਫ਼ੇ ਵਜੋਂ ਦਿੰਦੀਆਂ ਹਨ। ਪਰਿਵਾਰ ਵਿੱਚੋਂ ਬਾਲ ਦੀ ਦਾਦੀ, ਨਾਨੀ, ਮਾਂ ਅਤੇ ਭੈਣਾਂ, ਗੁੜ ਦੀਆਂ ਭੇਲੀਆਂ ਭੰਨ ਕੇ ਰੋੜੀਆਂ ਬਣਾਉਂਦੀਆਂ ਹਨ। ਇਹ ਗੁੜ ਸ਼ਗਨ ਵਜੋਂ ਗਲ਼ੀ-ਮਹੱਲੇ ਤੇ ਪਿੰਡ ਵਿੱਚ ਵੰਡਿਆ ਜਾਂਦਾ ਹੈ। ਇਸ ਮੌਕੇ ਗਾਏ ਜਾਂਦੇ ਲੋਹੜੀ ਦੇ ਗੀਤਾਂ ਵਿੱਚ ਭੈਣਾਂ ਵੀਰ ਦੀ ਲੰਮੀ ਉਮਰ ਲਈ ਦੁਆਵਾਂ ਕਰਦੀਆਂ ਹਨ।

ਲੋਹੜੀ ਦੇ ਗੁੜ ਦੀਆਂ,
ਮਿੱਠੀਆਂ-ਮਿੱਠੀਆਂ ਰੋੜੀਆਂ।
ਜੁਗ-ਜੁਗ ਜਿਊਂਣ ਮਾਏਂ,
ਭਰਾਵਾਂ ਦੀਆਂ ਜੋੜੀਆਂ।

ਲੋਹੜੀ ਦਾ ਤਿਉਹਾਰ ਸ਼ਹਿਰਾਂ ਵਿੱਚ ਵੀ ਗਲ਼ੀ-ਮਹੱਲੇ ਵਿੱਚ ਲੋਹੜੀ ਬਾਲ਼ ਕੇ ਮਨਾਇਆ ਜਾਂਦਾ ਹੈ। ਕੁਝ ਲੋਕ ਆਪਣੇ ਘਰਾਂ ਦੇ ਵਿਹੜਿਆਂ ਵਿੱਚ ਪਰਿਵਾਰ ਦੇ ਮਿੱਤਰਾਂ-ਸਨੇਹੀਆਂ ਨੂੰ ਬੁਲਾ ਕੇ ਲੋਹੜੀ ਦਾ ਤਿਉਹਾਰ ਮਨਾਉਂਦੇ ਹਨ। ਸ਼ਹਿਰਾਂ ਵਿੱਚ ਲੋਹੜੀ-ਮੇਲੇ ਵੀ ਲਗਦੇ ਹਨ। ਉਂਞ ਵੀ ਇਹ ਤਿਉਹਾਰ ਸੱਭਿਆਚਾਰਿਕ ਮੇਲਿਆਂ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਆਮ ਤੌਰ 'ਤੇ ਲੋਕ ਲੋਹੜੀ ਦਾ ਤਿਉਹਾਰ ਸਾਦੇ ਢੰਗ ਨਾਲ਼ ਲੋਹੜੀ ਬਾਲ਼ ਕੇ, ਗੁੜ ਤੇ ਰਿਓੜੀਆਂ ਵੰਡ ਕੇ ਮਨਾਉਂਦੇ ਹਨ। ਦਾਦਾ, ਨਾਨਾ, ਮਾਮੇ, ਮਾਸੜ, ਫੁੱਫੜ, ਚਾਚੇ, ਤਾਏ ਸਭ ਇਸਤਰੀਆਂ ਤੇ ਬੱਚੇ



Downloaded from https:// www.studiestoday.com

Downloaded from https:// www.studiestoday.com

ਪਰਿਵਾਰ ਦੇ ਸਨੇਹੀਆਂ ਨਾਲ਼ ਰਲ਼-ਮਿਲ਼ ਕੇ ਲੋਹੜੀ ਦੀਆਂ ਖ਼ੁਸ਼ੀਆਂ ਸਾਂਝੀਆਂ ਕਰਦੇ ਹਨ। ਬਲ਼ਦੀ ਹੋਈ ਲੋਹੜੀ ਦੁਆਲ਼ੇ ਗਿੱਧਾ ਤੇ ਭੰਗੜਾ ਪਾਇਆ ਜਾਂਦਾ ਹੈ। ਇਸ ਮੌਕੇ ਨਵੀਆਂ ਵਿਆਹੀਆਂ ਜੋੜੀਆਂ ਲੋਹੜੀ ਵਿੱਚ ਤਿਲ਼ ਪਾ ਕੇ ਅਸੀਸਾਂ ਲੈਂਦੀਆਂ ਹਨ।

ਲੋਹੜੀ ਦਾ ਤਿਉਹਾਰ ਦਿਨੋ-ਦਿਨ ਹਰਮਨ-ਪਿਆਰਾ ਹੁੰਦਾ ਜਾ ਰਿਹਾ ਹੈ। ਇਸ ਲਈ ਅੱਜ-ਕੱਲ੍ਹ ਗੁਆਂਢੀ ਰਾਜਾਂ, ਹਰਿਆਣਾ, ਰਾਜਸਥਾਨ ਅਤੇ ਦੇਸਾਂ-ਵਿਦੇਸ਼ਾਂ ਵਿੱਚ, ਜਿੱਥੇ ਕਿਧਰੇ ਵੀ ਪੰਜਾਬੀ ਵੱਸਦੇ ਹਨ, ਉਹਨਾਂ ਵੱਲੋਂ ਇਹ ਤਿਉਹਾਰ ਚਾਵਾਂ ਨਾਲ਼ ਮਨਾਇਆ ਜਾਣ ਲੱਗ ਪਿਆ ਹੈ। ਖ਼ੁਸ਼ੀ ਦੀ ਗੱਲ ਇਹ ਵੀ ਹੈ ਕਿ ਬਦਲ ਰਹੇ ਸਮਾਜ ਵਿੱਚ ਪੁੱਤਰਾਂ ਦੇ ਨਾਲ਼-ਨਾਲ਼ ਧੀਆਂ ਦੀ ਲੋਹੜੀ ਵੀ ਮਨਾਈ ਜਾਣੀ ਸ਼ੁਰੂ ਹੋ ਗਈ ਹੈ। ਉਹ ਦਿਨ ਦੂਰ ਨਹੀਂ ਜਦੋਂ 'ਲੋਹੜੀ' ਧੀਆਂ ਤੇ ਪੁੱਤਰਾਂ ਦਾ ਸਾਂਝਾ ਤਿਉਹਾਰ ਬਣ ਜਾਵੇਗਾ।

## ਪਾਠ-ਅਭਿਆਸ

1. ਦੱਸੋ :

(ੳ) ਲੋਹੜੀ ਦਾ ਤਿਉਹਾਰ ਕਦੋਂ ਅਤੇ ਕਿਉਂ ਮਨਾਇਆ ਜਾਂਦਾ ਹੈ?

(ਅ) ਲੋਹੜੀ ਦੇ ਤਿਉਹਾਰ ਦਾ ਸੰਬੰਧ ਕਿਰਸਾਣੀ ਜੀਵਨ ਨਾਲ਼ ਕਿਵੇਂ ਜੁੜਿਆ ਹੋਇਆ ਹੈ?

(ੲ) ਲੋਹੜੀ ਸ਼ਬਦ ਕਿਵੇਂ ਹੋਂਦ ਵਿੱਚ ਆਇਆ?

(ਸ) 'ਈਸ਼ਰ ਆਏ ਦਲਿੱਦਰ ਜਾਏ' ਤੁਕ ਤੋਂ ਕੀ ਭਾਵ ਹੈ?

(ਹ) ਪਿੰਡਾਂ ਵਿੱਚ ਲੋਹੜੀ ਦਾ ਤਿਉਹਾਰ ਕਿਵੇਂ ਮਨਾਇਆ ਜਾਂਦਾ ਹੈ?

(ਕ) ਸ਼ਹਿਰਾਂ ਦੀ ਲੋਹੜੀ ਤੇ ਪਿੰਡਾਂ ਦੀ ਲੋਹੜੀ ਵਿੱਚ ਕੀ ਅੰਤਰ ਹੈ?

(ਖ) "ਉਹ ਦਿਨ ਦੂਰ ਨਹੀਂ ਜਦੋਂ ਲੋਹੜੀ ਧੀਆਂ ਤੇ ਪੁੱਤਰਾਂ ਦਾ ਸਾਂਝਾ ਤਿਉਹਾਰ ਬਣ ਜਾਵੇਗਾ।" ਇਸ ਬਾਰੇ ਆਪਣੇ ਵਿਚਾਰ ਲਿਖੋ।

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਪ੍ਰਚਲਿਤ | : | ਜਿਸ ਦਾ ਰਿਵਾਜ ਹੋਵੇ। |
| ਖ਼ੁਸ਼ਹਾਲੀ | : | ਆਰਥਿਕ ਪੱਖੋਂ ਬੇਫ਼ਿਕਰੀ, ਚੰਗੀ ਹਾਲਤ, ਖ਼ੁਸ਼ੀ |
| ਆਮਦ | : | ਆਉਣ ਦਾ ਭਾਵ |
| ਅਸੀਸਾਂ | : | ਸ਼ੁੱਭ-ਇੱਛਾਵਾਂ, ਅਸ਼ੀਰਵਾਦ |
| ਵੇਲ ਵਧਣੀ | : | ਵਾਧਾ ਹੋਣਾ, ਉਲ਼ਾਦ ਹੋਣਾ। |
| ਤੋਹਫ਼ੇ | : | ਸੁਗ਼ਾਤਾਂ, ਭੇਟਾਵਾਂ, ਨਜ਼ਰਾਨੇ |
| ਸਨੇਹੀ | : | ਮਿੱਤਰ, ਦੋਸਤ, ਮੇਲੀ-ਗੇਲੀ, ਸਨੇਹ ਰੱਖਣ ਵਾਲ਼ੇ |

3. ਵਾਕਾਂ ਵਿੱਚ ਵਰਤੋ :

ਅਗਾਂਹਵਧੂ, ਗੀਤ, ਦਲਿੱਦਰ, ਦੁਆਵਾਂ, ਹਰਮਨ-ਪਿਆਰਾ, ਚਾਵਾਂ



Downloaded from https:// www.studiestoday.com

Downloaded from https:// www.studiestoday.com

4. ਵਿਆਕਰਨ : ਸੰਬੰਧਕ :

ਹੇਠ ਲਿਖੇ ਪੈਰੇ ਨੂੰ ਧਿਆਨ ਨਾਲ਼ ਪੜ੍ਹੋ :

ਪਿੰਡਾਂ ਵਿੱਚ ਇਸ ਤਿਉਹਾਰ ਨੂੰ ਸਾਂਝੀ ਥਾਂ ਪਿੰਡ ਦੀ ਸੱਥ ਵਿੱਚ ਪਾਥੀਆਂ ਤੇ ਲੱਕੜਾਂ ਦੀ ਲੋਹੜੀ ਬਾਲ਼ ਕੇ ਮਨਾਇਆ ਜਾਂਦਾ ਹੈ। ਲੋਹੜੀ ਵਾਲ਼ੀ ਪੋਹ ਮਹੀਨੇ ਦੀ ਆਖ਼ਰੀ ਰਾਤ ਨੂੰ ਠੰਢ ਦਾ ਬਹੁਤ ਜ਼ੋਰ ਹੁੰਦਾ ਹੈ। ਪਰਿਵਾਰ ਦਾ ਹਰ ਜੀਅ ਇਸਤਰੀਆਂ, ਬੱਚੇ ਤੇ ਬਜ਼ੁਰਗ ਬਲ਼ਦੀ ਹੋਈ ਲੋਹੜੀ ਦੁਆਲ਼ੇ ਬੈਠ ਕੇ ਨਿੱਘ ਦਾ ਅਨੰਦ ਮਾਣਦੇ ਹਨ।

ਉਪਰੋਕਤ ਪੈਰੇ ਵਿੱਚ ਲਕੀਰੇ ਸ਼ਬਦ ਸੰਬੰਧਕ ਹਨ, ਜਿਵੇਂ ਕਿ ਤੁਸੀਂ ਪਿਛਲੀ ਸ਼੍ਰੇਣੀ ਵਿੱਚ ਪੜ੍ਹ ਚੁੱਕੇ ਹੋ। ਸੰਬੰਧਕ ਸ਼ਬਦ ਵਾਕ ਵਿੱਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦ ਦਾ ਵਾਕ ਦੇ ਦੂਜੇ ਸ਼ਬਦਾਂ ਨਾਲ਼ ਸੰਬੰਧ ਪ੍ਰਗਟ ਕਰਦਾ ਹੈ; ਜਿਵੇਂ ਦਾ, ਦੇ, ਦੀ, ਨੇ, ਕੋਲ਼, ਉੱਤੇ, ਅੰਦਰ ਆਦਿ।

ਇਸ ਪਾਠ ਵਿੱਚ ਆਏ ਹੋਰ ਸੰਬੰਧਕ ਸ਼ਬਦ ਚੁਣੋ।

ਹੇਠ ਲਿਖੇ ਤਿਉਹਾਰਾਂ ਨੂੰ ਅਸਥਾਨਾਂ ਨਾਲ਼ ਜੋੜੋ :

| ਤਿਉਹਾਰ | ਅਸਥਾਨ |
|---|---|
| ਦਿਵਾਲ਼ੀ | ਕੁੱਲੂ |
| ਦਸਹਿਰਾ | ਸ੍ਰੀ ਅੰਮ੍ਰਿਤਸਰ ਸਾਹਿਬ |
| ਵਿਸਾਖੀ | ਸ੍ਰੀ ਮੁਕਤਸਰ ਸਾਹਿਬ |
| ਮਾਘੀ | ਪਟਿਆਲ਼ਾ |
| ਬਸੰਤ | ਅਨੰਦਪੁਰ ਸਾਹਿਬ |

ਆਓ! ਸਾਰੇ ਰਲ਼ ਕੇ ਕੁੜੀਆਂ ਦੀ ਲੋਹੜੀ ਮਨਾਉਣ ਦੀ ਵੀ ਪਿਰਤ ਪਾਈਏ।

ਲੋਹੜੀ ਨਾਲ਼ ਸੰਬੰਧਿਤ ਕੋਈ ਲੋਕ-ਗੀਤ ਲਿਖ ਕੇ ਆਪਣੇ ਅਧਿਆਪਕ ਜੀ ਨੂੰ ਦਿਖਾਓ।


Downloaded from https:// www.studiestoday.com

Downloaded from https:// www.studiestoday.com

ਪਾਠ-18

# ਹਾਕੀ ਦਾ ਜਾਦੂਗਰ : ਧਿਆਨ ਚੰਦ



ਵੀਆਨਾ ਸ਼ਹਿਰ ਵਿੱਚ ਇੱਕ ਅਜਿਹਾ ਆਦਮ-ਕੱਦ ਬੁੱਤ ਬਣਿਆ ਹੋਇਆ ਹੈ ਜੋ ਵੇਖਣ ਵਾਲ਼ੇ ਅੰਦਰ ਹੈਰਾਨ ਕਰਨ ਵਾਲ਼ੀਆਂ ਭਾਵਨਾਵਾਂ ਪੈਦਾ ਕਰਦਾ ਹੈ। ਅਜਿਹਾ ਇਸ ਲਈ ਕਿ ਇਸ ਬੁੱਤ ਦੇ ਦੋ ਨਹੀਂ, ਚਾਰ ਹੱਥ ਹਨ ਅਤੇ ਚਹੁੰਆਂ ਵਿੱਚ ਹੀ ਹਾਕੀ-ਸਟਿੱਕਾਂ ਹਨ। ਇਹ ਬੁੱਤ ਹੈ : ਵਿਸ਼ਵ-ਪ੍ਰਸਿੱਧ, ਹਾਕੀ ਖਿਡਾਰੀ ਧਿਆਨ ਚੰਦ ਦਾ ਜਿਸ ਨੂੰ ਇੱਕ 'ਖੇਡ-ਦੇਵਤਾ' ਬਣਾ ਕੇ ਉਸ ਦੀ ਖੇਡ-ਕਲਾ ਨੂੰ ਸਤਿਕਾਰ ਦਿੱਤਾ ਗਿਆ ਹੈ। ਇਹ ਉਹੀ ਧਿਆਨ ਚੰਦ ਹੈ ਜੋ ਕਦੇ ਅੰਗਰੇਜ਼ ਭਾਰਤੀ ਫ਼ੌਜ ਵਿੱਚ ਛੋਟਾ ਜਿਹਾ ਸਿਪਾਹੀ ਹੁੰਦਾ ਸੀ ਜਿਸ ਨੇ ਇੱਕ ਦਿਨ ਆਪਣੇ ਦੇਸ ਦੀ ਹੀ ਨਹੀਂ ਸਗੋਂ ਵਿਸ਼ਵ ਹਾਕੀ ਦੀ ਪ੍ਰਤਿਨਿਧਤਾ ਕੀਤੀ ਅਤੇ ਜਿਸ ਨੂੰ ਸ਼ਰਧਾਂਜਲੀ ਦੇਣ ਲਈ ਉਸ ਦੇ ਜਨਮ-ਦਿਨ 29 ਅਗਸਤ ਨੂੰ ਸਮੁੱਚੇ ਦੇਸ ਵਿੱਚ 'ਖੇਡ-ਦਿਵਸ' ਵਜੋਂ ਮਨਾਇਆ ਜਾਂਦਾ ਹੈ।

ਇਹ ਮਹਾਨ ਖਿਡਾਰੀ ਛੋਟੇ ਜਿਹੇ ਸ਼ਹਿਰ ਝਾਂਸੀ ਦੀਆਂ ਤੰਗ ਗਲ਼ੀਆਂ ਵਿੱਚ ਆਪਣੇ ਸੰਗੀਆਂ-ਸਾਥੀਆਂ ਨਾਲ਼ ਖੇਡਦਾ ਵੱਡਾ ਹੋਇਆ। ਉਸ ਦਾ ਪਿਤਾ ਫ਼ੌਜ ਵਿੱਚ ਹੌਲਦਾਰ ਸੀ। ਸ਼ਾਇਦ ਇਸੇ ਕਰ ਕੇ ਧਿਆਨ ਚੰਦ ਵੀ 1921 ਵਿੱਚ ਜਦੋਂ ਉਹ ਸੋਲ਼ਾਂ ਕੁ ਵਰ੍ਹਿਆਂ ਦਾ ਹੀ ਸੀ, ਫ਼ੌਜ ਵਿੱਚ ਭਰਤੀ ਹੋ ਗਿਆ ਅਤੇ ਹਾਕੀ ਖੇਡਣੀ ਸ਼ੁਰੂ ਕਰ ਦਿੱਤੀ। ਭਾਰਤੀ ਫ਼ੌਜ ਵੱਲੋਂ ਕਰਵਾਏ



Downloaded from https:// www.studiestoday.com

Downloaded from https:// www.studiestoday.com

ਜਾਂਦੇ ਟੂਰਨਾਮੈਂਟਾਂ ਵਿੱਚ ਉਸ ਨੇ ਆਪਣੀ ਖੇਡ-ਕਲਾ ਦਾ ਇਸ ਕਦਰ ਮੁਜ਼ਾਹਰਾ ਕੀਤਾ ਕਿ ਕੌਮੀ-ਪੱਧਰ ਦੀ ਹਾਕੀ ਵਿੱਚ ਵੀ ਜ਼ਿਕਰ ਹੋਣ ਲੱਗਾ।

1925 ਵਿੱਚ ਭਾਰਤੀ ਹਾਕੀ ਫ਼ੈਡਰੇਸ਼ਨ ਹੋਂਦ ਵਿੱਚ ਆਈ ਅਤੇ ਓਧਰ ਉਲੰਪਿਕ-ਖੇਡਾਂ ਦੇ ਚਰਚੇ ਵੀ ਹੋਣ ਲੱਗੇ। 1928 - ਐਮਸਟਰਡਮ ਉਲੰਪਿਕ ਵਿੱਚ ਆਪਣੇ ਸਾਰੇ ਮੈਚ ਅਸਾਨੀ ਨਾਲ਼ ਜਿੱਤ ਕੇ, ਫ਼ਾਈਨਲ ਵਿੱਚ ਹਾਲੈਂਡ ਦੀ ਹੀ ਟੀਮ ਨੂੰ ਤਿੰਨ ਗੋਲ਼ਾਂ ਨਾਲ਼ ਹਰਾ ਕੇ-ਜਿਨ੍ਹਾਂ ਵਿੱਚੋਂ ਦੋ ਇਕੱਲੇ ਧਿਆਨ ਚੰਦ ਨੇ ਕੀਤੇ-ਸੋਨ ਤਗਮਾ ਜਿੱਤਿਆ। 1932-ਲੌਸ ਏਂਜਲਸ ਉਲੰਪਿਕ ਵਿੱਚ ਭਾਰਤੀ ਟੀਮ ਨੇ ਫ਼ਾਈਨਲ ਵਿੱਚ ਯੂ.ਐੱਸ.ਏ. ਨੂੰ 24-1 ਦੇ ਵੱਡੇ ਫ਼ਰਕ ਨਾਲ਼ ਹਰਾਇਆ ਜਿਸ ਵਿੱਚ ਅੱਠ ਗੋਲ਼ਾਂ ਦਾ ਯੋਗਦਾਨ ਧਿਆਨ ਚੰਦ ਨੇ ਪਾਇਆ। ਬਰਲਿਨ ਵਿਖੇ ਹੋਈਆਂ 1936 ਦੀਆਂ ਉਲੰਪਿਕ ਖੇਡਾਂ ਵਿੱਚ ਭਾਰਤ ਦਾ ਮੁਕਾਬਲਾ 'ਹੋਮ-ਟੀਮ' ਜਰਮਨੀ ਨਾਲ਼ ਹੋਇਆ। ਹਿਟਲਰ ਉਚੇਚੇ ਤੌਰ 'ਤੇ ਇਸ ਮੈਚ ਨੂੰ ਵੇਖਣ ਆਇਆ ਸੀ। ਸਾਰਾ ਮੈਚ ਤਣਾਅ-ਪੂਰਵਕ ਵਾਤਾਵਰਨ 'ਚ ਖੇਡਿਆ ਗਿਆ ਪਰ ਇਹ ਸਾਰਾ ਤਣਾਅ ਧਿਆਨ ਚੰਦ ਦੀ ਜਾਦੂਗਰੀ-ਨੁਮਾ ਖੇਡ ਵਿੱਚ ਸਭ ਨੂੰ ਭੁੱਲ-ਭੁਲਾ ਗਿਆ। ਹਿਟਲਰ ਬਾਹਰ ਬੈਠਾ ਦੰਦ ਕਰੀਚ ਰਿਹਾ ਸੀ ਅਤੇ ਅੰਦਰ ਉਸ ਦੀ ਟੀਮ ਦੇ ਖਿਡਾਰੀ ਪੂਰੀ ਤਰ੍ਹਾਂ ਬੇਵੱਸ ਸਨ ਕਿਉਂਕਿ ਮੈਚ ਦੇ ਪਹਿਲੇ ਅੱਧ ਵਿੱਚ ਹੀ ਉਹਨਾਂ ਵਿਰੁੱਧ ਅੱਠ ਗੋਲ਼ ਹੋ ਚੁੱਕੇ ਸਨ। ਉਹ ਹਾਰ ਕੇ ਮਾਰ ਕੁਟਾਈ 'ਤੇ ਉੱਤਰ ਆਏ ਜਿਸ ਵਿੱਚ ਧਿਆਨ ਚੰਦ ਦਾ ਇੱਕ ਦੰਦ ਟੁੱਟ ਗਿਆ। ਫਿਰ ਵੀ ਉਹ ਚੁੱਪ-ਚਾਪ ਖੇਡਦਾ ਰਿਹਾ ਅਤੇ ਦੂਜੇ ਅੱਧ ਵਿੱਚ ਛੇ ਗੋਲ਼ ਹੋਰ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ। ਕੁੱਲ ਚੌਦਾਂ ਵਿੱਚੋਂ ਛੇ ਗੋਲ਼ ਉਸ ਦੇ ਹਿੱਸੇ ਆਏ।

ਕਿਹਾ ਜਾਂਦਾ ਹੈ ਕਿ ਉਸ ਮੈਚ ਤੋਂ ਬਾਅਦ ਖ਼ੁਦ ਹਿਟਲਰ, ਆਪਣੀ ਹਾਰ ਕਬੂਲ ਕੇ ਧਿਆਨ ਚੰਦ ਨੂੰ ਮਿਲ਼ਨ ਆਇਆ ਅਤੇ ਆਪਣੀ ਫ਼ੌਜ ਵਿੱਚ ਉਸ ਨੂੰ ਕਰਨਲ ਦੇ ਉੱਚੇ ਅਹੁਦੇ ਦੀ ਵੀ ਪੇਸ਼ਕਸ਼ ਕੀਤੀ ਪਰੰਤੂ ਧਿਆਨ ਚੰਦ ਨੇ ਉਸ ਨੂੰ ਬੜੇ ਅਦਬ ਅਤੇ ਹਲੀਮੀ ਨਾਲ਼ ਠੁਕਰਾ ਦਿੱਤਾ। ਉਸ ਨੇ ਆਪਣੇ ਵਤਨ ਦੀ ਮਿੱਟੀ ਵਿੱਚ ਇੱਕ ਛੋਟਾ ਜਿਹਾ ਸਿਪਾਹੀ ਬਣ ਕੇ ਰਹਿਣ ਨੂੰ ਤਰਜੀਹ ਦਿੱਤੀ।

ਤਿੰਨ ਉਲੰਪਿਕਾਂ ਬਾਅਦ ਧਿਆਨ ਚੰਦ ਨੇ ਹਾਕੀ ਤੋਂ ਤਕਰੀਬਨ 'ਸੰਨਿਆਸ' ਲੈ ਲਿਆ ਭਾਵੇਂ ਉਹ ਅਜੇ ਇਕੱਤੀ ਵਰ੍ਹਿਆਂ ਦਾ ਹੀ ਸੀ। ਫੇਰ ਸ਼ੁਰੂ ਹੋਈ ਉਸ ਦੀ 'ਮਿਥਿਹਾਸਿਕ' ਮਹਾਨਤਾ ਹੰਢਾਉਣ ਵਾਲ਼ੀ ਖੇਡ ਦੀ ਗੱਲ। ਕਹਿੰਦੇ ਹਨ ਕਿ ਇੱਕ ਵਾਰ ਕ੍ਰਿਕਟ ਦੇ ਮਹਾਨ ਖਿਡਾਰੀ ਬਰੈਡਮੈਨ ਨੇ ਹੱਸਦਿਆਂ ਅਤੇ ਹੈਰਾਨ ਹੋ ਕੇ ਧਿਆਨ ਚੰਦ ਨੂੰ ਪੁੱਛਿਆ , "ਧਿਆਨ ਬਾਈ, ਤੂੰ ਸਟਿੱਕ ਨਾਲ਼ ਐਨੇ ਗੋਲ਼ ਕਿਵੇਂ ਕਰ ਲੈਂਦਾ ਹੈਂ?" "ਜਿਵੇਂ ਬੱਲੇ ਨਾਲ਼ ਦੌੜਾਂ ਬਣਾਈਆਂ ਜਾਂਦੀਆਂ ਹਨ, ਇੰਞ ਹੀ", ਧਿਆਨ ਚੰਦ ਨੇ ਕਿਹਾ।

ਇੱਕ ਵਾਰ ਦਰਸ਼ਕਾਂ ਨੂੰ ਸ਼ੱਕ ਪੈ ਗਿਆ ਕਿ ਧਿਆਨ ਚੰਦ ਦੀ ਸਟਿੱਕ (ਹਾਕੀ) ਨਾਲ਼ ਕੋਈ



Downloaded from https:// www.studiestoday.com

Downloaded from https:// www.studiestoday.com

ਚੁੰਬਕ ਵਰਗੀ ਸ਼ੈ ਚਿਪਕਾਈ ਹੋਈ ਹੈ ਤਾਂ ਹੀ ਤਾਂ ਗੇਂਦ ਉਸ ਨਾਲ਼ੋਂ ਲਹਿੰਦੀ ਨਹੀਂ। ਕਿਸੇ ਨੇ ਆਪਣੀ ਸੈਰ ਕਰਨ ਵਾਲ਼ੀ ਛੜੀ ਦੇ ਕੇ ਕਿਹਾ, "ਇਸ ਨਾਲ਼ ਗੋਲ਼ ਕਰ, ਫੇਰ ਮੰਨਾਂਗੇ।" ਸੁਣਦੇ ਹਾਂ ਕਿ ਧਿਆਨ ਚੰਦ ਨੇ ਉਸ ਨਾਲ਼ ਵੀ ਗੋਲ਼ ਕਰ ਦਿੱਤੇ। ਅਜਿਹੀਆਂ ਦੰਦ-ਕਥਾਵਾਂ ਅਜੇ ਤੱਕ, ਕਿਸੇ ਹੋਰ ਹਾਕੀ ਖਿਡਾਰੀ ਨਾਲ਼ ਨਹੀਂ ਜੁੜੀਆਂ। ਇੱਥੋਂ ਤੱਕ ਕਿ 1968 ਅਤੇ 1972 ਦੀਆਂ ਉਲੰਪਿਕ ਖੇਡਾਂ ਵਿੱਚ ਸ਼ਿਰਕਤ ਕਰਨ ਵਾਲ਼ਾ ਮਸ਼ਹੂਰ ਪਾਕਿਸਤਾਨੀ ਹਾਕੀ ਖਿਡਾਰੀ ਜਹਾਂਗੀਰ ਬੱਟ, ਆਪਣੇ ਪਿਤਾ ਦੇ,ਧਿਆਨ ਚੰਦ ਦੀ ਮਹਾਨ ਖੇਡ ਨੂੰ ਸਿਜਦਾ ਕਰਨ ਵਾਲ਼ੇ ਨਿਮਨ-ਸ਼ਬਦ, ਅਕਸਰ ਦੁਹਰਾਉਂਦਾ ਸੀ, ਨਾਲ਼ੇ ਅੱਖਾਂ ਭਰ ਲੈਂਦਾ ਸੀ। "ਪੁੱਤਰ ਜੇ ਹਾਕੀ ਸਿੱਖਣੀ ਹੈ ਧਿਆਨ ਚੰਦ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦੀ ਕੋਸ਼ਸ਼ ਕਰ। ਮੈ 'ਵੰਡ' ਤੋਂ ਪਹਿਲਾਂ ਉਸ ਨਾਲ਼ ਖੇਡਦਾ ਸੀ। ਕਿਆ ਬਾਤਾਂ ਨੇ ਉਸ ਦੀਆਂ! ਉਹ ਤਾਂ ਗ੍ਰਾਊਂਡ 'ਤੇ ਇੰਞ ਨਜ਼ਰ ਰੱਖਦਾ ਸੀ ਜਿਵੇਂ ਇੱਕ ਸ਼ਤਰੰਜ-ਖਿਡਾਰੀ ਆਪਣੇ ਬੋਰਡ 'ਤੇ ਰੱਖਦਾ ਹੈ। ਉਸ ਨੂੰ ਹਮੇਸ਼ਾਂ ਪਤਾ ਹੁੰਦਾ ਸੀ ਕਿ ਉਸ ਦੇ ਸਾਥੀ ਅਤੇ ਵਿਰੋਧੀ ਖਿਡਾਰੀ ਕਿੱਥੇ-ਕਿੱਥੇ ਖੜ੍ਹੇ ਹਨ।"

ਕੁਝ ਗੱਲਾਂ ਧਿਆਨ ਚੰਦ ਦੀ ਖੇਡ ਦੀ ਵਿਲੱਖਣਤਾ ਬਾਰੇ ਵੀ ਹਨ। ਇਹ ਜਾਣ ਕੇ ਤੁਹਾਨੂੰ ਹੈਰਾਨੀ ਹੋਵੇਗੀ ਕਿ ਉਹ ਸੈਂਟਰ-ਫਾਰਵਰਡ ਖੇਡਦੇ ਹੋਇਆਂ ਵੀ ਜ਼ਿਆਦਾ ਤੇਜ਼ ਤਰਾਰ ਅਤੇ ਬਿਜਲੀ ਵਰਗੀ ਰਫ਼ਤਾਰ ਵਾਲ਼ਾ ਨਹੀਂ ਸੀ ਜਿਵੇਂ ਕਿ ਬਲਬੀਰ ਸਿੰਘ, ਹਰਬਿੰਦਰ ਸਿੰਘ, ਸੁਰਿੰਦਰ ਸਿੰਘ ਸੋਢੀ ਅਤੇ ਧੰਨ ਰਾਜ ਸਿੰਘ ਪਿੱਲੈ ਆਦਿ ਖਿਡਾਰੀ ਸਨ। ਇਸ ਦੇ ਉਲਟ ਉਸ ਦੀ ਖੇਡ ਵਿੱਚ ਜੋਸ਼ ਨਾਲ਼ੋਂ ਹੋਸ਼ ਵਧੇਰੇ ਸੀ ਅਤੇ ਧੀਮਾਪਣ ਸੀ। ਜ਼ਿਆਦਾ ਦੇਰ ਗੇਂਦ ਨਾਲ਼ ਚਿਮਟਣ ਵਾਲ਼ਿਆਂ ਨੂੰ ਉਹ ਨਕਾਰਦਾ ਸੀ ਅਤੇ ਇਸ ਨੂੰ ਟੀਮ ਲਈ ਘਾਤਕ ਸਮਝਦਾ ਸੀ। ਉਸ ਦੇ ਆਪਣੇ ਸ਼ਬਦਾਂ 'ਚ "ਪਾਸ ਦੇਣਾ ਹੀ ਸਭ ਤੋਂ ਵਧੀਆ ਝਕਾਨੀ ਹੈ।" 1963-64 ਵਿੱਚ ਉਹ ਐੱਨ.ਆਈ.ਐੱਸ. ਪਟਿਆਲ਼ਾ ਵਿਖੇ ਹਾਕੀ ਦਾ ਮੁੱਖ ਕੋਚ ਸੀ। ਸਾਂਵਲਾ ਰੰਗ, ਦਰਮਿਆਨਾ ਕੱਦ, ਸਿਰ ਦੇ ਵਾਲ਼ ਬਿਨਾਂ ਚੀਰ ਪਿੱਛੇ ਨੂੰ ਵਾਹੇ ਹੋਏ, ਚਿੱਟੀ ਟੀ-ਸ਼ਰਟ ਅਤੇ ਕਾਲ਼ੀ ਨਿੱਕਰ ਪਾਈ, ਉਹ ਗ੍ਰਾਊਂਡ ਦੇ ਬਾਹਰ ਬੈਠਾ ਗੂੜ੍ਹੀ ਹਿੰਦੁਸਤਾਨੀ ਵਿੱਚ ਖਿਡਾਰੀਆਂ ਨੂੰ ਸਮਝਾਉਂਦਾ, ਤਾੜਦਾ, ਝਾੜਦਾ ਅਤੇ ਵਰਜਦਾ। ਖਿਡਾਰੀ ਉਸ ਨੂੰ ਸਤਿਕਾਰ ਨਾਲ਼ "ਦਾਦਾ" ਆਖਦੇ-ਜਿਸ ਦਾ ਬੰਗਲਾ ਵਿੱਚ ਅਰਥ ਹੁੰਦਾ ਹੈ-ਵੱਡਾ ਭਰਾ।

ਭਾਵੇਂ ਧਿਆਨ ਚੰਦ ਵਰਗੇ ਖਿਡਾਰੀ ਦੁਨਿਆਵੀ ਅਤੇ ਪਦਾਰਥਿਕ ਪੁਰਸਕਾਰਾਂ ਲਈ ਨਹੀਂ ਖੇਡਦੇ, ਫੇਰ ਵੀ ਉਸ ਦੀ ਖੇਡ-ਪ੍ਰਾਪਤੀ ਦੀ ਦਾਦ ਦਿੰਦਿਆਂ, ਉਸ ਦੇ ਖੇਡ ਕੱਦ ਨੂੰ ਪਛਾਣਦਿਆਂ, ਭਾਰਤ ਸਰਕਾਰ ਨੇ 1956 ਵਿੱਚ ਉਸ ਨੂੰ ਪਦਮ-ਭੂਸ਼ਣ ਦੇ ਖ਼ਿਤਾਬ ਨਾਲ਼ ਸਨਮਾਨਿਤ ਕੀਤਾ ਅਤੇ 1979 ਵਿੱਚ ਉਸ ਦੀ ਮੌਤ ਤੋਂ ਇੱਕ ਸਾਲ ਬਾਅਦ ਉਸ ਦੀ ਸਿਮਰਤੀ ਵਿੱਚ ਇੱਕ ਡਾਕ-ਟਿਕਟ ਜਾਰੀ ਕੀਤੀ। ਦੇਸ ਦੀ ਰਾਜਧਾਨੀ ਦਿੱਲੀ ਵਿੱਚ ਵਿਸ਼ਵ-ਪ੍ਰਸਿੱਧ ਸਟੇਡੀਅਮ ਵੀ ਉਸ ਨੂੰ ਸਮਰਪਿਤ ਕੀਤਾ ਹੋਇਆ ਹੈ।



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ

1. ਦੱਸੋ :

(ੳ) ਧਿਆਨ ਚੰਦ ਕੌਣ ਸੀ ? ਉਸ ਦੀ ਯਾਦ ਹਰ ਸਾਲ ਕਿਵੇਂ ਮਨਾਈ ਜਾਂਦੀ ਹੈ ?

(ਅ) ਧਿਆਨ ਚੰਦ ਦਾ ਬੁੱਤ ਕਿੱਥੇ ਲੱਗਾ ਹੋਇਆ ਹੈ ? ਇਸ ਬੁੱਤ ਦੀ ਕੀ ਵਿਸ਼ੇਸ਼ਤਾ ਹੈ ?

(ੲ) ਧਿਆਨ ਚੰਦ ਨੂੰ ਹਾਕੀ ਖੇਡਣ ਦਾ ਸ਼ੌਕ ਕਿਵੇਂ ਪੈਦਾ ਹੋਇਆ ?

(ਸ) ਧਿਆਨ ਚੰਦ ਦੀ ਖੇਡ ਨਾਲ਼ ਕਿਹੜੀਆਂ ਦੰਦ-ਕਥਾਵਾਂ ਜੁੜੀਆਂ ਹੋਈਆਂ ਹਨ ?

(ਹ) ਧਿਆਨ ਚੰਦ ਕਿਸ ਪੁਜੀਸ਼ਨ 'ਤੇ ਖੇਡਦਾ ਸੀ ਅਤੇ ਉਸ ਦੀ ਹਾਕੀ ਖੇਡਣ ਦੀ ਤਕਨੀਕ ਕਿਹੋ-ਜਿਹੀ ਸੀ ?

(ਕ) ਹਾਕੀ ਦੇ ਮੁੱਖ-ਕੋਚ ਵਜੋਂ ਸੌਂਪੀ ਗਈ ਜ਼ੁੰਮੇਵਾਰੀ ਨੂੰ ਉਸ ਨੇ ਕਿਵੇਂ ਨਿਭਾਇਆ ?

(ਖ) ਹਾਕੀ ਦੇ ਜਾਦੂਗਰ-ਧਿਆਨ ਚੰਦ ਨੂੰ ਕਿਹੜੇ-ਕਿਹੜੇ ਸਨਮਾਨ ਪ੍ਰਾਪਤ ਹੋਏ ?

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਆਦਮ-ਕੱਦ | : | ਆਦਮੀ ਦੇ ਪੂਰੇ ਕੱਦ ਦਾ |
| ਭਾਵਨਾਵਾਂ | : | ਵਿਚਾਰ, ਖ਼ਿਆਲ |
| ਮੁਜ਼ਾਹਰਾ | : | ਵਿਖਾਵਾ, ਪ੍ਰਦਰਸ਼ਨ |
| ਚਰਚੇ | : | ਜ਼ਿਕਰ, ਹਰ ਪਾਸੇ ਗੱਲਾਂ ਹੋਣੀਆਂ |
| ਅਹੁਦਾ | : | ਪਦਵੀ |
| ਹਲੀਮੀ | : | ਨਿਮਰਤਾ |
| ਤਰਜੀਹ | : | ਪਹਿਲ |
| ਤਕਰੀਬਨ | : | ਲਗ-ਪਗ, ਨੇੜੇ-ਤੇੜੇ |
| ਛੜੀ | : | ਸੋਟੀ |
| ਸ਼ਿਰਕਤ ਕਰਨਾ | : | ਸ਼ਾਮਲ ਹੋਣਾ |
| ਅਕਸਰ | : | ਆਮ ਤੌਰ 'ਤੇ, ਬਹੁਤ ਵਾਰ |
| ਰਫ਼ਤਾਰ | : | ਚਾਲ, ਗਤੀ |
| ਧੀਮਾਪਣ | : | ਹੌਲ਼ੀ-ਹੌਲ਼ੀ, ਮੱਠੀ ਚਾਲ |
| ਨਕਾਰਦਾ | : | ਇਨਕਾਰ ਕਰਦਾ |
| ਝਕਾਨੀ | : | ਝਾਂਸਾ, ਚਕਮਾ, ਧੋਖਾ |
| ਹਿੰਦੁਸਤਾਨੀ ਬੋਲੀ | : | ਸੌਖੀ ਹਿੰਦੀ ਤੇ ਉਰਦੂ ਭਾਸ਼ਾ |



Downloaded from https:// www.studiestoday.com

Downloaded from https:// www.studiestoday.com

ਪੁਰਸਕਾਰ : ਇਨਾਮ

ਖ਼ਿਤਾਬ : ਉਪਾਧੀ, ਪਦਵੀ

ਸਿਮਰਤੀ : ਯਾਦ

3. ਵਾਕਾਂ ਵਿੱਚ ਵਰਤੋ :

ਸ਼ਰਧਾਂਜਲੀ, ਜ਼ਿਕਰ, ਯੋਗਦਾਨ, ਪੇਸ਼ਕਸ਼, ਅਦਬ, ਸੰਨਿਆਸ ਲੈ ਲੈਣਾ, ਦੰਦ-ਕਥਾਵਾਂ, ਸਿਜਦਾ ਕਰਨਾ, ਵਿਲੱਖਣ, ਤੇਜ਼-ਤਰਾਰ, ਘਾਤਕ, ਦਾਦ ਦੇਣਾ, ਸਮਰਪਿਤ ਕਰਨਾ

ਵਿਆਕਰਨ : ਯੋਜਕ :

ਜਿਵੇਂ ਕਿ ਤੁਸੀਂ ਪਹਿਲਾਂ ਵੀ ਪੜ੍ਹ ਚੁੱਕੇ ਹੋ ਕਿ ਜਿਹੜਾ ਸ਼ਬਦ ਦੋ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜਦਾ ਹੈ, ਉਸ ਨੂੰ ਯੋਜਕ ਕਿਹਾ ਜਾਂਦਾ ਹੈ। ਹੇਠਾਂ ਦਿੱਤੇ ਵਾਕਾਂ ਵਿੱਚ ਲਕੀਰੇ ਸ਼ਬਦ ਯੋਜਕ ਹਨ :

(ੳ) ਭਾਰਤੀ ਫ਼ੌਜ ਵੱਲੋਂ ਕਰਵਾਏ ਜਾਂਦੇ ਟੂਰਨਾਮੈਂਟਾਂ ਵਿੱਚ ਉਸ ਨੇ ਆਪਣੀ ਖੇਡ-ਕਲਾ ਦਾ ਇਸ ਕਦਰ ਮੁਜ਼ਾਹਰਾ ਕੀਤਾ <u>ਕਿ</u> ਕੌਮੀ ਪੱਧਰ ਦੀ ਹਾਕੀ ਵਿੱਚ ਵੀ ਜ਼ਿਕਰ ਹੋਣ ਲੱਗ ਪਿਆ।

(ਅ) ਉਹ ਚੁੱਪ-ਚਾਪ ਖੇਡਦਾ ਰਿਹਾ <u>ਅਤੇ</u> ਦੂਜੇ ਅੱਧ ਵਿੱਚ ਛੇ ਗੋਲ਼ ਹੋਰ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ।

ਯੋਜਕ ਦੀ ਵੰਡ ਦੋ ਤਰ੍ਹਾਂ ਨਾਲ਼ ਕੀਤੀ ਜਾਂਦੀ ਹੈ : ਇੱਕ ਅਰਥ ਦੇ ਪੱਖ ਤੋਂ ਅਤੇ ਦੂਜਾ ਰੂਪ ਅਤੇ ਵਰਤੋਂ ਦੇ ਪੱਖ ਤੋਂ।

ਅਰਥ ਦੇ ਪੱਖ ਤੋਂ ਯੋਜਕ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ :

1 ਸਮਾਨ-ਯੋਜਕ 2 ਅਧੀਨ-ਯੋਜਕ

1. ਸਮਾਨ-ਯੋਜਕ : ਜਿਹੜਾ ਯੋਜਕ ਸਮਾਨ ਜਾਂ ਬਰਾਬਰ ਦੇ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜੇ, ਉਸ ਨੂੰ ਸਮਾਨ - ਯੋਜਕ ਆਖਦੇ ਹਨ। ਹੇਠਾਂ ਦਿੱਤੇ ਵਾਕਾਂ ਵਿੱਚ ਲਕੀਰੇ ਸ਼ਬਦ ਸਮਾਨ-ਯੋਜਕ ਹਨ :

   (ੳ) ਇਸ ਬੁੱਤ ਦੇ ਦੋ ਨਹੀਂ ਸਗੋਂ ਚਾਰ ਹੱਥ ਹਨ <u>ਅਤੇ</u> ਚਹੁੰਆਂ ਵਿੱਚ ਹੀ ਹਾਕੀ-ਸਟਿੱਕਾਂ ਹਨ।

   (ਅ) ਸਾਰਾ ਮੈਚ ਤਣਾਅ-ਪੂਰਨ ਵਾਤਾਵਰਨ 'ਚ ਖੇਡਿਆ ਗਿਆ <u>ਪਰ</u> ਇਹ ਸਾਰਾ ਤਣਾਅ ਧਿਆਨ ਚੰਦ ਦੀ ਜਾਦੂਗਰੀ-ਨੁਮਾ ਖੇਡ ਵਿੱਚ ਸਭ ਨੂੰ ਭੁੱਲ-ਭੁਲਾ ਗਿਆ।

2. ਅਧੀਨ-ਯੋਜਕ :ਇਹ ਯੋਜਕ ਵਾਕ ਦੇ ਵਧੇਰੇ ਨਿਰਭਰ ਹਿੱਸੇ ਤੋਂ ਪਹਿਲਾਂ ਆਉਂਦੇ ਹਨ ਅਤੇ ਉਹਨਾਂ ਨੂੰ ਵਾਕ ਦੇ ਘੱਟ ਨਿਰਭਰ ਹਿੱਸੇ ਨਾਲ਼ ਜੋੜਦੇ ਹਨ। ਵਾਕ ਦੇ ਅਧੀਨ ਹਿੱਸੇ ਤੋਂ ਪਹਿਲਾਂ ਆਉਣ ਕਰ ਕੇ ਇਹਨਾਂ ਨੂੰ ਅਧੀਨ-ਯੋਜਕ ਕਿਹਾ ਜਾਂਦਾ ਹੈ। ਉਦਾਹਰਨ ਵਜੋਂ ਹੇਠ ਲਿਖੇ ਵਾਕ ਪੜ੍ਹੋ :



Downloaded from https:// www.studiestoday.com

Downloaded from https:// www.studiestoday.com

(ੳ) ਹਿਟਲਰ ਬਾਹਰ ਬੈਠਾ ਦੰਦ ਕਰੀਚ ਰਿਹਾ ਸੀ ਅਤੇ ਅੰਦਰ ਉਸ ਦੀ ਟੀਮ ਦੇ ਖਿਡਾਰੀ ਪੂਰੀ ਤਰ੍ਹਾਂ ਬੇਵੱਸ ਸਨ <u>ਕਿਉਂਕਿ</u> ਮੈਚ ਦੇ ਪਹਿਲੇ ਅੱਧ ਵਿੱਚ ਹੀ ਉਹਨਾਂ ਵਿਰੁੱਧ ਅੱਠ ਗੋਲ਼ ਹੋ ਚੁੱਕੇ ਸਨ।

(ਅ) ਇੱਕ ਵਾਰ ਦਰਸ਼ਕਾਂ ਨੂੰ ਸ਼ੱਕ ਪੈ ਗਿਆ <u>ਕਿ</u> ਧਿਆਨ ਚੰਦ ਦੀ ਹਾਕੀ ਨਾਲ਼ ਕੋਈ ਚੁੰਬਕ ਵਰਗੀ ਸ਼ੈ ਚਿਪਕਾਈ ਹੋਈ ਹੈ <u>ਤਾਂ ਹੀ ਤਾਂ</u> ਗੇਂਦ ਉਸ ਨਾਲ਼ੋਂ ਲਹਿੰਦੀ ਨਹੀਂ।

ਉਪਰੋਕਤ ਵਾਕਾਂ ਵਿੱਚ ਲਕੀਰੇ ਸ਼ਬਦ ਅਧੀਨ-ਯੋਜਕ ਹਨ।

ਖਿਡਾਰੀ ਦਾ ਸੰਬੰਧ ਉਸ ਦੀ ਖੇਡ ਨਾਲ਼ ਜੋੜੋ :

| ਖਿਡਾਰੀ | ਖੇਡ |
|---|---|
| ਬਾਈ ਚੁੰਗ ਭੂਟੀਆ | ਨਿਸ਼ਾਨੇਬਾਜ਼ੀ |
| ਕਪਿਲ ਦੇਵ | ਫ਼ੁਟਬਾਲ |
| ਸਾਨੀਆ ਮਿਰਜ਼ਾ | ਕ੍ਰਿਕਟ |
| ਸਾਇਨਾ ਨੇਹਵਾਲ | ਸ਼ਤਰੰਜ |
| ਵਿਜੇਂਦਰ ਸਿੰਘ | ਬੈਡਮਿੰਟਨ |
| ਅਭਿਨਵ ਬਿੰਦਰਾ | ਮੁੱਕੇਬਾਜ਼ੀ |
| ਵਿਸ਼ਵਨਾਥਨ ਆਨੰਦ | ਟੈਨਿਸ |

ਆਪਣੀ ਮਨ-ਭਾਉਂਦੀ ਖੇਡ ਦੇ ਕਿਸੇ ਪ੍ਰਸਿੱਧ ਖਿਡਾਰੀ ਬਾਰੇ ਦਿਲਚਸਪ ਗੱਲਾਂ ਲਿਖੋ ਅਤੇ ਆਪਣੇ ਅਧਿਆਪਕ ਜੀ ਨੂੰ ਦਿਖਾਓ।




Downloaded from https:// www.studiestoday.com

Downloaded from https:// www.studiestoday.com

## ਪਾਠ-19

# ਅੰਮੜੀ ਦਾ ਵਿਹੜਾ



ਬੀਤ ਗਿਆ, ਦਿਨ ਬੀਤ ਗਿਆ,
ਜਿਉਂ ਕੱਤਿਆ, ਤੁੰਬਿਆ ਹੰਢ ਗਿਆ,
ਇੱਕ ਰੂੰ ਦਾ ਗੋਹੜਾ।

ਜਿੱਥੇ ਸੁਪਨੇ ਕਈ ਬਣਾਏ ਸੀ,
ਅੱਜ ਆਪੂੰ ਸੁਪਨਾ ਬਣ ਗਿਆ,
ਅੰਮੜੀ ਦਾ ਵਿਹੜਾ।

ਇੱਕ ਬਾਦਸ਼ਾਹੀ ਅਸਾਂ ਮਾਣੀ ਸੀ,
ਜ੍ਹਿਦਾ ਬਾਬਲ ਰਾਜਾ ਸੀ,
ਤੇ ਅੰਮੀ ਰਾਣੀ ਸੀ।
ਭਾਵੇਂ ਲੱਭਾ ਪਲੰਘ ਨਵਾਰੀ ਸੀ,
ਜਾਂ ਮੰਜੀ ਸਿਰਫ਼ ਅਲਾਣੀ ਸੀ।
ਭਾਵੇਂ ਮੱਖਣ-ਪੇੜੇ ਰੁਲ਼ਦੇ ਸਨ,
ਭਾਵੇਂ ਸੁੱਕਾ ਟੁੱਕਰ, ਪਾਣੀ ਸੀ।



Downloaded from https:// www.studiestoday.com

Downloaded from https:// www.studiestoday.com

ਪਰ ਖੁੱਲ੍ਹ, ਖੁੱਲ੍ਹੀ ਅਣਮੁੱਲੀ ਸੀ,
ਜਿਹੜੀ ਬਾਦਸ਼ਾਹੀ ਅਸਾਂ ਮਾਣੀ ਸੀ।
ਜਿੱਥੇ ਖੇਹਨੂੰ ਗੀਟੇ ਖੇਡ-ਖੇਡ,
ਬੇ-ਫ਼ਿਕਰੀ ਚਾਦਰ ਤਾਣੀ ਸੀ।

ਪਿੱਪਲ਼ ਦੀਆਂ ਪੀਂਘਾਂ ਝੂਟ-ਝੂਟ,
ਜਿੱਥੇ ਚੜ੍ਹੀ ਅਖੀਰ ਜਵਾਨੀ ਸੀ।
ਜਿੱਥੇ ਸਾਈਆਂ ਭੋਰੇ ਬੈਠ-ਬੈਠ ਕੇ,
ਗਾਂਦਿਆਂ ਰਾਤ ਲੰਘਾਣੀ ਨੀ।
ਲੋਹੜੇ ਦੀ ਘੂਕਰ ਚਰਖੇ ਦੀ,
ਲੋਹੜੇ ਦੀ ਚੜ੍ਹੀ ਜਵਾਨੀ ਨੀ।
ਅਸਾਂ ਸਾਉਣ ਹੁਲਾਰਿਓਂ ਝੂਮ-ਝੂਮ,
ਮੋਰਾਂ ਨਾਲ਼ ਸ਼ਰਤ ਲਗਾਣੀ ਨੀ।
ਤੇ ਪੀਂਘ ਹੁਲਾਰੇ ਚਾੜ੍ਹ-ਚਾੜ੍ਹ,
ਅਸਮਾਨਾਂ ਨਾਲ਼ ਛੁਹਾਣੀ ਨੀ।
ਜਿੱਥੇ ਚੰਨਾਂ ਵਾਂਗਰ ਦਿਸਦਾ ਸੀ,
ਤੇ ਫੁੱਲਾਂ ਵਾਂਗੂੰ ਹੱਸਦਾ ਸੀ,
ਖ਼ੁਸ਼ੀਆਂ ਦਾ ਖੇੜਾ।
ਕਦੇ ਮੈਂ ਉਸ ਵਿਹੜੇ ਵੱਸਦੀ ਸਾਂ,
ਅੱਜ ਮੇਰੇ ਸੀਨੇ ਵੱਸਦਾ ਨੀ,
ਅੰਮੜੀ ਦਾ ਵਿਹੜਾ।

ਉਸ ਸੰਝ ਦਾ ਪੈਣਾ ਨੀ,
ਅਸਾਂ 'ਕੱਠੇ ਹੋਣਾ ਨੀ।
ਦਾਦੀ ਦੇ ਮੰਜੇ ਦੇ ਚੌਗਿਰਦੇ ਭੌਣਾ ਨੀ,
ਉਹਨੂੰ ਨੀਂਦਰ ਆਣੀ ਨੀ,
ਅਸਾਂ ਖੱਪ ਮਚਾਉਣੀ ਨੀ।
ਉਸ ਨਾਂਹ-ਨਾਂਹ ਕਹਿਣੀ ਨੀ,
ਅਸਾਂ ਹਾਂ-ਹਾਂ ਕਹਿਣੀ ਨੀ।


Downloaded from https:// www.studiestoday.com

Downloaded from https:// www.studiestoday.com

ਉਸ ਚੁੱਪ ਕਰਾਣਾ ਨੀ,
ਅਸਾਂ ਰੌਲ਼ਾ ਪਾਣਾ ਨੀ।
ਉਹਦੀ ਨਾਂਹ ਨਾ ਮੁੱਕਣੀ ਨੀ,
ਅਸਾਂ ਆਖ਼ਰ ਚੁੱਕਣੀ ਨੀ।
ਤੇ ਆਖ਼ਰ ਦਾਦੀ ਤੋਂ,
ਅਸਾਂ ਹਾਰ ਮਨਾਣੀ ਨੀ।
ਥੋੜ੍ਹਾ ਜਿਹਾ ਰੁੱਸ ਕੇ ਤੇ,
ਥੋੜ੍ਹਾ ਜਿਹਾ ਹੱਸ ਕੇ ਤੇ,
ਉਸ ਬਾਤ ਸੁਣਾਉਣੀ ਨੀ,
ਕੋਈ ਕਹਾਣੀ ਪਾਉਣੀ ਨੀ।

ਅੱਜ ਕਿੱਥੇ ਵੇ ਉਹ ਸਵਰਗ ?
ਜੋ ਲੱਭਿਆ ਭੀ ਤੇ ਖੋਇਆ ਭੀ,
ਹੁਣ ਦੱਸੇ ਕਿਹੜਾ ?
ਕਦੇ ਸਾਨੂੰ ਕਹਾਣੀਆਂ ਪਾਂਦਾ ਸੀ,
ਅੱਜ ਆਪ ਕਹਾਣੀ ਹੋਇਆ ਨੀ,
ਅੰਮੜੀ ਦਾ ਵਿਹੜਾ।

## ਪਾਠ-ਅਭਿਆਸ

1. ਦੱਸੋ :

(ੳ) ਇਸ ਕਵਿਤਾ ਵਿੱਚ ਬਚਪਨ ਦੀਆਂ ਕਿਹੜੀਆਂ-ਕਿਹੜੀਆਂ ਮੌਜਾਂ ਤੇ ਖ਼ੁਸ਼ੀਆਂ ਦਾ ਵਰਨਣ ਹੈ ?

(ਅ) ਇਸ ਕਵਿਤਾ ਵਿੱਚ ਕੁੜੀਆਂ ਦੇ ਪੀਂਘਾਂ ਝੂਟਣ ਅਤੇ ਚਰਖਾ ਕੱਤਣ ਦਾ ਦ੍ਰਿਸ਼ ਵਰਨਣ ਕਰੋ।

2. ਹੇਠ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ :

(ੳ) ਬੀਤ ਗਿਆ, ਦਿਨ ਬੀਤ ਗਿਆ,
ਜਿਉਂ ਕੱਤਿਆ, ਤੁੰਬਿਆ ਹੰਢ ਗਿਆ, ਇੱਕ ਰੂੰ ਦਾ ਗੋਹੜਾ।

(ਅ) ਇੱਕ ਬਾਦਸ਼ਾਹੀ ਅਸੀਂ ਮਾਣੀ ਸੀ।
ਜਿਦ੍ਹਾ ਬਾਬਲ ਰਾਜਾ ਸੀ ਤੇ ਅੰਮੀ ਰਾਣੀ ਸੀ।



Downloaded from https:// www.studiestoday.com

Downloaded from https:// www.studiestoday.com

(ੲ) ਕਦੇ ਮੈਂ ਉਸ ਵਿਹੜੇ ਵਸਦੀ ਸਾਂ,
ਅੱਜ ਮੇਰੇ ਸੀਨੇ ਵਸਦਾ ਨੀ, ਅੰਮੜੀ ਦਾ ਵਿਹੜਾ।

(ਸ) ਕਦੇ ਸਾਨੂੰ ਕਹਾਣੀਆਂ ਪਾਂਦਾ ਸੀ,
ਅੱਜ ਆਪ ਕਹਾਣੀ ਹੋਇਆ ਨੀ, ਅੰਮੜੀ ਦਾ ਵਿਹੜਾ।

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਗੋਹੜਾ | : | ਪਿੰਜੀ ਹੋਈ ਰੂੰ ਦਾ ਗੋਲ਼ਾ ਜਿਸ ਤੋਂ ਪੂਣੀਆਂ ਬਣਾਈਆਂ ਜਾਂਦੀਆਂ ਹਨ। |
| ਪਲੰਘ ਨਵਾਰੀ | : | ਨਵਾਰ ਦਾ ਬਣਿਆ ਵੱਡਾ ਮੰਜਾ |
| ਅਲਾਣੀ | : | ਬਿਨਾਂ ਬਿਸਤਰੇ ਤੋਂ |
| ਸਈਆਂ | : | ਸਖੀਆਂ-ਸਹੇਲੀਆਂ |
| ਲੋਹੜੇ ਦੀ | : | ਕਹਿਰ ਦੀ, ਗ਼ਜ਼ਬ ਦੀ |
| ਖੇੜਾ | : | ਅਨੰਦ, ਖ਼ੁਸ਼ੀ, ਪ੍ਰਸੰਨਤਾ |
| ਚੌਗਿਰਦੇ | : | ਚੁਗਿਰਦੇ, ਆਲ਼ੇ-ਦੁਆਲ਼ੇ |
| ਭੌਣਾ | : | ਘੁੰਮਣਾ, ਚੱਕਰ ਕੱਟਣਾ |
| ਸੰਝ | : | ਤਕਾਲ਼ਾਂ, ਆਥਣ, ਸ਼ਾਮ |
| ਖੋਇਆ | : | ਗੁਆਚਿਆ |

4. ਵਾਕਾਂ ਵਿੱਚ ਵਰਤੋ :

ਬਾਦਸ਼ਾਹੀ, ਅਣਮੁੱਲੀ, ਬਾਬਲ, ਚਰਖਾ, ਵਿਹੜਾ, ਪੀਂਘ, ਘੂਕਰ, ਕਹਾਣੀ।

ਵਿਆਕਰਨ : ਸਮਾਸ :

ਦੋ ਜਾਂ ਦੋ ਤੋਂ ਵੱਧ ਸ਼ਬਦਾਂ ਨੂੰ ਜੋੜ ਕੇ ਬਣੇ ਸ਼ਬਦ ਨੂੰ ਸਮਾਸ ਕਹਿੰਦੇ ਹਨ। ਇਸ ਪਾਠ ਵਿੱਚ ਆਏ ਸਮਾਸ ਦੇਖੋ :

ਮੱਖਣ-ਪੇੜੇ, ਖੇਡ-ਖੇਡ, ਝੂਟ-ਝੂਟ, ਬੈਠੇ-ਬੈਠੇ, ਝੂੰਮ-ਝੂੰਮ, ਚਾੜ੍ਹ-ਚਾੜ੍ਹ, ਹਾਂ-ਹਾਂ।

– ਪਿਛਲੇ ਪਾਠਾਂ ਵਿੱਚੋਂ ਅਜਿਹੇ ਵੀਹ ਸਮਾਸ ਚੁਣ ਕੇ ਲਿਖੋ।

ਇਹ ਕਵਿਤਾ ਅੰਮ੍ਰਿਤਾ ਪ੍ਰੀਤਮ ਦੀ ਹੈ। ਇਸ ਕਵਿਤਰੀ ਦੀ ਕੋਈ ਹੋਰ ਕਵਿਤਾ ਪੜ੍ਹੋ ਤੇ ਆਪਣੀ ਸ਼੍ਰੇਣੀ ਵਿੱਚ ਸੁਣਾਓ।

ਆਪਣੇ ਬਚਪਨ ਦੀ ਕਿਸੇ ਘਟਨਾ ਨੂੰ ਕਵਿਤਾ ਦੇ ਰੂਪ ਵਿੱਚ ਲਿਖ ਕੇ ਆਪਣੇ ਅਧਿਆਪਕ ਜੀ ਨੂੰ ਦਿਖਾਓ ਅਤੇ ਉਸ ਨੂੰ ਆਪਣੀ ਸ਼੍ਰੇਣੀ ਵਿੱਚ ਗਾ ਕੇ ਸੁਣਾਓ।



Downloaded from https:// www.studiestoday.com

Downloaded from https:// www.studiestoday.com

## ਪਾਠ-20

# ਛੱਲੀਆਂ ਦੇ ਰਾਖੇ

ਭਾਦੋਂ ਦੇ ਪਹਿਲੇ ਪੱਖ ਇੱਕ ਸਾਲ ਝੜੀ ਲੱਗ ਗਈ। ਤਿੰਨ-ਚਾਰ ਦਿਨ ਰੁਕ-ਰੁਕ ਕੇ ਮੀਂਹ ਪੈਂਦਾ ਰਿਹਾ। ਚਾਰੇ ਪਾਸੇ ਜਲ-ਥਲ ਹੋ ਗਿਆ। ਮੀਂਹ ਰੁਕੇ 'ਤੇ ਪੰਛੀ ਆਪਣੇ ਖੰਭਾਂ ਨੂੰ ਝਾੜਦੇ ਤੇ ਚੋਗ ਲਈ ਉਡਾਣ ਭਰਦੇ ਪਰ ਕਿੱਥੇ ? ਇੰਨੀ ਦੇਰ ਨੂੰ ਤਾਂ ਬਾਰਸ਼ ਫੇਰ ਆ ਜਾਂਦੀ। ਕਈ ਦਿਨ ਇਹ ਸਿਲਸਿਲਾ ਚਲਦਾ ਰਿਹਾ। ਅਸੀਂ ਚੱਲਦੇ ਪਾਣੀ ਵਿੱਚ ਮੰਜੀਆਂ ਡਾਹ ਕੇ ਪਸ਼ੂਆਂ ਲਈ ਹਰਾ ਚਾਰਾ ਵੱਢਦੇ। ਜੇ ਪਸ਼ੂ ਚਰਨ ਲਈ ਬਾਹਰ ਛੱਡੇ ਜਾਂਦੇ ਤਾਂ ਉਹਨਾਂ ਦੇ ਚਰਨ ਵਾਲ਼ਾ ਨਿੱਕਾ-ਨਿੱਕਾ ਘਾਹ ਪਾਣੀ 'ਚ ਨਜ਼ਰ ਹੀ ਨਹੀਂ ਸੀ ਆਉਂਦਾ।

ਉੱਧਰ ਮੱਕੀ ਵਾਲ਼ੇ ਖੇਤ ਵਿੱਚ ਛੱਲੀਆਂ ਨੂੰ ਦਾਣਾ ਪੈ ਗਿਆ। ਜਿੰਨੀ ਕੁ ਦੇਰ ਮੀਂਹ ਰੁਕਿਆ ਰਹਿੰਦਾ, ਨਾਲ਼ ਦੇ ਰੁੱਖਾਂ ਤੋਂ ਕਾਂ, ਤੋਤੇ ਤੇ ਹੋਰ ਪੰਛੀ ਹੱਲੇ ਕਰ-ਕਰ ਆਉਂਦੇ ਤੇ ਛੱਲੀਆਂ ਦੀ ਫਰੋਲਾ-ਫਰਾਲ਼ੀ ਕਰਦੇ। ਮੈਨੂੰ ਤੇ ਤਾਏ ਈਸਰ ਸਿੰਘ ਨੂੰ ਛੱਲੀਆਂ ਦੀ ਰਾਖੀ ਬੈਠਣਾ ਪੈਂਦਾ। ਰੌਲ਼ਾ-ਗੌਲ਼ਾ ਕੀਤਿਆਂ ਪੰਛੀ ਖੇਤ ਵਿੱਚੋਂ ਉੱਡ ਤਾਂ ਜਾਂਦੇ ਪਰ ਅੱਖ ਦੇ ਫੋਰ ਵਿੱਚ ਛੱਲੀਆਂ ਨੂੰ ਫੇਰ ਆ ਪੈਂਦੇ। ਤਾਇਆ ਖ਼ਾਲੀ ਪੀਪਾ ਖੜਕਾਈ ਜਾਂਦਾ। ਹੜਾਤ-ਹੜਾਤ ਕਰਦਿਆਂ ਸਾਡੇ ਸੰਘ ਪਾਟਣ ਨੂੰ ਹੋ ਗਏ। ਪੰਛੀ ਸਾਡੀ ਪੇਸ਼ ਨਹੀਂ ਸੀ ਜਾਣ ਦੇ ਰਹੇ। ਤਾਇਆ ਬੋਲਿਆ, "ਆਪਾਂ ਨੂੰ ਕੁਝ ਕਰਨਾ ਪਊ, ਨਹੀਂ ਤਾਂ ਸਾਰੀਆਂ ਛੱਲੀਆਂ ਨੂੰ ਇਹ ਪੰਛੀ ਹੀ ਚੂੰਡ ਲੈਣਗੇ।"



ਅਸੀਂ ਮੱਕੀ ਦੇ ਖੇਤ ਵਿੱਚ ਚਾਰ ਬੱਲੀਆਂ ਗੱਡ ਕੇ ਇਹਨਾਂ ਨਾਲ਼ ਦੋ ਬਾਹੀਆਂ ਰੱਸਿਆਂ ਨਾਲ਼ ਬੰਨ੍ਹ ਲਈਆਂ। ਇਹਨਾਂ ਬਾਹੀਆਂ ਉੱਤੇ ਇੱਕ ਛੋਟਾ ਜਿਹਾ ਮੰਜਾ ਟਿਕਾ ਦਿੱਤਾ। ਇਸ ਤਰ੍ਹਾਂ ਅਸੀਂ ਮੱਕੀ ਦੇ ਖੇਤ ਦੀ ਨਿਗਰਾਨੀ ਲਈ ਉੱਚਾ ਮਣ੍ਹਾ ਬਣਾ ਲਿਆ। ਮਣ੍ਹੇ ਉੱਤੇ ਬੈਠ ਕੇ ਸਾਰਾ ਦਿਨ ਖੇਤ ਨਜ਼ਰੀਂ ਪੈਂਦਾ ਸੀ। ਦੂਜਾ ਮੀਂਹ-ਕਣੀ ਵਿੱਚ ਖੇਤ ਗਿੱਲੇ ਹੋਣ ਕਰ ਕੇ ਮਣ੍ਹੇ 'ਤੇ ਅਰਾਮ ਨਾਲ਼ ਬੈਠਿਆ ਜਾ ਸਕਦਾ ਸੀ। ਤਾਇਆ ਮੀਂਹ ਵਿੱਚ ਬੋਰੀ ਦੀ ਝੁੰਮ ਮਾਰੀ ਪੀਪਾ ਖੜਕਾਈ ਜਾਂਦਾ। ਕਿਸੇ ਪੰਛੀ ਦੇ ਆ ਬੈਠਣ ਬਾਰੇ ਉਹ ਮੈਨੂੰ ਦੱਸਦਾ। ਹੋ-ਹੱਲਾ ਕਰਦਾ ਹੋਇਆ ਮੈਂ ਮੱਕੀ ਦੇ ਟਾਂਡਿਆਂ ਨਾਲ਼



Downloaded from https:// www.studiestoday.com

Downloaded from https:// www.studiestoday.com

ਖਹਿੰਦਾ ਉਸ ਦਿਸ਼ਾ ਵੱਲ ਭੱਜਦਾ। ਮੇਰਾ ਰੌਲ਼ਾ ਸੁਣ ਕੇ ਭੁੱਖਾ ਪੰਛੀ ਥੱਕੀ-ਟੁੱਟੀ ਉਡਾਰੀ ਲਈ ਮਜਬੂਰ ਹੁੰਦਾ।

ਇਸ ਝੜੀ ਦੌਰਾਨ ਇੱਕ ਦਿਨ ਸਵੇਰ ਤੋਂ ਹੀ ਮੀਂਹ ਰੁਕਣ ਦਾ ਨਾਂ ਨਹੀਂ ਸੀ ਲੈ ਰਿਹਾ। ਦੁਪਹਿਰ ਮਗਰੋਂ ਮੀਂਹ ਨਾਲ਼ ਪੂਰੀ ਤਰ੍ਹਾਂ ਗੜੁੱਚ ਹੋਇਆ ਤਾਇਆ ਬੋਲਿਆ, "ਭਤੀਜ! ਅੱਜ ਤਾਂ ਮੀਂਹ ਨੇ ਝੰਭ ਕੇ ਰੱਖ ਦਿੱਤੇ, ਜਾਹ ਘਰ ਤੋਂ ਚਾਹ ਬਣਵਾ ਲਿਆ। ਅੱਜ ਤਾਂ ਸਰੀਰ ਉੱਕਾ ਹੀ ਠੰਢਾ ਹੋਇਆ ਪਿਆ। ਛੇਤੀ ਮੁੜ ਕੇ ਆਵੀਂ। ਪੰਛੀ ਵੀ ਅੱਜ ਭੁੱਖ ਦੇ ਮਾਰੇ ਅੰਨ੍ਹੇ ਹੋਏ ਡਿਗ ਰਹੇ ਨੇ। ਦੁਪਹਿਰ ਵਾਲ਼ੇ ਗੁਲਗੁਲੇ ਵੀ ਲੈਂਦਾ ਆਵੀਂ, ਚਾਹ ਨਾਲ਼ ਸੁਆਦ ਵੀ ਲੱਗਣਗੇ ਤੇ ਭੁੱਖ ਵੀ ਦਬ ਜਾਊ।" ਸਣ ਦੀ ਰੱਸੀ ਦਾ ਬਣਾਇਆ ਗੋਪੀਆ ਮਣ੍ਹੇ 'ਤੇ ਬੈਠੇ ਤਾਏ ਕੋਲ਼ ਹੀ ਸੀ। ਤਾਇਆ ਗੋਪੀਆ ਘੁਮਾਉਂਦਾ ਹੋਇਆ ਹੜਾਤ-ਹੜਾਤ ਕਰਦਾ ਮੈਨੂੰ ਪਿੰਡ ਤੱਕ ਸੁਣੀ ਗਿਆ। ਹਵਾ ਦੇ ਬੁੱਲਿਆਂ ਨਾਲ਼ ਰੁੱਖ ਆਪਣੇ ਪੱਤਿਆਂ ਤੋਂ ਇਸ ਤਰ੍ਹਾਂ ਪਾਣੀ ਛੰਡ ਰਹੇ ਸਨ ਜਿਵੇਂ ਉਹਨਾਂ ਅੱਜ ਕੇਸੀਂ ਇਸ਼ਨਾਨ ਕੀਤਾ ਹੋਵੇ।

ਤਾਏ ਦੇ ਕਹੇ ਮੁਤਾਬਕ ਮੈਂ ਉਨ੍ਹੀਂ ਪੈਰੀਂ ਘਰੋਂ ਚਾਹ ਤੇ ਗੁਲਗੁਲੇ ਲੈ ਕੇ ਖੇਤ ਨੂੰ ਮੁੜ ਪਿਆ। ਕਣੀਆਂ ਦੇ ਬਰੀਕ-ਬਰੀਕ ਝਾਰੇ ਵਿੱਚ ਮੈਂ ਵੇਖਿਆ ਕਿ ਕਿੰਨੇ ਹੀ ਗੰਡੋਏ ਧਰਤੀ 'ਤੇ ਰੀਂਗ ਰਹੇ ਸਨ। ਗੰਡੋਇਆਂ 'ਤੇ ਪੈਰ ਧਰਨ ਤੋਂ ਗੁਰੇਜ਼ ਕਰਦਾ ਹੋਇਆ ਮੈਂ ਕਦੀ ਲੰਮੀ ਤੇ ਕਦੇ ਛੋਟੀ ਡਿੰਘ ਭਰਦਾ ਖੇਤ ਵੱਲ ਨੂੰ ਤੁਰਦਾ ਗਿਆ। ਫਿਰਨੀ ਤੋਂ ਖੇਤ ਵੱਲ ਮੁੜਦਿਆਂ ਜਦੋਂ ਮੈਂ ਮੱਕੀ ਦੇ ਖੇਤ ਦੀ ਵੱਟ ਤੋਂ ਲੰਘ ਰਿਹਾ ਸੀ ਤਾਂ ਅਣਦੇਖੀ ਕਾਰਨ ਮੇਰਾ ਪੈਰ ਵੱਟ 'ਤੇ ਪਏ ਇੱਕ ਸੱਪ 'ਤੇ ਜਾ ਟਿਕਿਆ। ਮੈਂ ਡਰ ਗਿਆ ਪਰ ਉਸ ਨੇ ਮੈਨੂੰ ਕੁਝ ਨਾ ਕਿਹਾ ਸਗੋਂ ਉਹ ਤਾਂ ਟਿਕ-ਟਿਕੀ ਲਾ ਕੇ ਵੱਟ 'ਚ ਖੁੱਡ ਪੁੱਟ ਰਹੇ ਚੂਹੇ ਵੱਲ ਵੇਖ ਰਿਹਾ ਸੀ। ਸੱਪ ਵੀ ਭੁੱਖਾ ਲੱਗਦਾ ਸੀ। ਮੈਂ ਸੱਪ ਨੂੰ ਨਾ ਮਾਰਿਆ ਕਿਉਂਕਿ ਉਸ ਨੇ ਮੈਨੂੰ ਕੁਝ ਨਹੀਂ ਸੀ ਕਿਹਾ। ਚੂਹੇ ਨੂੰ ਮਾਰਨ ਵਿੱਚ ਰੁੱਝਿਆ ਸੱਪ ਮੈਨੂੰ ਮੇਰੀ ਮਦਦ ਕਰਦਾ ਪ੍ਰਤੀਤ ਹੋਇਆ। ਚੂਹੇ ਵੀ ਮੱਕੀ ਦੇ ਟਾਂਡਿਆਂ 'ਤੇ ਚੜ੍ਹ ਕੇ ਆਪਣੇ ਤਿੱਖੇ ਦੰਦਾਂ ਨਾਲ਼ ਛੱਲੀਆਂ ਦਾ ਨੁਕਸਾਨ ਕਰ ਜਾਂਦੇ ਹਨ। ਮਨ 'ਚ ਅਜਿਹੇ ਖ਼ਿਆਲੀਂ ਮੈਂ ਮਣ੍ਹੇ ਵੱਲ ਨੂੰ ਹੋ ਤੁਰਿਆ। ਮੈਂ ਚਾਹ ਦੀ ਕੇਤਲੀ ਤੇ ਗੁਲਗੁਲੇ ਮਣ੍ਹੇ 'ਤੇ ਬੈਠੇ ਤਾਏ ਨੂੰ ਫੜਾ ਦਿੱਤੇ। ਤਾਇਆ ਚਾਹ ਤੇ ਗੁਲਗੁਲਿਆਂ ਦਾ ਅਨੰਦ ਲੈਣ ਲੱਗਾ। ਸਾਹਮਣੇ ਰੁੱਖਾਂ 'ਤੇ ਬੈਠੇ ਪੰਛੀਆਂ ਦਾ ਧਿਆਨ ਸਾਡੇ ਵਿੱਚ ਹੀ ਸੀ। ਮੈਨੂੰ ਜਾਪਿਆ ਜਿਵੇਂ ਉਹ ਮਨੋਂ-ਮਨੀਂ ਸਾਨੂੰ ਕੋਸ ਰਹੇ ਸਨ ਕਿ ਰਾਖੇ ਆਪ ਤਾਂ ਖਾ-ਪੀ ਰਹੇ ਨੇ ਤੇ ਸਾਨੂੰ ਇੱਕ ਦਾਣਾ ਵੀ ਨਹੀਂ ਠੂੰਗਣ ਦਿੰਦੇ। ਭੁੱਖ ਨਾਲ਼ ਲਾਚਾਰ ਹੋਇਆ ਇੱਕ ਕਾਂ ਸਾਹਮਣੀ ਕਿੱਕਰ ਤੋਂ ਉੱਡਿਆ। ਸਾਡੇ ਰੌਲ਼ੇ-ਰੱਪੇ ਦੌਰਾਨ ਉਹ ਬਿਨਾਂ ਖੰਭ ਹਿਲਾਏ ਮੱਕੀ 'ਤੇ ਏਦਾਂ ਡਿੱਗਿਆ ਜਿਵੇਂ ਉਸ ਵਿੱਚ ਸਾਹ-ਸਤ ਹੀ ਨਾ ਹੋਵੇ। ਰੌਲ਼ਾ ਪਾਏ ਤੋਂ ਵੀ ਉਹ ਨਾ ਉੱਡਿਆ। ਮੈਂ ਵੇਖਿਆ, ਉਹ ਛੱਲੀ ਤੇ ਟਾਂਡੇ ਦੇ ਵਿਚਕਾਰ ਪੌਂਚੇ ਅੜਾਈ ਬੈਠਾ ਸੀ। ਕਈ ਦਿਨਾਂ ਦੀ ਭੁੱਖ ਦੀ ਕਮਜ਼ੋਰੀ ਕਾਰਨ ਉਸ ਵਿੱਚ ਛੱਲੀ ਨੂੰ ਛਿੱਲਣ ਦੀ ਹਿੰਮਤ ਵੀ ਨਹੀਂ ਸੀ। ਮੈਂ ਉਸ ਦੇ ਨੇੜੇ ਗਿਆ ਪਰ ਉਹ ਨਾ ਉੱਡਿਆ ਤੇ ਨਾ ਹੀ ਡਰਿਆ।

ਕਾਂ ਦੀ ਹਾਲਤ ਸਮਝਣ ਲੱਗੇ ਮੈਨੂੰ ਦੇਰ ਨਾ ਲੱਗੀ। ਮੈਂ ਸੋਚਿਆ ਕਿ ਭੁੱਖੇ ਤੇ ਬੇਵੱਸ ਹੋਏ ਕਾਂ ਨੂੰ ਮਾਰਨਾ ਨਹੀਂ ਚਾਹੀਦਾ ਕਿਉਂਕਿ ਉਸ ਨੇ ਛੱਲੀ ਵੀ ਨਹੀਂ ਸੀ ਠੂੰਗੀ ਤੇ ਉਹ ਮੇਰਾ ਚੋਰ ਵੀ ਨਹੀਂ ਸੀ। ਮੈਨੂੰ ਇਹ ਅਹਿਸਾਸ ਹੋਇਆ ਕਿ ਜੇ ਮੈਨੂੰ ਸੱਪ ਨੇ ਡੰਗਿਆ ਹੁੰਦਾ ਤਾਂ ਕੀ ਮੈਂ ਕਾਂ ਨੂੰ ਮਾਰ



Downloaded from https:// www.studiestoday.com

Downloaded from https:// www.studiestoday.com

ਸਕਦਾ ? ਤਾਇਆ ਭਾਵੇਂ ਕਈ ਦਿਨਾਂ ਤੋਂ ਕਿਸੇ ਕਾਂ ਨੂੰ ਮਾਰਨ ਦੀ ਤਾਕ ਵਿੱਚ ਸੀ ਤਾਂ ਜੋ ਉਹ ਮਰੇ ਕਾਂ ਨੂੰ ਮਣ੍ਹੇ 'ਤੇ ਟੰਗ ਕੇ ਬਾਕੀ ਦੇ ਪੰਛੀਆਂ ਨੂੰ ਡਰਾ ਸਕੇ। ਅਜਿਹੇ ਹਾਲਾਤ ਵਿੱਚ ਮੈਂ ਕਾਂ ਨੂੰ ਮਾਰ ਕੇ ਤਾਏ ਦੀਆਂ ਨਜ਼ਰਾਂ ਵਿੱਚ ਤਾਂ ਚੰਗਾ ਬਣ ਸਕਦਾ ਸੀ ਪਰ ਆਪਣੀਆਂ ਨਜ਼ਰਾਂ ਵਿੱਚ ਨਹੀਂ। ਉਦੋਂ ਮੈਨੂੰ ਆਪਣੇ ਪਿੰਡੇ 'ਤੇ ਹੰਢਾਏ ਭੁੱਖ ਤੇ ਤਿਹਾਕੜੇ ਵੀ ਯਾਦ ਆਏ ਜਦੋਂ ਮੈਂ ਡੰਗਰ ਚਾਰਦਾ ਹੁੰਦਾ ਸੀ।

ਮੈਂ ਤਾਏ ਤੋਂ ਅੱਖ ਬਚਾ ਕੇ ਇੱਕ ਛੱਲੀ ਭੰਨੀ। ਉਸ ਦੇ ਦਾਣੇ ਭੋਰ-ਭੋਰ ਕੇ ਹਥੇਲ਼ੀ 'ਤੇ ਰੱਖ ਕੇ ਉਸ ਕਾਂ ਨੂੰ ਖੁਆਉਣ ਲੱਗਾ। ਕਾਂ ਮੇਰੇ ਹੱਥ ਦੀ ਤਲ਼ੀ ਤੋਂ ਦਾਣਾ ਚੁੱਕਦਾ। ਮੇਰੇ ਵੱਲ ਤੱਕਦਾ ਤੇ ਸਿਰ ਨੀਵਾਂ ਕਰ ਲੈਂਦਾ। ਮੈਂ ਇੱਕ ਪਲ ਸੋਚਿਆ ਕਿ ਜਦੋਂ ਮੈਂ ਨਿੱਕੇ ਹੁੰਦਿਆਂ ਆਪ ਕੁਝ ਨਹੀਂ ਸੀ ਖਾ ਸਕਦਾ ਹੋਵਾਂਗਾ ਤਾਂ ਮੇਰੀ ਮਾਂ ਮੈਨੂੰ ਇਸੇ ਤਰ੍ਹਾਂ ਖੁਆਉਂਦੀ ਹੋਵੇਗੀ। ਪੇਟ ਦੀ ਭੁੱਖ ਮਿਟਾ ਕੇ ਕਾਂ ਉੱਡਣ ਦੇ ਸਮਰੱਥ ਹੋ ਗਿਆ। ਉਸ ਨੇ ਹੋਰ ਛੱਲੀਆਂ ਨਾ ਫਰੋਲ਼ੀਆਂ ਤੇ ਉਹ ਕਿੱਕਰ ਦੇ ਰੁੱਖ ਵੱਲ ਉਡਾਰੀ ਮਾਰ ਗਿਆ। ਬੱਦਲ਼ ਗਰਜ ਰਿਹਾ ਸੀ ਤੇ ਤਾਇਆ ਹਾਲੇ ਵੀ ਪੰਛੀਆਂ ਨੂੰ ਡਰਾਉਣ ਲਈ ਹੜਾਤ-ਹੜਾਤ ਕਰ ਰਿਹਾ ਸੀ।

## ਪਾਠ-ਅਭਿਆਸ

1. **ਦੱਸੋ :**

(ੳ) ਝੜੀ ਕਿਹੜੇ ਮਹੀਨੇ ਲੱਗੀ ਸੀ ਤੇ ਉਸ ਦਾ ਆਮ ਜਨ-ਜੀਵਨ 'ਤੇ ਕੀ ਪ੍ਰਭਾਵ ਪਿਆ ?

(ਅ) ਮਣ੍ਹਾ ਕਿਸ ਨੂੰ ਕਹਿੰਦੇ ਹਨ ?

(ੲ) ਪੰਛੀਆਂ ਨੂੰ ਚੋਗਾ ਕਿਉਂ ਨਹੀਂ ਸੀ ਮਿਲ਼ ਰਿਹਾ ?

(ਸ) ਕਾਂ ਛੱਲੀ ਕਿਉਂ ਨਹੀਂ ਸੀ ਠੂੰਗ ਸਕਿਆ ?

(ਹ) ਰਾਖੇ ਨੇ ਕਾਂ ਨਾਲ਼ ਕੀ ਵਿਹਾਰ ਕੀਤਾ ?

(ਕ) ਛੱਲੀਆਂ ਦੇ ਰਾਖੇ ਕੌਣ ਸਨ, ਉਹ ਫ਼ਸਲਾਂ ਦੀ ਰਾਖੀ ਕਿਵੇਂ ਕਰਦੇ ਸਨ ?

2. **ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਸਿਲਸਿਲਾ | : | ਲੜੀ, ਰੁਝਾਨ |
| ਮਣ੍ਹਾ | : | ਖੇਤ ਵਿੱਚ ਰਾਖੀ ਲਈ ਬਣਾਈ ਉੱਚੀ ਥਾਂ |
| ਲਾਚਾਰ | : | ਬੇਵੱਸ |
| ਟਿਕ-ਟਿਕੀ | : | ਗਹੁ ਨਾਲ਼ ਦੇਖਣਾ, ਲਗਾਤਾਰ ਦੇਖਣਾ |
| ਸਮਰੱਥ | : | ਯੋਗ |
| ਗੋਪੀਆ | : | ਪੰਛੀ ਉਡਾਉਣ ਲਈ ਬਣੀ ਹੋਈ ਜਾਲ਼ੀਦਾਰ ਰੱਸੀ |
| ਝੜੀ ਲੱਗਣਾ | : | ਲਗਾਤਾਰ ਮੀਂਹ ਪੈਣਾ |
| ਗੁਰੇਜ਼ ਕਰਨਾ | : | ਰੁਕਣਾ, ਪਰਹੇਜ਼ ਕਰਨਾ |
| ਨਿਗਰਾਨੀ | : | ਰਾਖੀ ਜਾਂ ਚੌਕਸੀ |
| ਪੌਂਚੇ | : | ਪੰਛੀਆਂ ਦੇ ਪੈਰ |



Downloaded from https:// www.studiestoday.com

Downloaded from https:// www.studiestoday.com

ਅਹਿਸਾਸ ਹੋਣਾ : ਮਹਿਸੂਸ ਹੋਣਾ
ਸਾਹ-ਸਤ ਨਾ ਹੋਣਾ : ਸਰੀਰ ਵਿੱਚ ਜਾਨ ਨਾ ਹੋਣਾ

3. ਵਾਕਾਂ ਵਿੱਚ ਵਰਤੋ :

ਜਲ-ਥਲ, ਰੌਲ਼ਾ-ਗੌਲ਼ਾ, ਹੋ-ਹੱਲਾ, ਗੁਲਗੁਲੇ, ਗੜੁੱਚ, ਫਿਰਨੀ, ਮਨੋ-ਮਨੀ, ਸ਼ੁਕਰਾਨਾ, ਪ੍ਰਤੀਤ, ਡਿੰਘ ਭਰਨਾ, ਪੇਟ ਦੀ ਭੁੱਖ ਮਿਟਾਉਣੀ

**ਵਿਆਕਰਨ : ਯੋਜਕ :**

ਰੂਪ ਅਤੇ ਵਰਤੋਂ ਦੇ ਪੱਖ ਤੋਂ ਯੋਜਕ ਦੋ ਪ੍ਰਕਾਰ ਦੇ ਹੁੰਦੇ ਹਨ :

(ੳ) ਇਕਹਿਰੇ ਯੋਜਕ (ਅ) ਸੰਜੁਗਤ ਯੋਜਕ

(ੳ) **ਇਕਹਿਰੇ ਯੋਜਕ :** ਜਿਹੜਾ ਯੋਜਕ ਇੱਕ ਹੀ ਸ਼ਬਦ ਦਾ ਬਣਿਆ ਹੁੰਦਾ ਹੈ, ਉਸ ਨੂੰ ਇਕਹਿਰਾ ਯੋਜਕ ਕਿਹਾ ਜਾਂਦਾ ਹੈ, ਜਿਵੇਂ :- ਤੇ, ਅਤੇ, ਪਰ, ਕਿ, ਕਿਉਂਕਿ ਆਦਿ।

(ਅ) **ਸੰਜੁਗਤ ਯੋਜਕ :** ਦੋ ਜਾਂ ਦੋ ਤੋਂ ਵੱਧ ਸ਼ਬਦਾਂ ਤੋਂ ਮਿਲ਼ ਕੇ ਬਣੇ ਹੋਏ ਯੋਜਕ ਨੂੰ ਸੰਜੁਗਤ ਯੋਜਕ ਕਿਹਾ ਜਾਂਦਾ ਹੈ, ਜਿਵੇਂ : ਇਸ ਲਈ, ਤਾਂਕਿ, ਤਦੇ ਹੀ, ਫਿਰ ਵੀ ਆਦਿ।

4. ਹੇਠ ਲਿਖੇ ਵਾਕਾਂ ਵਿੱਚੋਂ ਰੂਪ, ਆਕਾਰ ਤੇ ਅਰਥਾਂ ਦੇ ਪੱਖ ਤੋਂ ਯੋਜਕ ਚੁਣੋ :

(ੳ) ਜੇ ਕੋਈ ਬੁਰਾ ਵੀ ਕਰੇ ਤਾਂ ਵੀ ਭਲਾਈ ਵਾਲ਼ਾ ਵਿਹਾਰ ਕਰ ਕੇ ਉਸ ਦਾ ਦਿਲ ਜਿੱਤਣ ਦਾ ਜਤਨ ਕਰਨਾ ਨੇਕੀ ਹੈ।

(ਅ) ਮੈਂ ਸੋਚਿਆ ਭੁੱਖੇ ਤੇ ਬੇਵੱਸ ਹੋਏ ਕਾਂ ਨੂੰ ਮਾਰਨਾ ਨਹੀਂ ਚਾਹੀਦਾ ਕਿਉਂਕਿ ਉਸ ਨੇ ਛੱਲੀ ਵੀ ਨਹੀਂ ਸੀ ਠੂੰਗੀ ਤੇ ਉਹ ਮੇਰਾ ਚੋਰ ਵੀ ਨਹੀਂ ਸੀ।

(ੲ) ਤਾਇਆ ਚਾਹ ਤੇ ਗੁਲਗੁਲਿਆਂ ਦਾ ਅਨੰਦ ਲੈਣ ਲੱਗਾ।

(ਸ) ਮੈਂ ਸੱਪ ਨੂੰ ਨਾ ਮਾਰਿਆ ਕਿਉਂਕਿ ਉਸ ਨੇ ਮੈਨੂੰ ਕੁਝ ਨਹੀਂ ਸੀ ਕਿਹਾ।

(ਹ) "ਤੂੰ ਮੈਨੂੰ ਇਸ ਦੀ ਥਾਂ ਇੱਕ ਨਿੱਕੀ ਜਿਹੀ ਸੂਈ ਲਿਆ ਕੇ ਦੇ ਤਾਂਕਿ ਮੈਂ ਪਾਟਿਆਂ ਨੂੰ ਜੋੜ ਸਕਾਂ।

(ਕ) ਮੈਂ ਕਾਂ ਨੂੰ ਮਾਰ ਕੇ ਤਾਏ ਦੀਆਂ ਨਜ਼ਰਾਂ ਵਿੱਚ ਤਾਂ ਚੰਗਾ ਬਣ ਸਕਦਾ ਸੀ ਪਰ ਆਪਣੀਆਂ ਨਜ਼ਰਾਂ ਵਿੱਚ ਨਹੀਂ।

ਆਪਣੇ ਆਲ਼ੇ-ਦੁਆਲ਼ੇ 'ਚੋਂ ਪੰਛੀਆਂ ਦੀ ਸੂਚੀ ਬਣਾਓ।

ਕਿਸੇ ਫ਼ਸਲ ਦੇ ਰਾਖੇ ਨਾਲ਼ ਉਸ ਦੇ ਖੇਤ ਵਿੱਚ ਜਾ ਕੇ ਗੱਲ-ਬਾਤ ਕਰੋ ਕਿ ਉਹ ਪਸ਼ੂਆਂ ਤੇ ਪੰਛੀਆਂ ਤੋਂ ਆਪਣੀ ਫ਼ਸਲ ਨੂੰ ਕਿਵੇਂ ਬਚਾਉਂਦੇ ਹਨ।



Downloaded from https:// www.studiestoday.com


Downloaded from https:// www.studiestoday.com

ਪਾਠ-21

# ਗਿਆਨ , ਵਿਗਿਆਨ ਤੇ ਮਨੋਰੰਜਨ ਦਾ ਅਨੋਖਾ ਸੰਗਮ : ਸਾਇੰਸ-ਸਿਟੀ

ਦੇਸ ਅਜ਼ਾਦ ਹੋਣ ਤੋਂ ਬਾਅਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਸਮੇਂ ਤੋਂ ਹੀ ਲੋਕਾਂ ਵਿੱਚ ਵਿਗਿਆਨਿਕ ਸੋਚ ਪੈਦਾ ਕਰਨ ਅਤੇ ਸਮਾਜ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢਣ ਦੇ ਉਪਰਾਲੇ ਸ਼ੁਰੂ ਹੋ ਗਏ ਸਨ। ਬਹੁਤ ਸਾਰੀਆਂ ਕੌਮੀ ਪੱਧਰ ਦੀਆਂ ਪ੍ਰਯੋਗਸ਼ਾਲਾਵਾਂ ਉਸ ਸਮੇਂ ਸਥਾਪਿਤ ਹੋਈਆਂ ਜਿਨ੍ਹਾਂ ਨੇ ਭਾਰਤ ਦੇ ਵਿਗਿਆਨ ਤੇ ਤਕਨਾਲੋਜੀ ਦੇ ਵਿਕਾਸ ਵਿੱਚ ਬਹੁਤ ਅਹਿਮ ਯੋਗਦਾਨ ਪਾਇਆ ਹੈ।

ਭਾਰਤ ਦੀ ਤਰੱਕੀ ਵਾਸਤੇ ਸਮਾਜ ਦੇ ਹਰ ਪ੍ਰਾਣੀ ਵਿੱਚ ਵਿਗਿਆਨਿਕ ਸੋਚ ਦਾ ਹੋਣਾ ਅਤਿ ਜ਼ਰੂਰੀ ਹੈ। ਇਸ ਦਿਸ਼ਾ ਵਿੱਚ ਅਤੇ ਲੋਕਾਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਜਲੰਧਰ-ਕਪੂਰਥਲਾ ਸੜਕ 'ਤੇ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸਾਂਝੇ ਤੌਰ 'ਤੇ 72 ਏਕੜ ਜ਼ਮੀਨ ਵਿੱਚ "ਪੁਸ਼ਪਾ ਗੁਜਰਾਲ ਸਾਇੰਸ-ਸਿਟੀ" ਬਣਾਇਆ ਗਿਆ ਹੈ। ਸਾਇੰਸ ਸਿਟੀ ਦਾ ਨੀਂਹ-ਪੱਥਰ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਵੱਲੋਂ 17 ਅਕਤੂਬਰ, 1997 ਨੂੰ ਰੱਖਿਆ ਗਿਆ। ਇਸ ਉਪਰਾਲੇ ਦਾ ਮੰਤਵ ਦੇਸ ਦੀ ਨੌਜਵਾਨ ਪੀੜ੍ਹੀ ਨੂੰ ਵਿਗਿਆਨ ਦੇ ਸਿਧਾਂਤਾਂ ਨੂੰ ਮਨੋਰੰਜਕ ਤਰੀਕੇ ਨਾਲ਼ ਜਾਗਰੂਕ ਕਰਨਾ ਹੈ। 19 ਮਾਰਚ, 2005 ਨੂੰ ਇਸ ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ ਗਿਆ। ਸਾਇੰਸ-ਸਿਟੀ ਦਾ ਨਾਂ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਜੀ ਦੀ ਮਾਤਾ ਸ੍ਰੀਮਤੀ ਪੁਸ਼ਪਾ ਗੁਜਰਾਲ ਦੇ ਨਾਂ 'ਤੇ ਰੱਖਿਆ ਗਿਆ ਹੈ। ਆਪ ਇੱਕ ਸਮਾਜ-ਸੇਵਕਾ ਸਨ। ਹੁਣ ਤੱਕ ਦੇਸ ਭਰ ਤੋਂ ਲੱਖਾਂ ਲੋਕ ਪੰਜਾਬ ਵਿੱਚ ਸਾਇੰਸ ਸਿਟੀ ਵਿਖੇ ਆ ਕੇ ਅਨੰਦ ਮਾਣ ਚੁੱਕੇ ਹਨ।





Downloaded from https:// www.studiestoday.com

Downloaded from https:// www.studiestoday.com

ਪੁਸ਼ਪਾ ਗੁਜਰਾਲ ਸਾਇੰਸ-ਸਿਟੀ ਪਹੁੰਚਦਿਆਂ ਹੀ ਸਭ ਤੋਂ ਪਹਿਲਾਂ ਸਾਡੀ ਨਜ਼ਰ ਇੱਕ ਬਹੁਤ ਵੱਡੇ ਗਲੋਬ 'ਤੇ ਪੈਂਦੀ ਹੈ। ਇਹ ਗਲੋਬ ਵੱਖ-ਵੱਖ ਰੰਗਾਂ ਦੀਆਂ 25 ਲੱਖ ਟਾਈਲਾਂ ਨਾਲ਼ ਬਣਾਇਆ ਗਿਆ ਹੈ। ਬਾਹਰੋਂ ਦਿਸਣ ਵਾਲ਼ਾ ਗਲੋਬ ਅਸਲ ਵਿੱਚ ਇੱਕ ਥਿਏਟਰ ਹੈ, ਜਿਸ ਵਿੱਚ ਆਮ ਸਿਨਮਾ ਘਰਾਂ ਦੀ ਸਕਰੀਨ ਨਾਲ਼ੋਂ 10 ਗੁਣਾ ਵੱਡੀ ਸਕਰੀਨ 'ਤੇ ਫ਼ਿਲਮ ਦਿਖਾਈ ਜਾਂਦੀ ਹੈ। ਇਹ ਆਪਣੀ ਤਰ੍ਹਾਂ ਦਾ ਹੀ ਇੱਕ ਸਪੇਸ-ਥਿਏਟਰ ਹੈ। ਆਲ਼ੇ-ਦੁਆਲ਼ੇ ਸਕਰੀਨ ਵਾਲ਼ੇ ਇਸ ਥਿਏਟਰ ਵਿੱਚ ਬੱਦਲ਼ ਗਰਜਣ ਤੋਂ ਲੈ ਕੇ ਇੱਕ ਸੂਈ ਡਿਗਣ ਤੱਕ ਦੀ ਅਵਾਜ਼ ਬਿਲਕੁਲ ਸਾਫ਼ ਸੁਣਾਈ ਦਿੰਦੀ ਹੈ। ਇਸ ਵਿੱਚ ਬੈਠ ਕੇ ਫ਼ਿਲਮ ਦੇਖਦਿਆਂ ਤੁਹਾਨੂੰ ਇਵੇਂ ਲੱਗੇਗਾ ਜਿਵੇਂ ਤੁਸੀਂ ਵੀ ਫ਼ਿਲਮ ਦਾ ਇੱਕ ਹਿੱਸਾ ਹੋਵੋ।

ਇਸ ਪੁਲਾੜੀ ਥਿਏਟਰ ਵਿੱਚ ਡਿਜੀਟਲ ਪਲੈਨੀਟੇਰੀਅਮ ਦਾ ਸ਼ੋਅ ਵੀ ਦਿਖਾਇਆ ਜਾਂਦਾ ਹੈ। ਇਹ ਥਿਏਟਰ ਇਕਦਮ ਰਾਤ ਦੇ ਅਕਾਸ਼ ਵਿੱਚ ਬਦਲ ਜਾਂਦਾ ਹੈ ਤੇ ਫਿਰ ਸ਼ੁਰੂ ਹੁੰਦੀ ਹੈ ਤਾਰਿਆਂ ਦੀ ਦਾਸਤਾਨ, ਗਲੈਕਸੀਆਂ ਦਾ ਬਣਨਾ, ਤਾਰਿਆਂ ਦਾ ਟੁੱਟਣਾ ਅਤੇ ਵੱਖ-ਵੱਖ ਗ੍ਰਹਿਆਂ ਦਾ ਗਿਆਨ ਜੋ ਕਿ ਇੱਥੇ ਦਿੱਤਾ ਜਾਂਦਾ ਹੈ।

ਸਾਇੰਸ-ਸਿਟੀ ਦੀ ਪੁਲਾੜੀ ਗੈਲਰੀ ਵਿੱਚ ਪੁਲਾੜ ਦੇ ਰਹਿਣ-ਸਹਿਣ ਤੇ ਖਾਣ-ਪੀਣ ਬਾਰੇ ਬਹੁਮੁੱਲਾ ਗਿਆਨ ਹੈ। ਇੱਥੇ ਆ ਕੇ ਤੁਹਾਨੂੰ ਇੰਞ ਲੱਗੇਗਾ ਜਿਵੇਂ ਤੁਸੀਂ ਵੀ ਪੁਲਾੜ ਵਿੱਚ ਹੀ ਪਹੁੰਚ ਗਏ ਹੋਵੋ। ਇੱਥੇ ਰੱਖਿਆ ਗਿਆ ਪੋਲ ਸਟਾਰ ਲਾਂਚਿੰਗ ਵਹੀਕਲ ਵੀ ਸਾਨੂੰ ਉੱਪਰ ਪੁਲਾੜ ਵਿੱਚ ਸੈਟੇਲਾਈਟ ਛੱਡਣ ਦੀ ਪੂਰੀ ਪ੍ਰਕਿਰਿਆ ਦੀ ਜਾਣਕਾਰੀ ਦਿੰਦਾ ਹੈ। ਸਪੇਸ ਸ਼ਟਲ ਦਾ ਮਾਡਲ ਵੀ ਇੱਥੇ ਵਿਸ਼ੇਸ਼ ਖਿੱਚ ਦਾ ਕੇਂਦਰ ਹੈ।

ਇੱਥੋਂ ਦੇ ਫ਼ਲਾਈਟ ਸਿਮੂਲੇਟਰ ਵਿੱਚ ਬੈਠਿਆਂ ਤੁਹਾਨੂੰ ਇੱਕ ਅਜੀਬ ਤਰ੍ਹਾਂ ਦਾ ਅਹਿਸਾਸ ਹੋਵੇਗਾ। 5 ਡਿਗਰੀ ਦੀ ਚਾਲ ਵਾਲ਼ੀ ਇਸ ਸਵਾਰੀ 'ਤੇ ਜੇਕਰ ਤੁਸੀਂ ਹਵਾਈ ਜਹਾਜ਼ ਵਾਲ਼ੀ ਫ਼ਿਲਮ ਵੇਖੋਗੇ ਤਾਂ ਤੁਹਾਨੂੰ ਇਸ ਤਰ੍ਹਾਂ ਲੱਗੇਗਾ ਕਿ ਜਿਵੇਂ ਤੁਸੀਂ ਹਵਾਈ ਜਹਾਜ਼ ਵਿੱਚ ਬੈਠੇ ਅਕਾਸ਼ ਵਿੱਚ ਉੱਡ ਰਹੇ ਹੋ। ਜੇ ਤੁਸੀਂ ਰੋਲਰ ਕੋਸਟਰ ਦੀ ਫ਼ਿਲਮ ਵੇਖੋਗੇ ਤਾਂ ਇਵੇਂ ਮਹਿਸੂਸ ਕਰੋਗੇ ਜਿਵੇਂ ਤੁਸੀਂ ਰੋਲਰ ਕੋਸਟਰ ਵਿੱਚ ਬੈਠੇ ਹੋ। ਇਹ ਸਿਮੂਲੇਟਰ ਬਰਤਾਨੀਆ ਤੋਂ ਮੰਗਵਾਇਆ ਗਿਆ ਹੈ।

ਫ਼ਲਾਈਟ ਸਿਮੂਲੇਟਰ ਦੇ ਨਾਲ਼-ਨਾਲ਼ ਇੱਥੇ ਅਰਥਕੁਏਕ ਸਿਮੂਲੇਟਰ ਦਾ ਸ਼ੋਅ ਵੀ ਹੈ, ਜਿਸ 'ਤੇ ਬੈਠਿਆਂ ਤੁਹਾਨੂੰ ਭੁਚਾਲ਼ ਦੇ ਬਿਲਕੁਲ ਅਸਲੀ ਝਟਕਿਆਂ ਵਰਗਾ ਅਹਿਸਾਸ ਹੋਵੇਗਾ। ਇਸ ਸਿਮੂਲੇਟਰ ਦੇ ਸਾਹਮਣੇ ਲੱਗੀ ਸਕਰੀਨ 'ਤੇ ਦਿਖਾਇਆ ਜਾਂਦਾ ਹੈ ਕਿ ਤੁਸੀਂ ਘਰ ਦੀਆਂ ਵੱਖ-ਵੱਖ ਮੰਜ਼ਲਾਂ, ਵੱਖ-ਵੱਖ ਰੈਕਟਰ ਪੈਮਾਨਿਆਂ 'ਤੇ ਭੁਚਾਲ਼ ਨੂੰ ਕਿੰਞ ਮਹਿਸੂਸ ਕਰਦੇ ਹੋ। ਇਸ ਸਿਮੂਲੇਟਰ ਦੇ ਬਾਹਰ ਦਰਸਾਇਆ ਗਿਆ ਹੈ ਕਿ ਭੁਚਾਲ਼ ਆਉਣ 'ਤੇ ਇਕਦਮ ਕੀ ਕਰਨਾ ਚਾਹੀਦਾ ਹੈ।

ਸਾਇੰਸ-ਸਿਟੀ ਦਾ 3-ਡੀ ਸ਼ੋਅ ਵੀ ਕਮਾਲ ਦਾ ਹੈ। ਇਹ ਸ਼ੋਅ ਸਪੈਸ਼ਲ ਐਨਕਾਂ ਨਾਲ਼ ਦੇਖਿਆ ਜਾਂਦਾ ਹੈ। ਇਸ ਥਿਏਟਰ ਵਿੱਚ ਬੈਠਿਆਂ ਤੁਹਾਨੂੰ ਇਵੇਂ ਲੱਗੇਗਾ ਜਿਵੇਂ ਫ਼ਿਲਮ ਦੇ ਕਿਰਦਾਰ ਸਕਰੀਨ ਤੋਂ ਬਾਹਰ ਆ ਕੇ ਤੁਹਾਨੂੰ ਛੂਹ ਰਹੇ ਹਨ।



Downloaded from https:// www.studiestoday.com

Downloaded from https:// www.studiestoday.com

ਸਾਇੰਸ-ਸਿਟੀ ਵਿੱਚ ਲੇਜ਼ਰ ਦੀਆਂ ਕਿਰਨਾਂ 'ਤੇ ਆਧਾਰਿਤ ਲੇਜ਼ਰ-ਸ਼ੋਅ ਵੀ ਦਿਖਾਇਆ ਜਾਂਦਾ ਹੈ। ਲੇਜ਼ਰ ਦੀ ਖੋਜ 1960 ਵਿੱਚ ਪ੍ਰਸਿੱਧ ਇੰਜੀਨੀਅਰ ਥਿਓਡਰ-ਮੇਮਾਨ ਨੇ ਕੀਤੀ ਸੀ। ਅੱਜ-ਕੱਲ੍ਹ ਦੇ ਆਧੁਨਿਕ ਯੁੱਗ ਵਿੱਚ ਲੇਜ਼ਰ, ਉਦਯੋਗ ਤੇ ਮਨੁੱਖੀ ਜੀਵਨ ਲਈ ਬਹੁਤ ਹੀ ਲਾਹੇਵੰਦ ਸਿੱਧ ਹੋ ਰਹੀ ਹੈ। ਅਨੰਦ ਦੇ ਨਾਲ਼-ਨਾਲ਼ ਲੇਜ਼ਰ ਅੱਖਾਂ ਦੇ ਰੈਟੀਨਾ ਦੀ ਵੈਲਡਿੰਗ, ਕੈਂਸਰ ਥੈਰੇਪੀ ਅਤੇ ਚੀਰਾ ਰਹਿਤ ਉਪਰੇਸ਼ਨ ਕਰਨ ਲਈ ਵਰਤੇ ਜਾਂਦੇ ਹਨ।

ਸਾਇੰਸ-ਸਿਟੀ ਦੀ ਸਾਇੰਸ ਐਕਸਪਲੋਰੀਅਮ ਬਿਲਡਿੰਗ ਵਿੱਚ ਬਣੀ ਸਿਹਤ ਗੈਲਰੀ ਸਾਡੇ ਸਰੀਰ ਦੇ ਰਹੱਸਾਂ ਨੂੰ ਖੋਲ੍ਹਦੀ ਹੈ। ਇਸ ਗੈਲਰੀ ਦੇ ਅੰਦਰ ਵੜਦਿਆਂ ਹੀ ਸਭ ਤੋਂ ਪਹਿਲਾਂ ਨਜ਼ਰ ਪੈਂਦੀ ਹੈ, 12 ਫੁੱਟ ਉੱਚੇ ਦਿਲ ਦੇ ਮਾਡਲ ਉੱਪਰ ਜਿਸ ਦੇ ਵਿੱਚੋਂ ਦੀ ਲੰਘਦਿਆਂ ਤੁਹਾਨੂੰ ਦਿਲ ਦੀ ਅਸਲੀ ਧੜਕਣ ਦੀ ਅਵਾਜ਼ ਸੁਣਾਈ ਦੇਵੇਗੀ। ਇਸ ਤੋਂ ਇਲਾਵਾ ਇੱਥੇ ਪਾਰਦਰਸ਼ੀ ਮਨੁੱਖ ਥਿਏਟਰ ਵਿੱਚ ਸਾਨੂੰ ਆਪਣੇ ਸਰੀਰ ਦੇ ਸਾਰੇ ਅੰਗਾਂ ਦੀ ਕਿਰਿਆ ਦਾ ਪਤਾ ਲੱਗਦਾ ਹੈ। ਸਾਡਾ ਦਿਲ ਦਿਨ ਵਿੱਚ ਕਿੰਨੀ ਵਾਰ ਧੜਕਦਾ ਹੈ, ਅਸੀਂ ਕਿੰਨੀ ਵਾਰ ਸਾਹ ਲੈਂਦੇ ਹਾਂ ਇਸ ਬਾਰੇ ਇਹ ਪਾਰਦਰਸ਼ੀ ਮਨੁੱਖ ਸਾਨੂੰ ਬੋਲ ਕੇ ਦੱਸਦਾ ਹੈ। ਇਸ ਗੈਲਰੀ ਵਿੱਚ ਤੁਸੀਂ ਖ਼ੁਦ ਸੀ.ਟੀ. ਸਕੈਨ ਅਤੇ ਉਪਰੇਸ਼ਨ ਵੀ ਕਰ ਕੇ ਦੇਖ ਸਕਦੇ ਹੋ। ਸੀ.ਟੀ.ਸਕੈਨ ਦਾ ਮਾਡਲ ਸੀ.ਟੀ.ਸਕੈਨ ਦੀ ਸਾਰੀ ਪ੍ਰਕਿਰਿਆ ਤੋਂ ਜਾਣੂ ਕਰਵਾਉਂਦਾ ਹੈ।

ਐਚ.ਆਈ. ਵੀ. ਏਡਜ਼ ਪ੍ਰਤਿ ਲੋਕਾਂ ਨੂੰ ਜਾਗਰੂਕ ਕਰਦੀ ਇੱਥੇ ਇੱਕ ਵੱਖਰੀ ਕਿਸਮ ਦੀ ਗੈਲਰੀ ਬਣਾਈ ਗਈ ਹੈ ਜਿਸ ਵਿੱਚ ਇਸ ਬਿਮਾਰੀ ਦੇ ਲੱਛਣਾਂ ਤੇ ਕਾਰਨਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ ਹੈ। ਇਸ ਵਿੱਚ ਕ੍ਰੋਮੋਸੋਮ, ਡੀ.ਐੱਨ.ਏ. ਆਦਿ ਦੇ ਮਾਡਲ ਵੀ ਰੱਖੇ ਗਏ ਹਨ।

ਇੱਥੇ ਹੀ ਇੱਕ ਹੋਰ ਗੈਲਰੀ ਵਿੱਚ ਵਿਗਿਆਨ ਦੇ ਮੁਢਲੇ ਸਿਧਾਂਤਾ ਨੂੰ ਮਨੋਰੰਜਕ ਤਰੀਕੇ ਨਾਲ਼ ਸਮਝਾਇਆ ਗਿਆ ਹੈ, ਜਿੱਥੇ ਵੋਰਟੈਕਸ ਦੀ ਘੁੰਮਣ-ਘੇਰੀ ਵਿੱਚ ਜਾ ਕੇ ਤੁਹਾਨੂੰ ਇੱਕ ਅਨੋਖੇ ਤਰ੍ਹਾਂ ਦਾ ਅਹਿਸਾਸ ਹੋਵੇਗਾ। ਤੁਸੀਂ ਇੰਞ ਮਹਿਸੂਸ ਕਰੋਗੇ ਜਿਵੇਂ ਘੁੰਮ ਰਹੇ ਹੋ ਪਰ ਅਸਲ ਵਿੱਚ ਤੁਸੀਂ ਜਿਸ ਥਾਂ 'ਤੇ ਖੜ੍ਹੇ ਹੋ, ਉਹ ਨਹੀਂ ਘੁੰਮ ਰਹੀ। ਸਿਰਫ਼ ਉਸ ਦਾ ਆਲ਼ਾ-ਦੁਆਲ਼ਾ ਹੀ ਘੁੰਮਦਾ ਹੈ। ਇਸ ਤੋਂ ਇਲਾਵਾ ਇੱਥੇ ਇੱਕ ਤਸਵੀਰ ਵਿੱਚੋਂ ਕਈ ਤਰ੍ਹਾਂ ਦੀਆਂ ਤਸਵੀਰਾਂ ਵੀ ਬਣਦੀਆਂ ਦਿਖਾਈਆਂ ਗਈਆਂ ਹਨ।

ਇਸ ਦੇ ਬਿਲਕੁਲ ਨਾਲ਼ ਹੀ ਵਰਚੂਅਲ ਰਿਆਲਿਟੀ ਗੈਲਰੀ ਹੈ। ਇੱਥੇ ਲਾਈ ਗਈ ਪ੍ਰਦਰਸ਼ਨੀ ਵਿੱਚ ਸਕਰੀਨ 'ਤੇ ਦਿਖਾਈ ਦਿੰਦੀਆਂ ਤਿਤਲੀਆਂ ਸਾਹਮਣੇ ਖੜ੍ਹੇ ਦਰਸ਼ਕ ਦੀ ਹਿਲ-ਜੁਲ ਦੇ ਨਾਲ਼ ਹਿੱਲਦੀਆਂ ਹਨ ਤੇ ਇਵੇਂ ਮਹਿਸੂਸ ਹੁੰਦਾ ਹੈ, ਜਿਵੇਂ ਇਹ ਤੁਹਾਡੇ ਉੱਪਰ ਆ ਕੇ ਬੈਠ ਗਈਆਂ ਹੋਣ। ਇਸੇ ਤਰ੍ਹਾਂ ਹੀ ਇੱਕ ਹੋਰ ਪ੍ਰਦਰਸ਼ਨੀ ਵਿੱਚ ਦਿਖਾਈ ਦਿੰਦੇ ਦਿਲਕਸ਼ ਬੁਲਬੁਲਿਆਂ ਦੇ ਤੁਸੀਂ ਆਪਣੇ ਪਰਛਾਂਵੇਂ ਦੀ ਸਹਾਇਤਾ ਨਾਲ਼ ਛੱਲੇ ਵੀ ਬਣਾ ਸਕਦੇ ਹੋ ਜੋ ਕਿ ਇੱਕ ਚੁਣੌਤੀ ਭਰਪੂਰ ਕੰਮ ਹੈ। ਪਰਛਾਂਵਿਆਂ 'ਤੇ ਆਧਾਰਿਤ ਪ੍ਰਦਰਸ਼ਨੀਆਂ ਵਿੱਚ ਵਰਚੂਅਲ ਸੈਂਡ ਪ੍ਰਦਰਸ਼ਨੀ ਇੱਕ ਇਸ ਤਰ੍ਹਾਂ ਦੀ ਪ੍ਰਦਰਸ਼ਨੀ ਹੈ ਜੋ ਤੁਹਾਨੂੰ ਇਹ ਅਹਿਸਾਸ ਕਰਵਾਉਂਦੀ ਹੈ ਕਿ ਜਿਵੇਂ ਤੁਸੀਂ ਰੇਗਿਸਤਾਨ ਵਿੱਚ ਹੋ ਅਤੇ ਰੇਤ ਤੁਹਾਡੇ ਉੱਪਰ ਆ ਰਹੀ ਹੈ। ਇੱਥੇ ਤੁਸੀਂ ਰੇਤ ਨੂੰ ਵੱਖ-ਵੱਖ ਰੂਪ



Downloaded from https:// www.studiestoday.com


Downloaded from https:// www.studiestoday.com

ਵੀ ਦੇ ਸਕਦੇ ਹੋ। ਇੱਥੇ ਚਮਤਕਾਰੀ ਫੁੱਲਾਂ ਦੀ ਪ੍ਰਦਰਸ਼ਨੀ ਵਿੱਚ ਲੱਕੜੀ ਦੇ ਫ਼ਰਸ਼ 'ਤੇ ਪੈਰ ਰੱਖਣ ਨਾਲ਼ ਫੁੱਲ ਖਿੜਨੇ ਸ਼ੁਰੂ ਹੋ ਜਾਂਦੇ ਹਨ। ਜਦੋਂ ਇਹਨਾਂ 'ਤੇ ਕਾਹਲ਼ੀ-ਕਾਹਲ਼ੀ ਪੈਰ ਰੱਖੋਗੇ ਤਾਂ ਇਹ ਬੱਦਲ਼ਾਂ ਦਾ ਰੂਪ ਧਾਰਨ ਕਰ ਜਾਣਗੇ। ਇੱਥੇ ਤੁਸੀਂ ਮੇਕ-ਅਪ ਨਾਲ਼ ਸਿਰਫ ਦੋ ਮਿੰਟ ਵਿੱਚ ਹੀ ਬੁੱਢੇ ਨੂੰ ਜਵਾਨ ਤੇ ਜਵਾਨ ਨੂੰ ਬਜ਼ੁਰਗ ਬਣਾ ਸਕਦੇ ਹੋ।

ਦਿਨੋ-ਦਿਨ ਗੰਭੀਰ ਹੁੰਦੀ ਜਾ ਰਹੀ ਬਿਜਲੀ ਦੀ ਸਮੱਸਿਆ ਦੇ ਹੱਲ ਲਈ ਇੱਥੇ ਤਿੰਨ ਏਕੜ ਥਾਂ 'ਤੇ ਊਰਜਾ ਪਾਰਕ ਬਣਾਇਆ ਗਿਆ ਹੈ। ਸਾਇੰਸ-ਸਿਟੀ ਦੇ ਇਸ ਹਿੱਸੇ ਵਿੱਚ ਸਿਰਫ਼ ਸੂਰਜੀ ਊਰਜਾ ਹੀ ਵਰਤੀ ਜਾਂਦੀ ਹੈ। ਇੱਥੇ ਅਜਿਹੀਆਂ ਪ੍ਰਦਰਸ਼ਨੀਆਂ ਲਾਈਆਂ ਗਈਆਂ ਹਨ, ਜਿੱਥੇ ਸਾਨੂੰ ਸੂਰਜੀ ਊਰਜਾ ਵਰਤਣ ਦੀ ਸੇਧ ਮਿਲ਼ਦੀ ਹੈ। ਸੂਰਜ-ਸ਼ਕਤੀ ਕੇਂਦਰ ਵਿੱਚ ਬੈਟਰੀਆਂ ਰੱਖੀਆਂ ਗਈਆਂ ਹਨ ਜੋ ਕਿ ਸੂਰਜੀ ਊਰਜਾ ਨੂੰ ਸਟੋਰ ਕਰ ਕੇ ਰੱਖਦੀਆਂ ਹਨ। ਇਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਸੂਰਜ ਨਾ ਚੜ੍ਹਣ 'ਤੇ ਵੀ ਅਸੀਂ ਸੂਰਜੀ ਊਰਜਾ ਦੀ ਵਰਤੋਂ ਕਰ ਸਕਦੇ ਹਾਂ।

ਸੰਗੀਤਿਕ ਕੁਰਸੀ 'ਤੇ ਬੈਠਦਿਆਂ ਹੀ ਇੱਥੇ ਮੀਂਹ ਪੈਣਾ ਸ਼ੁਰੂ ਹੋ ਜਾਵੇਗਾ ਤੇ ਇੱਕ ਮਿੱਠੀ ਜਿਹੀ ਸੰਗੀਤਕ ਧੁਨ ਸੁਣਾਈ ਦੇਵੇਗੀ। ਇਹ ਇੱਕ ਅਦਭੁਤ ਨਜ਼ਾਰਾ ਹੈ। ਇਸ ਦੇ ਹੇਠਾਂ ਖੜ੍ਹੇ ਹਾਥੀ ਦੀ ਸੁੰਡ 'ਤੇ ਪਾਣੀ ਪਾਉਣ ਨਾਲ਼ ਹਾਥੀ ਪਾਣੀ ਸੁੱਟਦਾ ਦਿਖਾਈ ਦਿੰਦਾ ਹੈ।

ਪਣ-ਸ਼ਕਤੀ ਕੇਂਦਰ ਊਰਜਾ ਪਾਰਕ ਦਾ ਮੁੱਖ ਆਕਰਸ਼ਣ ਹੈ। ਇੱਥੇ ਰੱਖਿਆ ਗਿਆ ਰਣਜੀਤ ਸਾਗਰ ਡੈਮ ਦਾ ਮਾਡਲ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਇੱਥੇ ਵੱਖ-ਵੱਖ ਮਾਡਲਾਂ ਰਾਹੀਂ ਸਮਝਾਇਆ ਗਿਆ ਹੈ ਕਿ ਪਾਣੀ ਤੋਂ ਬਿਜਲੀ ਕਿਵੇਂ ਤਿਆਰ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਪਰਮਾਣੂ ਸ਼ਕਤੀ ਕੇਂਦਰ ਵਿੱਚ ਇਹ ਦੱਸਿਆ ਗਿਆ ਹੈ ਕਿ ਪਰਮਾਣੂ ਸ਼ਕਤੀ ਸਿਰਫ਼ ਬੰਬ ਬਣਾਉਣ ਲਈ ਹੀ ਨਹੀਂ ਸਗੋਂ ਇਹ ਬਹੁਤ ਥਾਂਵਾਂ 'ਤੇ ਸਾਡੀ ਭਲਾਈ ਲਈ ਵੀ ਵਰਤੀ ਜਾਂਦੀ ਹੈ।





Downloaded from https:// www.studiestoday.com

Downloaded from https:// www.studiestoday.com

ਸਾਇੰਸ-ਸਿਟੀ ਵਿੱਚ ਬਣੀ ਝੀਲ ਦੇ ਵਿਚਕਾਰ ਇੱਕ ਟਾਪੂ ਬਣਾਇਆ ਗਿਆ ਹੈ, ਜਿਸ 'ਤੇ ਡਾਇਨਾਸੋਰਾਂ ਦੇ ਲਗ-ਪਗ 44 ਮਾਡਲ ਆਪਣੀ ਕਹਾਣੀ ਆਪ ਬਿਆਨ ਕਰਦੇ ਹਨ। ਫ਼ਾਈਬਰ ਦੇ ਬਣੇ ਇਹ ਮਾਡਲ ਲਗ-ਪਗ ਕੁਦਰਤੀ ਲੱਗਦੇ ਹਨ। ਇਸ ਪਾਰਕ ਵਿੱਚ ਪੌਦੇ ਵੀ ਉਸ ਸਮੇਂ ਦੇ ਹੀ ਲਾਉਣ ਦਾ ਯਤਨ ਕੀਤਾ ਗਿਆ ਹੈ। ਡਾਇਨਾਸੋਰ ਦਾ ਅੰਤ ਕਿਵੇਂ ਹੋਇਆ ਇਸ ਪਿੱਛੇ ਬਹੁਤ ਸਾਰੀਆਂ ਥਿਊਰੀਆਂ ਕੰਮ ਕਰਦੀਆਂ ਹਨ ਪਰ ਪ੍ਰਚਲਿਤ ਸਿਧਾਂਤ ਦੇ ਮੁਤਾਬਕ ਇਹਨਾਂ ਦਾ ਅੰਤ ਜਵਾਲਾਮੁਖੀ ਦੇ ਫਟਣ ਕਾਰਨ ਤੇ ਵਾਤਾਵਰਨ ਠੀਕ ਨਾ ਹੋਣ ਦਾ ਕਾਰਨ ਮੰਨਿਆ ਜਾਂਦਾ ਹੈ। ਇਸ ਕਰ ਕੇ ਹੀ ਸਾਇੰਸ-ਸਿਟੀ ਵਿੱਚ ਜਵਾਲਾਮੁਖੀ ਦਾ ਇੱਕ ਵਿਸ਼ਾਲ ਮਾਡਲ ਬਣਾਇਆ ਗਿਆ ਹੈ ਅਤੇ ਇਸ ਦੇ ਅੰਦਰ ਹਿਲਦੇ-ਜੁਲਦੇ ਡਾਇਨਾਸੋਰ ਲਾਏ ਗਏ ਹਨ। ਇਹਨਾਂ ਨੂੰ ਵੇਖ ਕੇ ਤਾਂ ਇੰਞ ਲੱਗਦਾ ਹੈ ਜਿਵੇਂ ਇਹ ਤੁਹਾਡੇ ਨਾਲ਼ ਗੱਲਾਂ ਕਰਨੀਆਂ ਚਾਹੁੰਦੇ ਹਨ।

ਜੰਗੀ ਹਥਿਆਰਾਂ ਨਾਲ਼ ਸੰਬੰਧਿਤ ਗੈਲਰੀ ਵਿੱਚ ਰੱਖਿਆ ਗਿਆ 'ਮਿੱਗ' 23 ਅਗਸਤ, 1980 ਵਿੱਚ ਬਣਾਇਆ ਗਿਆ ਅਤੇ 1981-82 ਵਿੱਚ ਭਾਰਤੀ ਹਵਾਈ ਫ਼ੌਜ ਨੂੰ ਸੌਂਪਿਆ ਗਿਆ। ਇਸ ਨੂੰ ਉਪਰੇਸ਼ਨ ਬਰਾਸਟੈਕ ਅਤੇ ਕਾਰਗਿੱਲ ਦੀ ਲੜਾਈ ਵਿੱਚ ਵਰਤਿਆ ਗਿਆ। ਇੱਥੇ ਰੱਖਿਆ ਗਿਆ 'ਵਿਜੈਅੰਤਾ ਟੈਂਕ' ਭਾਰਤ ਦਾ ਬਣਿਆ ਸੁਦੇਸ਼ੀ ਟੈਂਕ ਹੈ। ਇਹ ਟੈਂਕ 1971 ਦੀ ਜੰਗ ਵਿੱਚ ਵਰਤੇ ਗਏ ਸਨ।

ਜਹਾਜ਼ ਵਿੱਚ ਬੈਠਣ ਦੀ ਇੱਛਾ ਅੱਜ ਹਰ ਵਿਅਕਤੀ ਦੀ ਹੈ ਪਰ ਪੂਰੀ ਕਿਸੇ-ਕਿਸੇ ਦੀ ਹੀ ਹੁੰਦੀ ਹੈ। ਸਾਇੰਸ-ਸਿਟੀ ਵਿੱਚ ਰੱਖਿਆ ਗਿਆ 'ਸਵਾਤੀ ਐਲ-ਟੀ' ਹਵਾਈ ਜਹਾਜ਼ ਇੱਥੇ ਆਉਣ ਵਾਲ਼ਿਆਂ ਦੀ ਇਹ ਇੱਛਾ ਪੂਰੀ ਕਰਦਾ ਹੈ। ਇਹ ਜਹਾਜ਼ ਪੰਜਾਬ ਸਰਕਾਰ ਨੇ ਸਾਇੰਸ-ਸਿਟੀ ਨੂੰ ਤੋਹਫ਼ੇ ਵਜੋਂ ਦਿੱਤਾ ਹੈ। ਇਸ ਦੀ ਵਰਤੋਂ ਜਹਾਜ਼ ਚਾਲਕਾਂ ਦੀ ਟ੍ਰੇਨਿੰਗ ਲਈ ਕੀਤੀ ਜਾਂਦੀ ਰਹੀ ਹੈ।

ਸਾਇੰਸ-ਸਿਟੀ ਵੱਲੋਂ ਰਾਤ ਦਾ ਅਕਾਸ਼ ਬੱਚਿਆਂ ਨੂੰ ਟੈਲੀਸਕੋਪ ਰਾਹੀਂ ਦਿਖਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਬੱਚੇ ਇੱਥੇ ਸ਼ਾਮ ਨੂੰ ਚੰਦਰਮਾ ਤੇ ਹੋਰ ਗ੍ਰਹਿਆਂ ਨੂੰ ਬਿਲਕੁਲ ਨੇੜੇ ਤੋਂ ਦੇਖ ਸਕਦੇ ਹਨ।

ਸਾਇੰਸ-ਸਿਟੀ ਵਿੱਚ 'ਸਾਇੰਸ ਆਫ਼ ਸਪੋਰਟਸ ਗੈਲਰੀ' ਵੀ ਹੈ। ਇਹ ਗੈਲਰੀ ਖੇਡਾਂ ਪਿੱਛੇ ਕੰਮ ਕਰਦੇ ਵਿਗਿਆਨਿਕ ਸਿਧਾਂਤਾ ਦੇ ਰਹੱਸਾਂ ਨੂੰ ਖੋਲ੍ਹਦੀ ਹੈ। ਕ੍ਰਿਕਟ ਵਿੱਚ ਬਾਲ ਕਿਵੇਂ ਸਪਿੰਨ ਹੁੰਦੀ ਹੈ ਸਮੇਤ ਸਾਰੀਆਂ ਖੇਡਾਂ, ਜਿਵੇਂ : ਹਾਕੀ, ਬਾਸਕਟਬਾਲ, ਵਾਲੀਬਾਲ ਆਦਿ ਪਿੱਛੇ ਕੰਮ ਕਰਦੇ ਵਿਗਿਆਨਿਕ ਸਿਧਾਂਤਾਂ ਨੂੰ ਇੱਥੇ ਵਿਸਤ੍ਰਿਤ ਰੂਪ ਵਿੱਚ ਸਮਝਾਇਆ ਗਿਆ ਹੈ।

ਇਸ ਤੋਂ ਇਲਾਵਾ ਰੇਲਵੇ-ਗੈਲਰੀ ਵਿੱਚ ਦਿੱਲੀ ਦੀ ਮੈਟਰੋ, ਜਪਾਨ ਦੀ ਬੁਲਿਟ-ਟ੍ਰੇਨ, ਕਾਲਕਾ ਦੀ ਸ਼ਿਮਲਾ ਰੇਲ ਦੇ ਮਾਡਲ ਪ੍ਰਦਰਸ਼ਿਤ ਕੀਤੇ ਗਏ ਹਨ।

ਧਰਤੀ ਉੱਪਰ ਜੀਵਨ ਦੀ ਸ਼ੁਰੂਆਤ ਨੂੰ ਦਰਸਾਉਂਦਾ 'ਲਾਈਫ਼ ਥਰੂ ਦਿ ਏਜਿਜ਼' ਦਾ ਪੈਨੋਰਾਮਾ ਵੀ ਇੱਥੇ ਮੌਜੂਦ ਹੈ। ਇਹ ਪੈਨੋਰਾਮਾ ਸਾਨੂੰ ਦੱਸਦਾ ਹੈ ਕਿ ਅੱਜ ਦਾ ਮਨੁੱਖ ਕਿਹੜੇ-ਕਿਹੜੇ ਪੜਾਵਾਂ ਵਿੱਚੋਂ ਨਿਕਲ਼ ਕੇ ਇੱਥੇ ਤੱਕ ਪਹੁੰਚਿਆ ਹੈ। ਇੱਥੇ ਇੱਕ ਆਬਜੈਕਟ ਥਿਏਟਰ ਵਿੱਚ ਜਲਵਾਯੂ ਪਰਿਵਰਤਨ ਨਾਲ਼ ਸੰਬੰਧਿਤ ਸ਼ੋਅ ਵੀ ਦਿਖਾਏ ਜਾਂਦੇ ਹਨ। ਇਸ ਪ੍ਰਕਾਰ ਵਿਗਿਆਨ ਅਤੇ ਮਨੋਰੰਜਨ ਦਾ ਇਹ ਅਨੋਖਾ ਸੰਗਮ ਅੱਜ ਸਾਰੇ ਵਿਦਿਆਰਥੀ ਜਗਤ ਲਈ ਇੱਕ ਚਾਨਣ-ਮੁਨਾਰੇ ਦਾ ਕੰਮ ਕਰ ਰਿਹਾ ਹੈ।



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ

1. ਦੱਸੋ :

(ੳ) ਸਾਇੰਸ-ਸਿਟੀ ਕਿੱਥੇ ਸਥਿਤ ਹੈ ? ਇਸ ਦਾ ਕੁੱਲ ਖੇਤਰਫਲ ਕਿੰਨਾ ਹੈ ?

(ਅ) ਸਾਇੰਸ-ਸਿਟੀ ਲੋਕਾਂ ਲਈ ਕਦੋਂ ਖੋਲ੍ਹਿਆ ਗਿਆ ?

(ੲ) ਸਪੇਸ-ਥਿਏਟਰ ਤੇ ਆਮ ਸਿਨਮੇ ਦੀ ਫ਼ਿਲਮ ਵਿੱਚ ਅੰਤਰ ਦੱਸੋ ?

(ਸ) ਫ਼ਲਾਈਟ-ਸਿਮੂਲੇਟਰ ਤੇ ਅਰਥਕੁਏਕ-ਸਿਮੂਲੇਟਰ ਦਾ ਸ਼ੋਅ ਕੀ ਹੈ ?

(ਹ) 3-ਡੀ ਸ਼ੋਅ ਕੀ ਹੈ ? ਲੇਜ਼ਰ ਦੀ ਵਰਤੋਂ ਕਿੱਥੇ-ਕਿੱਥੇ ਹੁੰਦੀ ਹੈ ?

(ਕ) ਸਿਹਤ-ਗੈਲਰੀ ਵਿੱਚ ਕੀ ਕੁਝ ਦੇਖਣਯੋਗ ਹੈ ?

(ਖ) ਊਰਜਾ-ਪਾਰਕ ਕੀ ਹੈ ?

(ਗ) ਡਾਇਨਾਸੋਰ ਪਾਰਕ ਵਿੱਚ 'ਡਾਇਨਾਸੋਰਾਂ ਦੇ ਮਾਡਲ ਆਪਣੀ ਕਹਾਣੀ ਆਪ ਬਿਆਨ ਕਰਦੇ ਹਨ '- ਚਰਚਾ ਕਰੋ।

(ਘ) ਜੰਗੀ ਹਥਿਆਰਾਂ ਨਾਲ਼ ਸੰਬੰਧਿਤ ਗੈਲਰੀ ਵਿੱਚ ਕੀ ਕੁਝ ਰੱਖਿਆ ਗਿਆ ਹੈ ?

(ਙ) ਸਪੋਰਟਸ-ਗੈਲਰੀ ਅਤੇ ਰੇਲਵੇ-ਗੈਲਰੀ ਵਿੱਚ ਕੀ ਹੈ ?

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਅਹਿਮ | : | ਬਹੁਤ ਜ਼ਰੂਰੀ |
| ਯੋਗਦਾਨ | : | ਸਹਿਯੋਗ, ਦੇਣ |
| ਥਿਏਟਰ | : | ਨਾਟਕ-ਘਰ, ਤਮਾਸ਼ਾ ਕਰਨ ਦੀ ਥਾਂ |
| ਕਿਰਦਾਰ | : | ਪਾਤਰ |
| ਉਪਰਾਲੇ | : | ਜਤਨ, ਹੀਲੇ, ਉਪਾਅ |
| ਵਿਕਾਸ | : | ਤਰੱਕੀ, ਉੱਨਤੀ |
| ਗਲੋਬ | : | ਧਰਤੀ ਦਾ ਇੱਕ ਗੋਲ਼ੇ ਉੱਤੇ ਬਣਾਇਆ ਨਕਸ਼ਾ, ਭੂ-ਮੰਡਲ |
| ਦਾਸਤਾਨ | : | ਕਹਾਣੀ, ਵਿਥਿਆ |
| ਗਲੈਕਸੀ | : | ਅਕਾਸ਼-ਗੰਗਾ, ਤਾਰਿਆਂ ਦਾ ਝੁਰਮਟ |
| ਸੈਟੇਲਾਈਟ | : | ਉਪਗ੍ਰਹਿ |
| ਪ੍ਰਕਿਰਿਆ | : | ਤਰੀਕਾ, ਅਮਲ |
| ਰਹੱਸ | : | ਭੇਤ, ਗੁੱਝੀ ਗੱਲ |
| ਪ੍ਰਦਰਸ਼ਨੀ | : | ਨੁਮਾਇਸ਼, ਦਿਖਾਵਾ |
| ਆਕਰਸ਼ਣ | : | ਖਿੱਚ, ਕਸ਼ਸ਼ |
| ਟੈਲੀਸਕੋਪ | : | ਦੂਰਬੀਨ |



Downloaded from https:// www.studiestoday.com

Downloaded from https:// www.studiestoday.com

3. ਵਾਕਾਂ ਵਿੱਚ ਵਰਤੋ :

ਜਾਗਰੂਕ, ਸਕਰੀਨ, ਪੁਲਾੜ, ਮਾਡਲ, ਮੇਕ-ਅਪ, ਟ੍ਰੇਨਿੰਗ, ਲਾਹੇਵੰਦ, ਪਾਰਦਰਸ਼ੀ

## ਵਿਆਕਰਨ : ਵਿਸਮਕ

ਉਹ ਸ਼ਬਦ ਜਿਹੜੇ ਬੋਲਣ ਵਾਲ਼ੇ ਦੇ ਮੂੰਹੋਂ ਸੁਤੇ-ਸਿੱਧ ਨਿਕਲ਼ਨ ਅਤੇ ਮਨ ਦੀ ਖ਼ੁਸ਼ੀ, ਗ਼ਮੀ, ਤਰਸ, ਹੈਰਾਨੀ, ਭੈ, ਪ੍ਰਸੰਸਾ ਆਦਿ ਭਾਵਾਂ ਨੂੰ ਪ੍ਰਗਟ ਕਰਨ, ਵਿਸਮਿਕ ਕਹਾਉਂਦੇ ਹਨ, ਜਿਵੇਂ :- ਹਾਏ, ਓ ਹੋ, ਵਾਹ-ਵਾਹ, ਬੱਲੇ-ਬੱਲੇ, ਜਿਉਂਦਾ ਰਹੁ, ਭਲਾ ਹੋਵੇ। ਇਹਨਾਂ ਸ਼ਬਦਾਂ ਦੇ ਨਾਲ਼ ਵਿਸਮਕ ਚਿੰਨ੍ਹ ( !) ਵਰਤਿਆ ਜਾਂਦਾ ਹੈ।

ਇਸ ਪੁਸਤਕ ਦੇ ਹੁਣ ਤੱਕ ਪੜ੍ਹੇ ਪਾਠਾਂ ਵਿੱਚੋਂ ਵਿਸਮਕ-ਚਿੰਨ੍ਹਾਂ ਵਾਲ਼ੇ ਦਸ ਵਾਕ ਚੁਣ ਕੇ ਲਿਖੋ।

ਜੇਕਰ ਤੁਹਾਨੂੰ ਕਦੇ ਵਿਗਿਆਨ ਨਾਲ਼ ਸੰਬੰਧਿਤ ਕੋਈ ਪ੍ਰਦਰਸ਼ਨੀ ਆਦਿ ਦੇਖਣ ਦਾ ਮੌਕਾ ਮਿਲ਼ਿਆ ਹੈ ਤਾਂ ਉਸ ਦਾ ਵਰਨਣ ਆਪਣੇ ਸ਼ਬਦਾਂ ਵਿੱਚ ਕਰੋ।



Downloaded from https:// www.studiestoday.com

Downloaded from https:// www.studiestoday.com

## ਪਾਠ-22

# ਸ਼ਿਵ ਸਿੰਘ : ਬੁੱਤ-ਘਾੜਾ

ਪੰਜਾਬ ਦਾ ਜੰਮ-ਪਲ ਸ਼ਿਵ ਸਿੰਘ ਇੱਕ ਉੱਘਾ ਬੁੱਤ-ਘਾੜਾ ਕਲਾਕਾਰ ਸੀ। ਜੇਕਰ ਪੰਜਾਬ ਦੇ ਇਤਿਹਾਸ ਨੂੰ ਫਰੋਲ਼ੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦਾ ਵਿਰਸਾ ਬਹੁਤ ਅਮੀਰ ਹੈ। ਇੱਥੋਂ ਦੀ ਬੁੱਤ-ਕਲਾ ਪੁਰਾਣੇ ਸਮੇਂ ਤੋਂ ਸਾਡੇ ਸੱਭਿਆਚਾਰ ਨਾਲ਼ ਜੁੜੀ ਹੋਈ ਹੈ।

ਆਧੁਨਿਕ ਮਨੁੱਖ ਦਾ ਰਹਿਣ-ਸਹਿਣ ਪਹਿਲੇ ਮਨੁੱਖ ਵਾਂਗ ਸਹਿਜ ਨਹੀਂ ਹੈ। ਉਹ ਅਨੇਕ ਤਰ੍ਹਾਂ ਦੇ ਪ੍ਰਭਾਵਾਂ ਅਤੇ ਦਬਾਵਾਂ ਵਿੱਚ ਵਿਚਰ ਰਿਹਾ ਹੈ ਪਰੰਤੂ ਉਸ ਦੀ ਕਲਾ ਦਾ ਪ੍ਰੇਰਨਾ-ਸ੍ਰੋਤ ਉਸ ਦੇ ਆਲ਼ੇ-ਦੁਆਲ਼ੇ ਵਿੱਚ ਹੀ ਵਿਦਮਾਨ ਹੁੰਦਾ ਹੈ।

ਸ਼ਿਵ ਸਿੰਘ ਦਾ ਜਨਮ 5 ਜੁਲਾਈ, 1938 ਈਸਵੀ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਸੀ ਗ਼ੁਲਾਮ ਹੁਸੈਨ ਵਿੱਚ ਹੋਇਆ। ਇਹ ਪਿੰਡ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ 'ਚ ਵੱਸਿਆ ਹੋਇਆ ਹੈ। ਇੱਥੇ ਸ਼ਿਵ ਸਿੰਘ ਦੇ ਪੁਰਖੇ ਖੇਤੀ-ਬਾੜੀ ਦਾ ਕੰਮ ਕਰਦੇ ਸਨ। ਸ਼ਿਵ ਸਿੰਘ ਦੇ ਮਾਪਿਆਂ ਨੇ ਉਸ ਨੂੰ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਪਾਲ਼ਿਆ। ਮਾਂ-ਬਾਪ ਨੇ ਉਸ ਨੂੰ ਗੁਰਬਾਣੀ, ਲੋਕ-ਕਥਾਵਾਂ ਅਤੇ ਲੋਕ-ਸਾਹਿਤ ਤੋਂ ਜਾਣੂ ਕਰਵਾਇਆ।

ਸ਼ਿਵ ਸਿੰਘ ਨੂੰ ਬਚਪਨ ਤੋਂ ਹੀ ਕੁਦਰਤ ਨਾਲ਼ ਲਗਾਅ ਸੀ। ਉਹ ਪਿੰਡ ਦੇ ਕੋਲ਼ੋਂ ਲੰਘਦੇ ਭੰਗੀ ਚੋਅ ਵਿੱਚ ਖੇਡਣ ਚਲਾ ਜਾਂਦਾ। ਚੀਕਣੀ ਮਿੱਟੀ ਨਾਲ਼ ਆਪਣੇ ਪੈਰਾਂ ਉੱਪਰ ਘਰ ਉਸਾਰਦਾ, ਰੇਤ ਨਾਲ਼ ਘੁੱਗੂ-ਘੋੜੇ ਬਣਾਉਂਦਾ। ਚੋਅ ਦੇ ਸਰਕੰਡੇ ਦੇ ਤੀਲ੍ਹਿਆਂ ਨਾਲ਼ ਬਾਲ-ਖਿਡੌਣੇ ਊਠ, ਘੋੜੇ, ਛੁਣਛੁਣੇ ਤੇ ਪੰਛੀ ਬਣਾ-ਬਣਾ ਆਪਣਾ ਸ਼ੌਕ ਪੂਰਾ ਕਰਦਾ। ਪਾਣੀ 'ਚ ਤਰਦੀਆਂ ਲੱਕੜਾਂ ਨੂੰ ਬਾਹਰ ਕੱਢ ਲੈਂਦਾ ਤੇ ਉਹਨਾਂ ਵਿੱਚ ਪਸ਼ੂਆਂ ਤੇ ਜਾਨਵਰਾਂ ਦੇ ਰੂਪ ਘੜਨ ਲੱਗਦਾ। ਮਾਪਿਆਂ ਨੂੰ ਆਪਣੇ ਪੁੱਤਰ ਵਿੱਚੋਂ ਪ੍ਰਤਿਭਾਸ਼ਾਲੀ ਮਨੁੱਖ ਦਿਸਣ ਲੱਗਿਆ।

ਦਸਵੀਂ ਪਾਸ ਕਰਨ ਤੋਂ ਬਾਅਦ ਸ਼ਿਵ ਸਿੰਘ ਹੁਸ਼ਿਆਰਪੁਰ ਕਾਲਜ ਵਿੱਚ ਦਾਖ਼ਲ ਹੋ ਗਿਆ। ਕਾਲਜ ਵਿੱਚੋਂ ਇੰਟਰਮੀਡੀਏਟ ਪਾਸ ਕੀਤੀ। ਪੜ੍ਹਾਈ ਦੌਰਾਨ ਸ਼ਿਵ ਸਿੰਘ ਚੋਅ ਵਿੱਚੋਂ ਲੱਭੇ ਪੱਥਰਾਂ ਤੇ ਲੱਕੜਾਂ ਨੂੰ ਵੱਖ-ਵੱਖ ਰੂਪਾਂ ਦੇ ਆਕਾਰ ਦੀਆਂ ਕਲਾ-ਕ੍ਰਿਤਾਂ ਬਣਾਉਣ 'ਚ ਜੁਟਿਆ ਰਹਿੰਦਾ। ਕਾਲਜ ਪੜ੍ਹਦਿਆਂ ਉਹ ਫ਼ੁਟਬਾਲ ਵੀ ਖੇਡਦਾ ਹੁੰਦਾ ਸੀ।

1958 ਈਸਵੀ ਵਿੱਚ ਸ਼ਿਵ ਸਿੰਘ ਨੇ ਨਿਸ਼ਚਾ ਕੀਤਾ ਕਿ ਉਹ ਆਪਣੀ ਕਲਾ ਵਿੱਚ ਕੁਦਰਤ ਨੂੰ ਰੂਪਮਾਨ ਕਰੇਗਾ। ਖੇਤਾਂ ਵਿੱਚ ਸਿਆੜ ਉਸ ਨੂੰ ਕਲਾ ਦੇ ਨਮੂਨੇ ਜਾਪਦੇ। ਪਸ਼ੂਆਂ ਦੇ ਖੁਰਾਂ ਦੇ ਨਿਸ਼ਾਨ ਉਸ ਨੂੰ ਕਲਾਮਈ ਚਿੱਤਰ ਲੱਗਦੇ। ਵਿੰਗੇ-ਟੇਢੇ ਰੁੱਖ ਉਸ ਨੂੰ ਪਿਆਰੇ ਲੱਗਦੇ ਤੇ ਆਪਣੇ ਆਲ਼ੇ-ਦੁਆਲ਼ੇ 'ਚੋਂ ਉਹ ਕਲਾਮਈ ਦ੍ਰਿਸ਼ ਢੂੰਡਦਾ ਰਹਿੰਦਾ।

ਕਲਾ ਦੇ ਵਿਸ਼ੇ ਵਿੱਚ ਨਿਪੁੰਨਤਾ ਹਾਸਲ ਕਰਨ ਲਈ, ਸ਼ਿਵ ਸਿੰਘ ਨੇ ਸ਼ਿਮਲਾ ਆਰਟ ਸਕੂਲ ਵਿੱਚ ਦਾਖ਼ਲਾ ਲੈ ਲਿਆ। ਇਹ ਸਕੂਲ 1962 ਈਸਵੀ ਵਿੱਚ ਚੰਡੀਗੜ੍ਹ ਤਬਦੀਲ ਹੋ ਗਿਆ, ਜਿੱਥੋਂ 1963 ਈਸਵੀ ਵਿੱਚ ਸ਼ਿਵ ਸਿੰਘ ਨੇ ਡਿਪਲੋਮਾ ਪਾਸ ਕੀਤਾ। ਕਲਾ ਦੀ ਟ੍ਰੇਨਿੰਗ ਉਪਰੰਤ




Downloaded from https:// www.studiestoday.com

Downloaded from https:// www.studiestoday.com

ਸ਼ਿਵ ਸਿੰਘ ਨੂੰ ਕਪੂਰਥਲ਼ਾ ਸੈਨਿਕ ਸਕੂਲ ਵੱਲੋਂ ਆਰਟ ਟੀਚਰ ਦੀ ਅਸਾਮੀ ਲਈ ਪੇਸ਼ਕਸ਼ ਹੋਈ। ਇਸ ਸਕੂਲ ਵਿੱਚ ਉਸ ਨੇ ਵਿਦਿਆਰਥੀਆਂ ਨੂੰ 1968 ਈਸਵੀ ਤੱਕ ਬੜੀ ਲਗਨ ਨਾਲ਼ ਕਲਾ ਦੀ ਸਿੱਖਿਆ ਦਿੱਤੀ।

ਆਪਣੇ ਵਿਦਿਆਰਥੀਆਂ ਨੂੰ ਕਲਾ ਦੇ ਮੁਢਲੇ ਗੁਣਾਂ ਤੋਂ ਜਾਣੂ ਕਰਵਾਇਆ ਤੇ ਕਲਾ ਲਈ ਉਤਸ਼ਾਹਿਤ ਵੀ ਕੀਤਾ ਤਾਂਜੋ ਉਹ ਵੱਡੇ ਹੋ ਕੇ ਚੰਗੇ ਕਲਾਕਾਰ, ਬੁੱਤ-ਘਾੜੇ ਤੇ ਚੰਗੇ ਇਨਸਾਨ ਬਣ ਸਕਣ।

ਸ਼ਿਵ ਸਿੰਘ ਨੇ ਬੜੀ ਤੀਬਰਤਾ ਨਾਲ਼ ਟਾਹਲੀ ਦੀ ਲੱਕੜ ਦੇ ਟੋਟਿਆਂ ਨੂੰ ਘੜਨਾ ਸ਼ੁਰੂ ਕੀਤਾ ਜੋ ਉਹਨਾਂ ਦੀ ਆਪਣੀ ਪ੍ਰਤਿਭਾ ਤੇ ਸਿਰਜਣਾਤਮਕਿਤਾ ਦਾ ਪ੍ਰਗਟਾਵਾ ਸੀ। ਉਸ ਦੀ ਕਲਾ ਦੀ ਮੁਹਾਰਤ ਅਤੇ ਵਿਸ਼ਾਲ-ਦ੍ਰਿਸ਼ਟੀ ਉਸ ਦੀਆਂ ਕਲਾ-ਕ੍ਰਿਤਾਂ ਵਿੱਚੋਂ ਬੋਲਦੀ ਨਜ਼ਰ ਆਉਂਦੀ ਹੈ। ਉਹਨਾਂ ਦਾ ਕਹਿਣਾ ਹੈ, "ਲੱਕੜੀ ਦਾ ਸਕਲਪਚਰ (ਬੁੱਤ-ਤਰਾਸ਼ੀ) ਸਪਰਸ਼ ਕਰਨ ਵੇਲ਼ੇ ਇਹਨਾਂ 'ਚੋਂ ਮਨੁੱਖੀ ਸੰਵੇਦਨਾ ਭਰੇ ਗੁਣ ਮਹਿਸੂਸ ਹੁੰਦੇ ਹਨ। ਲੱਕੜ ਨੂੰ ਜਦੋਂ ਤਰਾਸ਼ਦਾ ਹਾਂ ਤਾਂ ਇਸ ਵਿੱਚੋਂ ਉੱਭਰਦੇ ਆਕਾਰ ਤੇ ਰੂਪ ਰਹੱਸਮਈ ਦਿਖਾਈ ਦਿੰਦੇ ਹਨ। ਲੱਕੜ, ਲੋਹੇ, ਪਿੱਤਲ਼, ਤਾਂਬੇ ਜਾਂ ਕੋਈ ਹੋਰ ਵਸਤ ਨੂੰ ਘੜਨ ਨਾਲ਼ ਮੈਨੂੰ ਖੁੱਲ੍ਹ ਦਾ ਅਹਿਸਾਸ ਹੁੰਦਾ ਹੈ। ਮੈਨੂੰ ਉਹ ਕਲਾ-ਕ੍ਰਿਤ ਜਾਨਦਾਰ ਲੱਗਣ ਲੱਗ ਪੈਂਦੀ ਹੈ।







Downloaded from https:// www.studiestoday.com

Downloaded from https:// www.studiestoday.com

1968 ਈਸਵੀ ਵਿੱਚ ਸ਼ਿਵ ਸਿੰਘ ਨੂੰ ਜਰਮਨ ਸਰਕਾਰ ਵੱਲੋਂ ਕਲਾ ਦੀ ਖੋਜ ਲਈ ਵਜ਼ੀਫ਼ੇ ਦੀ ਪੇਸ਼ਕਸ਼ ਹੋਈ ਜਿਹੜੀ ਇੱਕ ਪੰਜਾਬੀ ਕਲਾਕਾਰ ਲਈ ਬੜੇ ਮਾਣ ਵਾਲ਼ੀ ਗੱਲ ਸੀ। ਉੱਥੇ ਰਹਿੰਦਿਆਂ ਆਪ ਨੇ ਪਿੱਤਲ਼, ਤਾਂਬੇ, ਸਟੀਲ, ਜਿਸਤੀ-ਪਾਈਪ ਅਤੇ ਹੋਰ ਨਵੀਂ ਕਿਸਮ ਦੀ ਸਮਗਰੀ ਦੀ ਵਰਤੋਂ ਬੁੱਤਘਾੜੀ 'ਚ ਕੀਤੀ ਜੋ ਉਸ ਲਈ ਸੱਚ-ਮੁੱਚ ਹੀ ਨਵੇਂ ਅਨੁਭਵ ਸਨ। ਸ਼ਿਵ ਸਿੰਘ ਦੀਆਂ ਕਲਾ-ਕ੍ਰਿਤਾਂ ਅਮਰੀਕਾ, ਜਰਮਨੀ, ਫ਼੍ਰਾਂਸ, ਸਵਿਟਜ਼ਰਲੈਂਡ, ਡੈਨਮਾਰਕ, ਸਵੀਡਨ, ਕਨੇਡਾ, ਸ੍ਰੀ ਲੰਕਾ, ਸਿੰਗਾਪੁਰ, ਸਕਾਟਲੈਂਡ, ਇੰਗਲੈਂਡ ਤੇ ਹਾਲੈਂਡ ਵਿੱਚ ਆਪਣੀ ਕਲਾ-ਕੌਸ਼ਲਤਾ ਕਰ ਕੇ ਪਸੰਦ ਕੀਤੀਆਂ ਗਈਆਂ।

ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰਨ ਵਾਲ਼ੇ ਕਲਾਕਾਰ ਸ਼ਿਵ ਸਿੰਘ ਦੀ ਅਦਭੁਤ ਕਲਾ ਦਾ ਨਮੂਨਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਦੇਖਿਆ ਜਾ ਸਕਦਾ ਹੈ। ਉੱਥੇ 15 ਫ਼ੁੱਟ ਉੱਚੇ ਸੀਮਿੰਟ, ਕੰਕਰੀਟ ਤੇ ਲੋਹੇ ਦੇ ਬਣੇ ਵਡ-ਆਕਾਰੀ ਵਾਯੂਮੰਡਲ-ਬੁੱਤ ਕੁਦਰਤ ਦੇ ਅਨੰਤ ਰੂਪਾਂ ਨੂੰ ਪੇਸ਼ ਕਰਦੇ ਹਨ।

1973 ਈਸਵੀ ਵਿੱਚ ਸ਼ਿਵ ਸਿੰਘ ਨੇ ਲੜਕੀਆਂ ਦੇ ਹੋਮ-ਸਾਇੰਸ ਕਾਲਜ ਚੰਡੀਗੜ੍ਹ ਵਿੱਚ ਆਰਟ ਲੈਕਚਰਾਰ ਵਜੋਂ ਸੇਵਾ ਸੰਭਾਲ਼ੀ ਅਤੇ ਇੱਥੋਂ ਹੀ ਸੇਵਾ-ਮੁਕਤ ਹੋਏ। ਇਸ ਦੌਰਾਨ ਉਹਨਾਂ ਦਾ ਮੇਲ਼ ਡਾ. ਐੱਮ.ਐੱਸ. ਰੰਧਾਵਾ ਨਾਲ਼ ਹੋਇਆ ਜਿਨ੍ਹਾਂ ਨੇ ਉਸ ਦੀ ਕਲਾ ਨੂੰ ਭਰਪੂਰ ਮਾਨਤਾ ਦਿੱਤੀ। ਪੰਜਾਬ ਕਲਾ-ਭਵਨ ਸੈਕਟਰ 16 ਚੰਡੀਗੜ੍ਹ ਵਿਖੇ ਸ਼ਿਵ ਸਿੰਘ ਦੀ ਲੋਹੇ ਦੇ ਪਾਈਪਾਂ ਦੀ ਕਲਾ-ਕ੍ਰਿਤ 'ਪੰਜਾਬ ਦੇ ਭੰਗੜਾ ਪਾਉਂਦੇ ਜੁਆਨ' ਆਪਣੀ ਵੱਖਰੀ ਪਛਾਣ ਰੱਖਦੀ ਹੈ।

ਸ਼ਿਵ ਸਿੰਘ ਨੂੰ ਇੱਕ ਉੱਤਮ ਕਲਾਕਾਰ ਵਜੋਂ 1979 ਈਸਵੀ ਵਿੱਚ ਨੈਸ਼ਨਲ ਅਵਾਰਡ ਨਾਲ਼ ਸਨਮਾਨਿਆ ਗਿਆ। ਉਸੇ ਸਾਲ ਪੰਜਾਬ ਆਰਟ ਕੌਂਸਲ, ਚੰਡੀਗੜ੍ਹ ਨੇ ਸਿਰਮੌਰ ਕਲਾਕਾਰ ਦਾ ਸਨਮਾਨ ਝੋਲ਼ੀ ਪਾਇਆ। 1991 ਈਸਵੀ ਵਿੱਚ ਹਰਿਆਣਾ ਸਰਕਾਰ ਨੇ ਸੂਰਜ ਕੁੰਡ ਕ੍ਰਾਫਟ ਮੇਲੇ ਵਿੱਚ ਆਪ ਨੂੰ ਸਨਮਾਨਿਤ ਕੀਤਾ।

ਪੰਜਾਬ ਲਲਿਤ ਕਲਾ ਅਕਾਦਮੀ ਚੰਡੀਗੜ੍ਹ ਨੇ ਆਪ ਦੀਆਂ ਵਿਲੱਖਣ ਕਲਾ - ਕ੍ਰਿਤਾਂ ਕਰ ਕੇ ਪੁਰਸਕ੍ਰਿਤ ਕੀਤਾ। ਆਪ ਲਲਿਤ-ਕਲਾ ਅਕਾਦਮੀ ਚੰਡੀਗੜ੍ਹ ਦੇ ਪ੍ਰਧਾਨ ਰਹਿ ਚੁੱਕੇ ਹਨ ਤੇ ਨੈਸ਼ਨਲ ਅਕਾਦਮੀ ਦਿੱਲੀ ਦੇ ਮੈਂਬਰ ਵੀ ਰਹੇ।

1964 ਈਸਵੀ ਤੋਂ ਹੁਣ ਤੱਕ ਸ਼ਿਵ ਸਿੰਘ ਆਪਣੀ ਕਲਾ ਦੀਆਂ ਲਗ-ਪਗ 50 ਪ੍ਰਦਰਸ਼ਨੀਆਂ ਲਾ ਚੁੱਕਿਆ ਹੈ ਅਤੇ ਹੁਣ ਵੀ ਲਗਾਤਾਰ ਆਪਣੀ ਕਲਾ ਦੀ ਸਿਰਜਣਾ ਵਿੱਚ ਲੱਗਿਆ ਹੋਇਆ ਹੈ। ਚੰਡੀਗੜ੍ਹ ਮਿਊਜ਼ੀਅਮ ਸੈਕਟਰ-11 ਤੋਂ ਬਿਨਾਂ ਸ਼ਿਵ ਸਿੰਘ ਦੀਆਂ ਕਲਾ-ਕ੍ਰਿਤਾਂ ਦੇਸਾਂ ਵਿਦੇਸ਼ਾਂ ਦੇ ਅਜਾਇਬ-ਘਰਾਂ ਵਿੱਚ ਮਾਨਤਾ ਪ੍ਰਾਪਤ ਕਰ ਚੁੱਕੀਆਂ ਹਨ। ਸ਼ਿਵ ਸਿੰਘ ਦੀ ਕਲਾ-ਸਮਰੱਥਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਆਪਣੀ ਸਿਰਜਣਾ ਨੂੰ ਕਲਾ ਦੀ ਕਿਸੇ ਇੱਕ ਵਿਧਾ 'ਤੇ ਕੇਂਦਰਿਤ ਕਰਨ ਦੀ ਥਾਂ ਆਪਣੇ ਅਨੁਭਵ ਨੂੰ ਪ੍ਰਗਟਾਵੇ ਦੀ ਜ਼ਰੂਰਤ ਅਨੁਸਾਰ ਵੱਖ-ਵੱਖ ਵਿਧਾਵਾਂ ਦੀ ਵਰਤੋਂ ਕਰਨ ਤੋਂ ਗੁਰੇਜ਼ ਨਹੀਂ ਕੀਤਾ। ਉਸ ਨੇ ਰੇਖਾ-ਚਿੱਤਰ ਤੇ ਪੇਂਟਿੰਗ (ਚਿੱਤਰਕਾਰੀ) ਨੂੰ ਵੀ ਵੱਖਰੀ ਦ੍ਰਿਸ਼ਟੀ ਨਾਲ਼ ਚਿਤਰਿਆ ਹੈ।

ਸ਼ਿਵ ਸਿੰਘ ਪੰਜਾਬ ਦਾ ਉਹ ਕਲਾਕਾਰ ਹੈ ਜੋ ਸੂਫ਼ੀ-ਪ੍ਰਥਾ ਵਾਲ਼ੇ ਕਾਲ਼ੇ ਰੰਗ ਦੇ ਬਸਤਰ



Downloaded from https:// www.studiestoday.com

Downloaded from https:// www.studiestoday.com

ਪਹਿਨਦਾ ਸੀ। ਕਾਲ਼ਾ ਵੇਸ ਪਾ ਕੇ ਹੀ ਉਹ ਲੋਕਾਂ ਵਿੱਚ ਵਿਚਰਦਾ ਸੀ। ਉਹ ਮਹਿਸੂਸ ਕਰਦਾ ਸੀ ਕਿ ਕਾਲ਼ੇ ਰੰਗ ਵਿੱਚ ਸਾਰੇ ਰੰਗ ਸਮਾਏ ਹੋਏ ਹਨ। ਉਸ ਨੂੰ ਪ੍ਰਕਿਰਤੀ 'ਚੋਂ ਹੀ ਮਾਨਵੀ-ਕਲਾ ਉਪਜਦੀ ਜਾਪਦੀ ਹੈ। ਕਲਾ ਦੀ ਅਪਾਰ ਸੇਵਾ ਕਰਦਿਆਂ ਉਹ 26 ਜੂਨ, 2015 ਨੂੰ ਤਮਾਮ ਕਲਾ-ਪ੍ਰੇਮੀਆਂ ਨੂੰ ਸਦੀਵੀ ਵਿਛੋੜਾ ਦੇ ਗਏ।

## ਪਾਠ-ਅਭਿਆਸ

1. **ਦੱਸੋ :**

(ੳ) ਸ਼ਿਵ ਸਿੰਘ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?

(ਅ) ਸ਼ਿਵ ਸਿੰਘ ਦਾ ਬਚਪਨ ਕਿਵੇਂ ਬੀਤਿਆ ?

(ੲ) ਬੁੱਤ-ਤਰਾਸ਼ੀ ਕਰਨ ਵੇਲ਼ੇ ਸ਼ਿਵ ਸਿੰਘ ਕੀ ਮਹਿਸੂਸ ਕਰਦਾ ਸੀ ?

(ਸ) ਕਲਾ ਦੀ ਖੋਜ ਸੰਬੰਧੀ ਸ਼ਿਵ ਸਿੰਘ ਨੂੰ ਕਿਹੜੇ ਦੇਸ ਦੀ ਸਰਕਾਰ ਵੱਲੋਂ ਬੁਲਾਇਆ ਗਿਆ ਅਤੇ ਉੱਥੇ ਆਪ ਨੂੰ ਕਿਹੋ-ਜਿਹਾ ਤਜਰਬਾ ਹਾਸਲ ਹੋਇਆ ?

(ਹ) ਸ਼ਿਵ ਸਿੰਘ ਦੀਆਂ ਕਲਾ-ਪ੍ਰਦਰਸ਼ਨੀਆਂ ਕਿਹੜੇ-ਕਿਹੜੇ ਦੇਸਾਂ ਵਿੱਚ ਲੱਗ ਚੁੱਕੀਆਂ ਹਨ ?

(ਕ) ਪੰਜਾਬ ਅਤੇ ਚੰਡੀਗੜ੍ਹ ਵਿੱਚ ਸ਼ਿਵ ਸਿੰਘ ਦੀ ਕਲਾ ਕਿੱਥੇ ਅਤੇ ਕਿਸ ਰੂਪ ਵਿੱਚ ਦੇਖੀ ਜਾ ਸਕਦੀ ਹੈ ?

(ਖ) ਸ਼ਿਵ ਸਿੰਘ ਨੂੰ ਇੱਕ ਕਲਾਕਾਰ ਵਜੋਂ ਕਿਹੜੇ-ਕਿਹੜੇ ਇਨਾਮ-ਸਨਮਾਨ ਪ੍ਰਾਪਤ ਹੋ ਚੁੱਕੇ ਹਨ ?

2. **ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਵਿਦਮਾਨ | : | ਮੌਜੂਦ |
| ਰੂਪਮਾਨ ਕਰਨਾ | : | ਰੂਪ ਦੇਣਾ, ਤਸਵੀਰ ਪੇਸ਼ ਕਰਨਾ |
| ਆਰਟ-ਟੀਚਰ | : | ਕਲਾ ਸਿਖਾਉਣ ਵਾਲ਼ਾ ਅਧਿਆਪਕ |
| ਸਿਰਜਣਾਤਮਿਕਤਾ | : | ਰਚਨਾ ਕਰਨ ਦੀ ਸਮਰੱਥਾ |
| ਅਨੁਭਵ | : | ਗਿਆਨ ਮਹਿਸੂਸ ਕਰਨ ਦਾ ਭਾਵ |
| ਸਿਰਮੌਰ | : | ਸਰਦਾਰ, ਮੋਹਰੀ, ਪ੍ਰਮੁੱਖ |
| ਪੁਰਸਕ੍ਰਿਤ ਕੀਤਾ | : | ਇਨਾਮ ਦਿੱਤਾ |
| ਗੁਰੇਜ਼ ਕਰਨਾ | : | ਪਰਹੇਜ਼ ਕਰਨਾ, ਟਲ਼ਨਾ, ਭੱਜਣਾ |
| ਵੇਸ | : | ਪਹਿਰਾਵਾ, ਲਿਬਾਸ, ਪੁਸ਼ਾਕ |

3. **ਵਾਕਾਂ ਵਿੱਚ ਵਰਤੋ :**

ਪ੍ਰੇਰਨਾ-ਸ੍ਰੋਤ, ਪ੍ਰਤਿਭਾਸ਼ਾਲੀ, ਨਮੂਨੇ, ਉਤਸ਼ਾਹਿਤ, ਪ੍ਰਗਟਾਵਾ, ਰਹੱਸਮਈ, ਅੰਤਰਰਾਸ਼ਟਰੀ, ਸਿਰਜਣਾ, ਪ੍ਰਥਾ, ਪ੍ਰਕਿਰਤੀ



Downloaded from https:// www.studiestoday.com

Downloaded from https:// www.studiestoday.com

### ਵਿਆਕਰਨ :

ਵਾਕ-ਬੋਧ : ਧੁਨੀ ਭਾਸ਼ਾ ਦੀ ਸਭ ਤੋਂ ਨਿੱਕੀ ਇਕਾਈ ਹੈ। ਧੁਨੀਆਂ ਤੋਂ ਸ਼ਬਦ ਬਣਦੇ ਹਨ ਅਤੇ ਸ਼ਬਦਾਂ ਤੋਂ ਵਾਕ। ਇੱਕ ਖ਼ਾਸ ਤਰਤੀਬ ਵਿੱਚ ਰੱਖੇ ਕੁਝ ਸ਼ਬਦਾਂ ਤੋਂ ਵਾਕ ਬਣਦਾ ਹੈ। ਹਰ ਵਾਕ ਕੋਈ ਭਾਵ ਪ੍ਰਗਟ ਕਰਦਾ ਹੈ। ਵਿਆਕਰਨ ਵਿੱਚ ਵਾਕ, ਭਾਸ਼ਾ ਦੀ ਸਭ ਤੋਂ ਵੱਡੀ ਇਕਾਈ ਹੈ।

ਵਾਕਾਂ ਦੀ ਸ਼੍ਰੇਣੀ-ਵੰਡ ਦੋ ਤਰ੍ਹਾਂ ਨਾਲ਼ ਕੀਤੀ ਜਾਂਦੀ ਹੈ। ਪਹਿਲੀ ਪ੍ਰਕਾਰ ਦੀ ਸ਼੍ਰੇਣੀ-ਵੰਡ ਹੇਠਾਂ ਦਿੱਤੇ ਅਨੁਸਾਰ ਹੈ :

(1) ਸਧਾਰਨ ਵਾਕ (2) ਸੰਜੁਗਤ-ਵਾਕ (3) ਮਿਸ਼ਰਿਤ-ਵਾਕ

(1) ਸਧਾਰਨ-ਵਾਕ : ਜਿਹੜਾ ਵਾਕ ਵੱਖ-ਵੱਖ ਉਪਵਾਕਾਂ ਵਿੱਚ ਨਾ ਵੰਡਿਆ ਜਾ ਸਕੇ ਅਤੇ ਜਿਸ ਵਿੱਚ ਇੱਕ ਉਦੇਸ਼ ਹੋਵੇ ਅਤੇ ਇੱਕ ਹੀ ਕਿਰਿਆ ਹੋਵੇ, ਉਸ ਨੂੰ ਸਧਾਰਨ-ਵਾਕ ਆਖਦੇ ਹਨ, ਜਿਵੇਂ : ਇੱਥੇ ਸ਼ਿਵ ਸਿੰਘ ਦੇ ਪੁਰਖੇ ਖੇਤੀ-ਬਾੜੀ ਦਾ ਕੰਮ ਕਰਦੇ ਸਨ।

(2) ਸੰਜੁਗਤ-ਵਾਕ : ਦੋ ਜਾਂ ਦੋ ਤੋਂ ਵਧੇਰੇ ਉਪਵਾਕ ਵਾਲ਼ਾ ਉਹ ਵਾਕ ਜਿਸ ਦੇ ਸਾਰੇ ਉਪਵਾਕ ਸੁੰਤਤਰ ਹੋਣ ਅਰਥਾਤ ਕੋਈ ਉਪਵਾਕ ਦੂਜੇ ਉੱਤੇ ਆਧਾਰਿਤ ਨਾ ਹੋਵੇ, ਸੰਜੁਗਤ-ਵਾਕ ਕਹਾਉਂਦਾ ਹੈ, ਜਿਵੇਂ : ਵਿੰਗੇ-ਟੇਢੇ ਰੁੱਖ ਉਸ ਨੂੰ ਪਿਆਰੇ ਲੱਗਦੇ ਤੇ ਆਪਣੇ ਆਲ਼ੇ-ਦੁਆਲ਼ੇ 'ਚੋਂ ਉਹ ਕਲਾਮਈ-ਦ੍ਰਿਸ਼ ਢੂੰਡਦਾ ਰਹਿੰਦਾ।

(3) ਮਿਸ਼ਰਿਤ-ਵਾਕ : ਜਦੋਂ ਇੱਕ ਪ੍ਰਧਾਨ ਉਪਵਾਕ ਅਤੇ ਇੱਕ ਜਾਂ ਇੱਕ ਤੋਂ ਵੱਧ ਅਧੀਨ ਉਪਵਾਕ ਮਿਲ਼ ਕੇ ਇੱਕ ਨਵਾਂ ਵਾਕ ਬਣਾਉਣ, ਉਸ ਨੂੰ ਮਿਸ਼ਰਿਤ - ਵਾਕ ਕਿਹਾ ਜਾਂਦਾ ਹੈ, ਜਿਵੇਂ :

- ਜੇ ਪੰਜਾਬ ਦੇ ਇਤਿਹਾਸ ਨੂੰ ਫਰੋਲ਼ੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦਾ ਵਿਰਸਾ ਬਹੁਤ ਅਮੀਰ ਹੈ।

ਇਸ ਪਾਠ ਵਿੱਚੋਂ ਉਪਰੋਕਤ ਤਿੰਨੇ ਕਿਸਮਾਂ ਦੇ ਵਾਕਾਂ ਦੀਆਂ ਦੋ-ਦੋ ਉਦਾਹਰਨਾਂ ਚੁਣੋ।

ਇਸ ਪਾਠ ਵਿੱਚ ਇੱਕ ਬੁੱਤ-ਘਾੜੇ ਕਲਾਕਾਰ ਦਾ ਜ਼ਿਕਰ ਹੈ। ਉਸ ਵਾਂਗ ਕਿਸੇ ਹੋਰ ਕਲਾਕਾਰ ਬਾਰੇ ਆਪਣੇ ਸਕੂਲ ਦੀ ਲਾਇਬ੍ਰੇਰੀ ਵਿੱਚੋਂ ਪੁਸਤਕ ਲੈ ਕੇ ਪੜ੍ਹੋ।



Downloaded from https:// www.studiestoday.com

Downloaded from https:// www.studiestoday.com

ਪਾਠ–23

# ਪਿੰਡ ਦੀ ਘੁਲਾੜੀ

ਚੱਲਦੀ ਘੁਲਾੜੀ ਕਿੰਨੀ ਚੰਗੀ ਲੱਗਦੀ,
ਬਲ਼ਦਾਂ ਦੀ ਜੋੜੀ ਅੱਗੇ–ਅੱਗੇ ਭੱਜਦੀ।
    ਬਲ਼ਦਾਂ ਨੂੰ ਚਾਚਾ, ਚਾਵਾਂ ਨਾਲ਼ ਹੱਕਦਾ,
    ਵੇਲਨੇ 'ਚ ਗੰਨੇ ਦੇਂਦਾ, ਤਾਇਆ ਨਾ ਥੱਕਦਾ।
ਗੰਨਿਆਂ ਦੀ ਭਰੀ 'ਛੱਜਾ' ਗਿਆ ਸੁੱਟ ਕੇ,
ਗੰਨੇ ਘੜੇ ਕਾਮਿਆਂ, ਕਮਾਦੋਂ ਕੱਟ ਕੇ।
    ਬਲ਼ਦਾਂ ਦੇ ਘੁੰਗਰੂ, ਅਵਾਜ਼ਾਂ ਮਾਰਦੇ,
    ਪੀਓ ਰਸ ਮਿੱਠਾ, ਬਜ਼ੁਰਗ ਨੇ ਪੁਕਾਰਦੇ।
ਟ੍ਰਾਲੀ ਉੱਤੋਂ ਭਰੀਆਂ ਉਤਾਰੀਂ 'ਮੋਹਣਿਆਂ',
ਮਿਹਨਤਾਂ ਲਿਆਉਣ ਰੰਗ ਸਦਾ 'ਸੋਹਣਿਆ'।
    'ਕਿਰਪਾ' ਕੜਾਹਿਓਂ, ਮੈਲ਼ ਨੂੰ ਉਤਾਰਦਾ,
    ਤਾਜ਼ਾ–ਤਾਜ਼ਾ ਰਸ, ਪੀਪੇ 'ਚੋਂ ਨਿਤਾਰਦਾ।
ਲੂੰਬੇ ਵਿੱਚੋਂ ਲਾਟ ਆਵੇ ਧੂੰਏਂ–ਰੰਗ ਦੀ,
ਰਾਤ ਦੇ ਹਨੇਰੇ ਕੋਲ਼ੋਂ ਜਿਵੇਂ ਸੰਗਦੀ।
    'ਛਿੰਦਾ' ਝੋਕਾ ਦੇਂਦਾ ਰੱਖੇ, ਖ਼ਿਆਲ ਅੱਗ ਦਾ,
    ਬਾਲਣ ਲਿਆਉਣ ਲਈ, 'ਕੈਲਾ' ਫਿਰੇ ਭੱਜਦਾ।
ਮਿੱਠਾ–ਮਿੱਠਾ ਗੁੜ ਜਿਵੇਂ ਪੌਣੀਂ ਘੁਲ਼ਿਆ,
ਖਾਣ ਲਈ ਆਉਂਦਾ, ਹਰ ਕੋਈ ਤੁਰਿਆ।
    ਪੱਕਦਾ ਕੜਾਹੇ ਗੁੜ, ਖਿੱਚਾਂ ਪਾਂਵਦਾ,
    ਮੱਲੋ–ਮੱਲੀ ਜਾਂਦੇ ਰਾਹੀਆਂ ਨੂੰ ਬੁਲਾਂਵਦਾ।
ਉਂਗਲ਼ੀਆਂ ਚੱਟ ਗੁੜ ਖਾਣ ਸਾਰੇ ਜੀ,
ਭੋਲ਼ੇ–ਭਾਲ਼ੇ ਬਾਲ ਲੱਗਦੇ ਪਿਆਰੇ ਜੀ।
    ਗੁੜ ਖਾਂਦੇ ਭਿੰਨ–ਭੇਦ, ਕੋਈ ਨਾ ਵਿਚਾਰਦਾ,
    ਗੁੜ ਵਾਲ਼ਾ ਚੱਕ ਸਭ ਨੂੰ ਪਿਆਰਦਾ।



Downloaded from https:// www.studiestoday.com

Downloaded from https:// www.studiestoday.com

ਚੱਕ ਵਿੱਚ ਸੱਕਰ, ਬਣਾਵੇ 'ਧਰਮਾ',
ਮੁੱਠੀ-ਮੁੱਠੀ ਵੰਡੇ, ਸਾਰਿਆਂ ਨੂੰ 'ਕਰਮਾ'।
ਪਾਥੇ ਨਾਲ਼ 'ਪ੍ਰੀਤਾ' ਗੁੜ ਨੂੰ ਸੁਆਰਦਾ,
ਗੁੜ-ਚੰਡਣੀ ਦੇ ਨਾਲ਼, ਪੇਸੀਆਂ ਨਿਹਾਰਦਾ।
ਗੁੜ ਦੀਆਂ ਭੇਲੀਆਂ ਬਣਾਉਂਦਾ 'ਕਰਮਾ',
ਸੌਂਫ ਵਾਲ਼ੀ ਟਿੱਕੀ ਦਾ ਮਾਹਰ 'ਧਰਮਾ'।
ਦਿਸੇ ਨਾ ਘੁਲਾੜੀ, ਪਿੰਡ ਯਾਦ ਆਂਵਦਾ,
ਸਾਂਭ ਲਵੋ ਵਿਰਸਾ, ਕਵੀ ਹੈ ਗਾਂਵਦਾ।
ਚੱਲਦੀ ਘੁਲਾੜੀ, ਪਿੰਡ ਲੱਗੇ ਹੱਸਦਾ,
ਪਿੰਡਾਂ ਵਿੱਚ ਦੋਸਤੋ ਪੰਜਾਬ ਵੱਸਦਾ।

## ਪਾਠ-ਅਭਿਆਸ

1. ਦੱਸੋ :

(ੳ) ਘੁਲਾੜੀ ਚੱਲਦੀ ਹੋਈ ਕਿਹੋ-ਜਿਹੀ ਲੱਗਦੀ ਹੈ ?

(ਅ) ਚਾਚਾ ਬਲ਼ਦਾਂ ਨੂੰ ਕੀ ਕਰਦਾ ਹੈ ?

(ੲ) ਖੇਤਾਂ ਵਿੱਚੋਂ ਗੰਨੇ ਦੀਆਂ ਭਰੀਆਂ ਘੁਲਾੜੀ ਤੱਕ ਕਿਵੇਂ ਲਿਆਂਦੀਆਂ ਗਈਆਂ ?

(ਸ) ਗੰਨੇ ਤੋਂ ਕਿਹੜੀਆਂ-ਕਿਹੜੀਆਂ ਚੀਜ਼ਾਂ ਬਣਦੀਆਂ ਹਨ ?

2. ਹੇਠ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ :

(ੳ) ਚੱਲਦੀ ਘੁਲਾੜੀ ਕਿੰਨੀ ਚੰਗੀ ਲੱਗਦੀ,
ਬਲ਼ਦਾਂ ਦੀ ਜੋੜੀ ਅੱਗੇ-ਅੱਗੇ ਭੱਜਦੀ।

(ਅ) ਗੁੜ ਖਾਂਦੇ ਭਿੰਨ-ਭੇਦ, ਕੋਈ ਨਾ ਵਿਚਾਰਦਾ,
ਗੁੜ ਵਾਲ਼ਾ ਚੱਕ ਸਭ ਨੂੰ ਪਿਆਰਦਾ।

3. ਔਖੇ ਸ਼ਬਦਾਂ ਦੇ ਅਰਥ :

ਚੱਕ : ਉਹ ਖੁੱਲਾ ਭਾਂਡਾ ਜਿਸ ਵਿੱਚ ਸੱਕਰ ਬਣਦੀ ਹੈ।

ਪਾਥਾ : ਲੱਕੜ ਦਾ ਸੰਦ ਜਿਸ ਨਾਲ਼ ਚੱਕ ਵਿੱਚੋਂ ਗੁੜ ਨੂੰ ਇਕੱਠਾ ਕਰਨ ਲਈ ਵਰਤਿਆ ਜਾਂਦਾ ਹੈ।

ਪੇਸੀ : ਗੁੜ ਦੀਆਂ ਛੋਟੀਆਂ-ਛੋਟੀਆਂ ਰੋੜੀਆਂ।

ਲੂੰਬਾ : ਚਿਮਨੀ, ਭੱਠੀ ਆਦਿ ਦਾ ਧੂੰਆਂ ਨਿਕਲ਼ਨ ਦੀ ਥਾਂ।



Downloaded from https:// www.studiestoday.com

Downloaded from https:// www.studiestoday.com

ਕਮਾਦ : ਗੰਨੇ ਦੀ ਫ਼ਸਲ।

ਘੁਲਾੜੀ : ਵੇਲਣਾ, ਗੰਨਾ ਪੀੜਨ ਵਾਲ਼ਾ ਇੱਕ ਯੰਤਰ।

4. ਵਾਕਾਂ ਵਿੱਚ ਵਰਤੋ :

ਘੁਲਾੜੀ,ਵਿਰਸਾ, ਭੇਲੀ, ਕਮਾਦ, ਚੱਕ, ਗੁੜ, ਟ੍ਰਾਲੀ, ਘੁੰਗਰੂ।



Downloaded from https:// www.studiestoday.com

Downloaded from https:// www.studiestoday.com

## ਪਾਠ-24

# ਭੂਆ

ਭੂਆ ਨੂੰ ਮਿਲ਼ਿਆਂ ਦਸਾਂ ਤੋਂ ਵਧੀਕ ਵਰ੍ਹੇ ਬੀਤ ਗਏ ਸਨ। ਮੇਰੇ ਵੱਡੇ-ਵਡੇਰਿਆਂ 'ਚੋਂ ਇਹੋ ਇੱਕ ਨਾਂ ਲੈਣ ਜੋਗੀ ਪੁਰਾਣੀ ਬੁੱਢੀ ਬਾਕੀ ਸੀ। ਅੱਜ ਵੀ ਉਹਨਾਂ ਦਿਨਾਂ ਦੀ ਸੁਪਨੇ ਵਾਂਗ ਮਾੜੀ ਜਿਹੀ ਯਾਦ ਬਾਕੀ ਹੈ ਜਦ ਨਿੱਕੇ ਹੁੰਦਿਆਂ ਭੂਆ ਮੈਨੂੰ ਉਂਗਲ਼ੀ ਲਾ ਕੇ, ਪਿਆਰ ਪੁਚਕਾਰ ਕੇ ਸਕੂਲ ਛੱਡਣ ਜਾਂਦੀ ਹੁੰਦੀ ਸੀ ਤੇ ਅੱਧੀ ਛੁੱਟੀ ਵੇਲ਼ੇ ਮੇਰੇ ਲਈ ਮਲ਼ਾਈ ਵਾਲ਼ੇ ਦੁੱਧ ਦਾ ਕੌਲ ਲਿਆਇਆ ਕਰਦੀ ਸੀ।

ਏਸ ਗੱਲ ਨੂੰ ਤੀਹ-ਪੈਂਤੀ ਵਰ੍ਹੇ ਹੋ ਗਏ ਹੋਣੇ ਨੇ।ਇੱਕ-ਇੱਕ ਕਰ ਕੇ ਸਾਰੇ ਉਹ, ਜਿਹੜੇ ਮੈਨੂੰ ਕਾਕਾ, ਪੁੱਤਰ ਆਖਣ ਦਾ ਅਧਿਕਾਰ ਰੱਖਦੇ ਸਨ, ਮੌਤ ਦਾ ਖਾਜਾ ਬਣ ਚੁੱਕੇ ਸਨ ਪਰ ਮੇਰੀ ਭੂਆ 'ਕੰਧੀ ਉੱਤੇ ਰੁੱਖੜਾ', ਬਣੀ ਖੜ੍ਹੀ ਸੀ।

ਹਾਂ, ਤੇ ਮੈਂ ਐਤਕੀਂ ਜਦ ਆਪਣੇ ਇੱਕ ਰਿਸ਼ਤੇਦਾਰ ਦੇ ਮੁੰਡੇ ਦੀ ਸ਼ਾਦੀ 'ਤੇ ਗਿਆ ਤਾਂ ਭੂਆ ਨੂੰ ਮਿਲ਼ਨ ਦੀ ਖ਼ਾਹਸ਼ ਨੂੰ ਮੈਂ ਰੋਕ ਨਾ ਸਕਿਆ, ਭਾਵੇਂ ਕੱਚੀ ਸੜਕੇ ਪੂਰੇ ਪੰਜ ਮੀਲ ਜਾਂਦਿਆਂ ਤੇ ਏਨੇ ਹੀ ਆਉਂਦਿਆਂ ਮੈਨੂੰ ਕੱਢਣੇ ਪੈਣੇ ਸਨ।

ਗਰਮੀ ਦੀ ਰੁੱਤ ਤੇ ਪੇਂਡੂ ਵਿਆਹ। ਸ਼ਹਿਰ ਵਿੱਚ ਰਹਿਣ ਵਾਲ਼ੇ ਬੰਦੇ ਨੂੰ ਜੇ ਦੋ-ਚਾਰ ਡੰਗ ਅਜਿਹੇ ਵਿਆਹਾਂ ਦੀ ਰੋਟੀ ਖਾਣੀ ਪੈ ਜਾਵੇ ਤਾਂ ਚਾਰ ਚੌਕੇ ਸੋਲ਼ਾਂ ਡੰਗ ਹਾਜ਼ਮੇ ਦੇ ਚੂਰਨ ਤੇ ਫੱਕੀਆਂ ਵਰਤੇ ਬਿਨਾਂ ਖ਼ਲਾਸੀ ਨਹੀਂ ਹੁੰਦੀ।

ਚਹੁੰ ਡੰਗਾਂ ਵਿੱਚ ਹੀ ਕੱਚ-ਘਰੜ ਪੂਰੀਆਂ ਤੇ ਹੋਰ ਇਹੋ-ਜਿਹੇ ਨਿਕ-ਸੁਕ ਤੋਂ ਦਿਲ ਭਰ ਗਿਆ। ਜਾਪਣ ਲੱਗਾ ਜਿਵੇਂ ਤਵੇ ਦੇ ਫੁਲਕੇ ਖਾਧਿਆਂ ਜੁਗ ਹੀ ਬੀਤ ਗਿਆ ਹੈ। ਬਥੇਰੀ ਕੋਸ਼ਸ਼ ਕੀਤੀ ਕਿ ਹੋਰ ਨਹੀਂ ਤਾਂ ਇੱਕ-ਅੱਧ ਡੰਗ ਹੀ ਪੂਰੀਆਂ ਤੋਂ ਛੁਟਕਾਰਾ ਮਿਲ਼ੇ। ਕਿਤੋਂ ਦੋ ਫੁਲਕੇ ਤੇ ਦਾਲ਼ ਮਿਲ਼ ਸਕਣ ਪਰ ਅਜਿਹਾ ਹੋਣਾ ਤਾਂ ਧੇਤਿਆਂ ਦੀ ਨੱਕ-ਵੱਢੀ ਹੋਣ ਦੇ ਬਰਾਬਰ ਸੀ।

ਸ਼ੁਕਰ-ਸ਼ੁਕਰ ਕਰ ਕੇ ਦੋ ਰਾਤਾਂ ਕੱਟੀਆਂ ਤੇ ਤੀਜੇ ਦਿਨ ਮੈਂ ਜਾਂਞੀਆਂ ਪਾਸੋਂ ਮਸੇਂ ਮਸੇਂ ਖਹਿੜਾ ਛੁਡਾ ਕੇ ਭੂਆ ਦੇ ਪਿੰਡ ਤੁਰ ਪਿਆ। ਮੈਨੂੰ ਯਾਦ ਸੀ, ਨਿੱਕੇ ਹੁੰਦਿਆਂ ਮੇਰੀ ਭੂਆ ਪਤਲੇ ਫੁਲਕੇ ਚੁੱਲ੍ਹੇ ਵਿੱਚ ਫੁਲਾ ਕੇ ਕਿੱਡੇ ਪਿਆਰ ਨਾਲ਼ ਖੁਆਇਆ ਕਰਦੀ ਸੀ।

ਸਵਾਰੀ ਦਾ ਕੋਈ ਪ੍ਰਬੰਧ ਨਾ ਹੋ ਸਕਿਆ। ਦੁਪਹਿਰਾਂ ਦਾ ਤੁਰਿਆ ਮੈਂ ਸਾਰੇ ਰਾਹ ਘੱਟਾ ਫੱਕਦਾ ਕਿਤੇ ਪੈਲ਼ੀਆਂ ਵਿੱਚੋਂ ਤੇ ਕਿਤੇ ਸੜਕੇ-ਸੜਕੇ, ਸੋਤੇ ਪਏ ਭੂਆ ਦੇ ਪਿੰਡ ਪੁੱਜਾ। ਜਾਨ ਵਿੱਚ ਜਾਨ ਆਈ।

ਜਾਂਦਿਆਂ ਹੀ ਬੜੀ ਗਰਮ-ਜੋਸ਼ੀ ਨਾਲ਼ ਮੈਂ ਭੂਆ ਨੂੰ ਪੈਰੀਂ ਪੈਣਾ ਕੀਤਾ। ਉਸ ਨੇ 'ਜੀਓ ਆਇਆਂ' 'ਸਦਕੇ ਆਇਆਂ' ਆਖਦਿਆਂ ਹੋਇਆਂ ਮੇਰੀ ਪਿੱਠ ਪਲ਼ੋਸੀ ਪਰ ਇਸ ਵਿੱਚੋਂ ਮੈਨੂੰ ਭੂਆ



Downloaded from https:// www.studiestoday.com

Downloaded from https:// www.studiestoday.com

ਦੇ ਪਿਆਰ ਦਾ ਨਿੱਘ ਨਾ ਲੱਭਿਆ। ਅਸਲ ਗੱਲ ਇਹ ਸੀ ਕਿ ਭੂਆ ਨੇ ਮੈਨੂੰ ਪਛਾਤਾ ਹੀ ਨਹੀਂ ਸੀ, ਉਸ ਨੂੰ ਅੰਧਰਾਤੇ ਦੀ ਕਸਰ ਸੀ।

ਜਦ ਉਸ ਦੇ, "ਕਾਕਾ ਕਿੱਥੋਂ ਏਂ ਤੂੰ ?" ਉੱਤਰ ਵਿੱਚ ਮੈਂ ਆਪਣਾ ਨਾਂ ਦੱਸਿਆ ਤਾਂ ਸਾਰੀ ਦੀ ਸਾਰੀ ਭੂਆ ਮੇਰੇ ਦੁਆਲ਼ੇ ਲਿਪਟ ਗਈ। ਉਸ ਨੇ ਮੇਰਾ ਮੱਥਾ ਚੁੰਮਿਆ ਤੇ ਉੱਚੀ ਦੇ ਕੇ ਪੁਕਾਰ ਉੱਠੀ, "ਨੀ ਚੰਨਣ ਕੌਰੇ ! ਕੁੜੇ ! ਆਈਂ ਨੀ, ਭੱਜ ਕੇ। ਨੀ ਮੇਰਾ ......ਸਿੰਘ ਆਇਆ ਈ ਸੁੱਖ ਨਾਲ਼। ਵੇ ਮੁੰਡਿਓ, ਕੁੜੀਓ ! ਤੁਹਾਡਾ ਤਾਇਆ ਆਇਆ ਜੇ।"

ਉਸ ਦੀ ਨੂੰਹ ਭੱਜੀ ਆਈ। ਭੂਆ ਦੇ ਪੋਤਰਿਆਂ, ਪੋਤੀਆਂ ਨੇ ਆਉਂਦੀਆਂ ਹੀ ਮੇਰੇ ਦੁਆਲ਼ੇ ਘੇਰਾ ਘੱਤ ਲਿਆ। ਬਾਲਾਂ ਵਿੱਚੋਂ ਭਾਵੇਂ ਕਿਸੇ ਨੇ ਵੀ ਇਸ ਤੋਂ ਪਹਿਲਾਂ ਮੇਰੀ ਸ਼ਕਲ ਨਹੀਂ ਸੀ ਵੇਖੀ ਪਰ ਦਾਦੀ ਦੀ ਗਵਾਹੀ, 'ਤੁਹਾਡਾ ਤਾਇਆ'ਹੀ ਉਹਨਾਂ ਲਈ ਕਾਫ਼ੀ ਸੀ।

ਭੂਆ ਦੀ ਨੂੰਹ ਮੈਥੋਂ ਛੋਟੇ ਥਾਂ ਸੀ, ਘੁੰਡ ਚੁੱਕਣ ਤੇ ਬੋਲਣ-ਚਾਲਣ ਦੀ ਦਲੇਰੀ ਉਹ ਨਾ ਕਰ ਸਕੀ।

ਮੈਂ ਪੀੜ੍ਹੀ 'ਤੇ ਬੈਠਾ ਸਾਂ, ਭੂਆ ਭੁੰਜੇ ਬੈਠੀ ਦੋਂਹਾਂ ਹੱਥਾਂ ਨਾਲ਼ ਮੇਰੀ ਪਿੱਠ, ਮੇਰਾ ਸਿਰ, ਮੇਰਾ ਮੂੰਹ ਪਿਆਰਦੀ ਹੋਈ ਮੇਰੇ ਘਰ-ਬਾਰ ਦੀ, ਮੇਰੇ ਬਾਲਾਂ, ਮੇਰੀ ਘਰਵਾਲ਼ੀ ਦੀ ਸੁੱਖ-ਸਾਂਦ ਪੁੱਛ ਰਹੀ ਸੀ ਤੇ ਮੇਰੇ ਵੱਲੋਂ ਸਿਰਫ਼ ਇੱਕ ਉੱਤਰ ਘੜੀ-ਮੁੜੀ ਦੁਹਰਾਇਆ ਜਾ ਰਿਹਾ ਸੀ, "ਹਾਂ ਜੀ, ਆਹੋ ਜੀ, ਜੀ।" ਮੈਂ ਉਸ ਵੇਲ਼ੇ ਸੱਚ-ਮੁੱਚ ਆਪਣੇ ਆਪ ਨੂੰ ਦਾੜ੍ਹੀ ਵਾਲ਼ਾ ਕਾਕਾ ਅਨੁਭਵ ਕਰ ਰਿਹਾ ਸੀ।

ਤੇ "ਕੁੜੇ ਉੱਠ ਕੇ ਰੋਟੀ ਟੁੱਕ ਦਾ ਆਹਰ ਕਰ। ਮੁੰਡਾ ਵੱਡੇ ਵੇਲ਼ੇ ਦਾ ਭੁੱਖਾ-ਭਾਣਾ ਹੋਵੇਗਾ", ਕਹਿ ਕੇ ਭੂਆ ਨੇ ਨੂੰਹ ਨੂੰ ਰਸੋਈ ਵੱਲ ਨਸਾਇਆ। ਮੈਂ ਬਥੇਰੀ ਨਾਂਹ-ਨੁੱਕਰ ਕੀਤੀ ਪਰ ਉੱਥੇ ਸੁਣਾਈ ਕਾਹਨੂੰ ਹੋਣੀ ਸੀ।

ਭੁੱਖ ਮੈਨੂੰ ਉੱਕਾ ਨਹੀਂ ਸੀ। ਦੁਪਹਿਰ ਨੂੰ ਜੰਞ ਦੀ ਵਿਦਾਇਗੀ ਵੇਲ਼ੇ ਰੋਟੀ ਤੇ ਉਸ ਤੋਂ ਬਾਅਦ ਕੁਝ ਮਠਿਆਈ ਖਾਣੀ ਪਈ ਸੀ। ਉਸ ਨਾਲ਼ ਤਬੀਅਤ ਢਿੱਕ ਹੋ ਗਈ ਸੀ। ਮੈ ਦਿਲ ਨਾਲ਼ ਫ਼ੈਸਲਾ ਕੀਤਾ ਸੀ ਕਿ ਰਾਤੀਂ ਕੁਝ ਨਹੀਂ ਖਾਵਾਂਗਾ।

'ਓ, ਮੇਰਿਆ ਰੱਬਾ !' ਮੇਰੇ ਅੰਦਰੋਂ ਡਰ ਭਰੀ ਅਵਾਜ਼ ਨਿਕਲ਼ੀ ਜਦੋਂ ਕੁਝ ਚਿਰ ਬਾਅਦ ਮੈਂ ਆਪਣੇ ਅੱਗੇ ਇੱਕ ਨੱਕੋ-ਨੱਕ ਪਰੋਸਿਆ ਥਾਲ਼ ਵੇਖਿਆ... ਚੱਕੀ ਦੇ ਪੁੜ ਜਿੱਡੇ ਦੋ ਪਰੌਂਠੇ, ਜਿਨ੍ਹਾਂ ਵਿੱਚੋਂ ਘਿਓ ਵਗ-ਵਗ ਕੇ ਉਸ ਹਿੱਸੇ ਵਿੱਚ ਰਲ਼ ਰਿਹਾ ਸੀ ਜਿਥੇ ਮੋਟੀਆਂ-ਮੋਟੀਆਂ ਸੇਵੀਆਂ ਦਾ ਇੱਕ ਤਕੜਾ ਅੰਬਾਰ ਉੱਸਰਿਆ ਸੀ ਤੇ ਜਿਸ ਉੱਤੇ ਬੁੱਕ ਸਾਰੀ ਸ਼ੱਕਰ ਦੀ ਤਹਿ ਵਿਛੀ ਹੋਈ ਸੀ।

ਮੈਂ ਸਹਿਮੀ ਨਜ਼ਰ ਨਾਲ਼ ਕਦੇ ਥਾਲ਼ ਵੱਲ ਵੇਖਾਂ ਤੇ ਕਦੇ ਆਪਣੇ ਢਿੱਡ ਵੱਲ – 'ਮੂਸਾ ਮੌਤੋਂ ਭੱਜਿਆ, ਅੱਗੇ ਮੌਤ ਖੜ੍ਹੀ' ਵਾਲ਼ੀ ਗੱਲ ਬਣੀ ਹੋਈ ਸੀ।

ਭਰਜਾਈ ਨੂੰ ਤਾਂ ਮੈਂ ਸੰਗਦੇ ਮਾਰੇ ਕੁਝ ਆਖ ਨਹੀਂ ਸਾਂ ਸਕਦਾ ਤੇ ਭੂਆ ਨੂੰ ਏਸ ਬਾਬਤ ਕੁਝ ਕਹਿਣਾ, ਨਾ ਕਹਿਣਾ ਇੱਕੋ ਜਿਹਾ ਸੀ।

ਭੂਆ ਅੱਗੇ ਮੈਂ ਬਥੇਰੇ ਵਾਸਤੇ ਪਾਵਾਂ, "ਭੂਆ ਜੀ, ਮੈਨੂੰ ਇੱਕ ਗਰਾਹੀ ਦੀ ਵੀ ਭੁੱਖ ਨਹੀਂ,



Downloaded from https:// www.studiestoday.com

Downloaded from https:// www.studiestoday.com

ਮੈਂ ਅੱਗੇ ਹੀ ਜੰਞ ਦੀ ਰੋਟੀ ਖਾਣ ਕਰ ਕੇ ਔਖਾ ਹਾਂ..... ਪਰ ਬਿਨਾਂ ਮੇਰੀ ਗੱਲ ਵੱਲ ਧਿਆਨ ਦਿੱਤਿਆਂ ਭੂਆ ਆਪਣੀਆਂ ਹੀ ਵਾਹੀ ਜਾਵੇ, "ਭਲਾ ਕਾਕਾ, ਇਹ ਹੈ ਕੀ ਏ ? ਹੌਲ਼ੇ-ਹੌਲ਼ੇ ਤੇ ਫੁਲਕੇ ਨੇ। ਖਾ ਲੈ, ਖਾ ਲੈ, ਮਾਂ ਸਦਕੇ !"



"ਤੇ ਭੂਆ ਜੀ ! ਇਹ ਏਨੀਆਂ ਸੇਵੀਂਆਂ ਕੌਣ ਖਾਵੇਗਾ ?" ਮੈਂ ਇੱਕ ਵਾਰੀ ਫੇਰ ਕਿਹਾ। ਉਹ ਬੋਲੀ, "ਖਾ ਲੈ, ਬੀਬਾ ਪੁੱਤ ! ਸੇਵੀਆਂ ਦਾ ਕੀ ਏ, ਇਹ ਤਾਂ ਐਵੇਂ-ਮੂੰਹ ਮਿੱਠਾ ਕਰਨ ਲਈ ਨੇ। ਵੇਖੇਂ ਨਾ ਪੁੱਤ, ਏਥੇ ਬਾਹਰ ਥਾਂਵੇਂ ਕੀ ਪਿਆ ਲੱਭਦਾ ਏ ! ਸ਼ਹਿਰਾਂ, ਨਗਰਾਂ ਦੀ ਕੀ ਗੱਲ ਕਰਨਾ ਏਂ, ਉੱਥੇ ਤੇ ਜੋ ਬੱਤੀਆਂ ਦੰਦਾਂ 'ਚੋਂ ਮੰਗੋ ਮਿਲ਼ ਜਾਂਦਾ ਏ। ਸੱਚ ਕਿਸੇ ਆਖਿਆ ਏ ਅਖੇ 'ਸ਼ਹਿਰ ਵਸੰਦੇ ਦੇਵਤੇ, ਬਾਹਰ ਵਸੰਦੇ ਪ੍ਰੇਤ'। ਏਥੇ ਤੇ ਵੀਰਾ ਇਹੋ ਦਾਲ਼-ਸਾਗ ਈ ਜੁੜਦਾ ਏ। ਤੇਰਾ ਫੁੱਫੜ ਜਿਊਂਦਾ ਸੀ, ਅਸੀਂ ਇੱਕ ਵਾਰੀ ਅੰਬਰਸਰ ਗਏ। ਸਦਕੇ ਜਾਈਏ, ਗੁਰੂ ਦੀ ਨਗਰੀ ਤੋਂ। ਸਬੱਬ ਨਾਲ਼ ਮਹਾਰਾਜ ਦੇ ਦਰਸ਼ਨ ਹੋ ਗਏ, ਘਰਾਂ ਦੇ ਪੁਆੜਿਆਂ 'ਚੋਂ ਕਿੱਥੇ ਕਿਸੇ ਦਾ ਨਿਕਾਲ਼ ਹੁੰਦਾ ਏ। ਇੱਕ ਵਾਰੀ ਮੇਰੀ ਜਿਠਾਣੀ ਦੇ ਫੁੱਲ ਗੰਗਾ ਜੀ ਲਿਜਾਣੇ ਸੀ ਤੇ ਮੈਨੂੰ ਆਖਣ ਲੱਗਾ,"ਸੈਂਕਰ ਦੀ ਮਾਂ, ਕਿਹੜਾ ਰੋਜ਼-ਰੋਜ਼ ਜਾਇਆ ਜਾਂਦਾ ਏ, ਖ਼ਸਮ ਨੂੰ ਖਾਣੀਆਂ ਲੋੜਾਂ ਤੇ ਪੂਰੀਆਂ ਹੁੰਦੀਆਂ ਨਹੀਂ, ਉਹ ਜਾਣੇ, ਤੂੰ ਵੀ ਚਲੀ ਚੱਲ।"ਤੇ ਮੈਂ ਵੀ ਏਸੇ ਸਬੱਬ ਚਲੀ ਗਈ। ਦਿਲ ਤੇ ਬਥੇਰਾ ਕਰਦਾ ਏ ਪਈ ਇੱਕ ਵਾਰੀ ਫੇਰ ਗੰਗਾ ਮਾਈ ਦੇ ਇਸ਼ਨਾਨ ਕਰ ਆਵਾਂ..... ਸੈਂਕਰ ਨੂੰ ਕਿੰਨੀ ਵੇਰਾਂ ਵਾਸਤੇ ਪਾ ਚੁੱਕੀ ਆਂ, ਪਈ ਮੁੰਡਿਆ, ਜਿੱਥੇ ਹੋਰ ਸੈਂਕੜੇ ਖ਼ਰਚਨਾਂ, ਖਾਨਾਂ ਏਂ, ਇਹ ਵੀ ਜਸ ਖੱਟ ਛੱਡ, ਪਰ ਉਹ ਤੇ ਸੁਣਦਾ ਈ ਨਹੀਂ ਮੇਰੀ ਗੱਲ.......... ।

ਭੂਆ ਬਿਨਾਂ ਰੁਕਿਆਂ ਆਪਣੀ ਵਿਆਖਿਆ ਕਰੀ ਜਾ ਰਹੀ ਸੀ, ਤੇ ਏਧਰ ਮੈਂ ਸੋਚ ਰਿਹਾ ਸਾਂ-'ਅੱਗੇ ਜਿਠਾਣੀ ਦੇ ਫੁੱਲ ਲੈ ਕੇ ਗਈ ਸੈਂ, ਹੁਣ ਭਾਵੇਂ ਭਤੀਜੇ ਦੇ ਫੁੱਲਾਂ ਦੀ ਵਾਰੀ ਹੈ।'

ਅਖ਼ੀਰ ਇਹੋ ਸੋਚ ਕੇ ਕਿ ਹੱਛਾ, ਉੱਖਲ਼ੀ ਵਿੱਚ ਸਿਰ ਦਿੱਤਾ, ਹੁਣ ਚਾਰ ਸੱਟਾਂ ਵੱਧ ਕੀ ਤੇ ਚਾਰ ਘੱਟ ਕੀ, ਖਾਣਾ ਸ਼ੁਰੂ ਕੀਤਾ।



Downloaded from https:// www.studiestoday.com

Downloaded from https:// www.studiestoday.com

ਅਜੇ ਦੋ–ਚਾਰ ਬੁਰਕੀਆਂ ਹੀ ਲਾਈਆਂ ਸਨ ਕਿ ਭਰਜਾਈ ਨੇ ਪੰਘਰੇ ਹੋਏ ਘਿਓ ਦਾ ਭਰਿਆ ਹੋਇਆ ਕੌਲ ਲਿਆ ਕੇ ਸੇਵੀਆਂ ਉੱਤੇ ਉਲੱਦ ਦਿੱਤਾ। ਘਿਓ ਸੇਵੀਆਂ ਵਿੱਚੋਂ–ਫਿਰਦਾ ਫਿਰਾਂਦਾ ਸਾਰੇ ਥਾਲ਼ ਵਿੱਚ ਫੈਲ ਗਿਆ ਤੇ ਸੇਵੀਆਂ ਦਾ ਢੇਰ, ਸਮੁੰਦਰ ਵਿੱਚ ਖੜ੍ਹੇ ਇੱਕ ਛੋਟੇ ਜਜ਼ੀਰੇ ਵਾਂਗ ਬਣ ਗਿਆ। ਮੈਂ ਬਥੇਰਾ 'ਨਾ–ਨਾ' ਕਰਦਾ ਰਿਹਾ ਪਰ ਮੇਰੀ ਕੌਣ ਸੁਣਦਾ ਸੀ?

"ਇਸ ਆਪ–ਸਹੇੜੀ ਮੌਤ ਤੋਂ ਕੀਕਣ ਛੁਟਕਾਰਾ ਮਿਲ਼ੇ?", ਬਥੇਰਾ ਸੋਚਿਆ ਪਰ ਕੋਈ ਰਾਹ ਨਾ ਲੱਭਾ। ਪਰੌਂਠੇ ਤਾਂ ਖ਼ੈਰ ਦੋ ਨਹੀਂ ਤਾਂ ਡੇਢ ਕੁ ਮੈ ਕਿਸੇ ਤਰ੍ਹਾਂ ਤੁੰਨ–ਤੁੰਨ ਕੇ ਲੰਘਾ ਲਏ ਪਰ ਸੇਵੀਆਂ ਦਾ ਕੀ ਬਣੇ? ਸਲਾਹ ਹੋਈ ਕਿ ਭੂਆ ਨੂੰ ਦਿਸਦਾ ਤੇ ਹੈ ਨਹੀਂ, ਹੋਵੇ ਨਾ ਤਾਂ ਇੱਕ ਦੋ ਰੁੱਗ ਭਰ ਕੇ ਕਿਸੇ ਬੰਨੇ ਸੁੱਟ ਹੀ ਛੱਡਾਂ, ਕੁਝ ਤਾਂ ਭਾਰ ਹੌਲ਼ਾ ਹੋਵੇ ਪਰ ਉਸ ਅੱਖਾਂ ਵਾਲ਼ੀ ਕਮਬਖ਼ਤ ਭਰਜਾਈ ਦਾ ਕੀ ਕਰਦਾ, ਜਿਹੜੀ ਘਿਓ ਦਾ ਕੌਲ ਖ਼ਾਲੀ ਕਰਨ ਤੋਂ ਬਾਅਦ ਟੋਕਰੇ ਵਰਗਾ ਮੂੰਹ ਲੁਕਾਈ ਮੇਰੇ ਲਾਗੇ ਪਥੱਲਾ ਮਾਰ ਕੇ ਬੈਠੀ ਸੀ।

ਚਿੜੀ–ਚੋਗੇ ਵਾਂਗ ਮੈਂ ਇੱਕ–ਇੱਕ ਸੇਵੀਂ ਮੂੰਹ ਵਿੱਚ ਪਾ ਕੇ, ਚਿੱਥ–ਚਿੱਥ ਕੇ ਲੰਘਾਉਣ ਦੀ ਕੋਸ਼ਸ਼ ਕਰ ਰਿਹਾ ਸਾਂ ਕਿ ਭਰਜਾਈ ਦੇ ਦਿਲ ਵਿੱਚ ਖ਼ਬਰੇ ਤਰਸ ਆ ਗਿਆ। ਉਹ ਉੱਠ ਕੇ ਅੰਦਰ ਚਲੀ ਗਈ ਤੇ ਮੈਂ ਕਾਹਲ਼ੀ ਨਾਲ਼ ਸੱਜੇ–ਖੱਬੇ ਤੱਕਿਆ ਕਿ ਕਿਹੜੇ ਪਾਸੇ ਰੁੱਗ ਸੁੱਟਾਂ। ਪਿਛਲੀ ਕੰਧ ਦੀ ਨੁੱਕਰੇ ਇੱਕ ਤੰਦੂਰ ਲੱਗਾ ਹੋਇਆ ਸੀ; ਮੈਂ ਸੋਚਿਆ – ਇਹੋ ਠੀਕ ਹੈ। ਰਾਤ ਨੂੰ ਕਿਤੇ ਮੌਕਾ ਮਿਲ਼ਿਆ ਤਾਂ ਸੁਆਹ ਨੂੰ ਹੇਠਾਂ–ਉਤਾਂਹ ਕਰ ਕੇ ਢੱਕ ਛੱਡਾਂਗਾ, ਬੱਸ।

ਤੇ ਮੈਂ ਦਿਲ ਪੀਡਾ ਕਰ ਕੇ ਜਿੰਨੀਆਂ ਕੁ ਸੇਵੀਂਆਂ ਮੇਰੀ ਲੱਪ ਵਿੱਚ ਆ ਸਕਦੀਆਂ ਸਨ, ਰੁੱਗ ਭਰ ਲਿਆ। ਹੱਥ ਪਿਛਾਂਹ ਲੈ ਜਾਣ ਲਈ ਥਾਲ਼ੀ ਤੋਂ ਚੁੱਕਿਆ ਹੀ ਸੀ ਕਿ ਫਿਰ ਓਹੀ ਭਾਬੀ ਸਿਰ 'ਤੇ ਆ ਧਮਕੀ ਤੇ ਬਿਨਾਂ ਪੁੱਛਿਆਂ ਇੱਕ ਹੋਰ ਪਰੌਂਠਾ ਥਾਲ਼ੀ ਵਿੱਚ ਦੇ ਮਾਰਿਆ।

ਸੇਵੀਆਂ ਮੁੜ ਥਾਲ਼ੀ ਦੇ ਹਵਾਲ਼ੇ ਕਰ ਕੇ ਮੈਂ ਹੱਥ–ਪੈਰ ਛੱਡ ਬੈਠਾ, 'ਹੁਣ ਖ਼ੈਰ ਨਹੀਂ।'

ਅੱਧ–ਪਚੱਧਾ ਮੁਕਾ ਕੇ ਕਿਸੇ ਤਰ੍ਹਾਂ ਇਸ ਕਾਲ਼ ਰੂਪੀ ਥਾਲ਼ ਤੋਂ ਮੇਰੀ ਖ਼ਲਾਸੀ ਹੋਈ ਪਰ ਹੁਣ ਏਥੋਂ ਉੱਠ ਕੇ ਮੰਜੇ ਤੀਕ ਜਾਣ ਦੀ ਹਿੰਮਤ ਬਾਕੀ ਨਹੀਂ ਸੀ। ਪੇਟ ਪਾਟਣ ਵਾਲ਼ਾ ਹੋ ਰਿਹਾ ਸੀ, ਸਾਹ ਨਾਲ਼ ਸਾਹ ਨਹੀਂ ਸੀ ਰਲ਼ਦਾ।

ਅਖ਼ੀਰ ਕਿਸੇ ਤਰ੍ਹਾਂ ਇਹ ਮੁਹਿੰਮ ਵੀ ਪੂਰੀ ਹੋਈ ਤੇ ਮੈਂ ਵਿਹੜੇ ਵਿੱਚ ਵਿਛੇ ਹੋਏ ਬਿਸਤਰੇ 'ਤੇ ਜਾ ਢੱਠਾ। ਘੜੀ–ਮੁੜੀ ਆਪਣੇ–ਆਪ ਨੂੰ ਫਿਟਕਾਰਦਾ ਸਾਂ ਕਿ ਮੈਂ ਜੇ ਮਰਨਾ ਹੀ ਸੀ ਤਾਂ ਘਰ ਜਾ ਕੇ ਕਿਉਂ ਨਾ ਮਰਨ ਦਾ ਇੰਤਜ਼ਾਮ ਕੀਤਾ?

ਅੱਕਲ਼ਕਾਂਦ 'ਚ ਜਾਨ ਆ ਗਈ। ਸੱਜਿਓਂ–ਖੱਬੇ ਤੇ ਖੱਬਿਓਂ–ਸੱਜੇ ਉੱਸਲ਼ਵੱਟੇ ਲੈਂਦਾ ਸਾਂ ਪਰ ਕਿਸੇ ਪਾਸੇ ਵੀ ਚੈਨ ਨਹੀਂ ਸੀ ਆਉਂਦਾ। ਅਫਰੇਵਾਂ ਵਧਦਾ ਜਾ ਰਿਹਾ ਸੀ ਤੇ ਉੱਤੋਂ ਆਖ਼ਰਾਂ ਦਾ ਵੱਟ। ਮੁੜ੍ਹਕਾ ਵਗ–ਵਗ ਕੇ ਵਿਛਾਈ ਭਿਓਂ ਰਿਹਾ ਸੀ। ਪੱਖੀ ਮੇਰੇ ਕੋਲ਼ ਪਈ ਸੀ ਪਰ ਫੜ ਕੇ ਝੱਲਣ ਦੀ ਹਿੰਮਤ ਨਹੀਂ ਸੀ।

ਅੱਧਾ–ਪੌਣਾ ਘੰਟਾ ਮੱਛੀ ਵਾਂਗ ਤੜਫਦਿਆਂ ਹੋਰ ਬਰਦਾਸ਼ਤ ਕਰਨ ਦੀ ਹਿੰਮਤ ਨਾ ਰਹੀ। ਉੱਠ ਕੇ ਬੈਠ ਗਿਆ ਤੇ ਸੋਚਣ ਲੱਗਾ ਕਿ ਜੇ ਕੋਈ ਮੁੰਡਾ–ਕੁੜੀ ਜਾਗਦਾ ਹੋਵੇ ਤਾਂ ਉਸ ਨੂੰ ਆਖ ਕੇ ਥੋੜ੍ਹੀ ਜਵੈਣ ਹੀ ਮੰਗ ਵੇਖਾਂ। ਤਦੇ ਹੀ ਲੰਮਾ ਘੁੰਡ ਕੱਢੀ ਭਰਜਾਈ ਆ ਗਈ। ਮੇਰੀ ਮੌਤ ਵਿੱਚ ਜਿਹੜੀ ਰੱਤੀ–ਮਾਸਾ ਕਸਰ ਬਾਕੀ ਸੀ, ਸ਼ਾਇਦ ਉਹ ਉਸ ਨੂੰ ਪੂਰਾ ਕਰਨ ਆਈ ਸੀ। ਉਸ ਦੇ ਹੱਥ ਵਿੱਚ ਕੰਢਿਆਂ ਤੀਕ ਭਰਿਆ ਹੋਇਆ ਦੁੱਧ ਦਾ ਛੰਨਾ ਸੀ।



Downloaded from https:// www.studiestoday.com

Downloaded from https:// www.studiestoday.com

ਭਰਜਾਈ ਦੀ ਥਾਂ ਜੇ ਕਦੇ ਇਸ ਵੇਲ਼ੇ ਮੇਰੀ ਵਹੁਟੀ ਹੁੰਦੀ ਤਾਂ ਇਹੋ ਸੜਦੇ-ਸੜਦੇ ਦੁੱਧ ਦਾ ਛੰਨਾ ਖੋਹ ਕੇ ਉਸ ਦੇ ਮੂੰਹ 'ਤੇ ਚੁੱਕ ਮਾਰਦਾ ਪਰ ਕਰਦਾ ਕੀ, ਉਹ ਸੀ ਹੀ ਭਰਜਾਈ ਤੇ ਫਿਰ ਭੂਆ ਦੀ ਨੂੰਹ ਜਿਸ ਨਾਲ਼ ਨਾ ਬੋਲ ਨਾ ਚਾਲ।

ਇੱਕ ਵੇਰੀ ਇਨਕਾਰ, ਦੂਜੀ ਵੇਰੀ, ਤੀਜੀ ਵੇਰੀ ਪਰ ਭਰਜਾਈ ਨੇ ਬੋਲਣਾ ਥੋੜ੍ਹਾ ਸੀ : ਹੱਥ ਵਿੱਚ ਕਟੋਰਾ ਲਈ ਜਿਉਂ ਦੀ ਤਿਉਂ ਖੜ੍ਹੀ ਰਹੀ, ਬੜੀ ਮੁਸੀਬਤ ਬਣੀ।

ਜਦ ਕੋਈ ਪੇਸ਼ ਨਾ ਗਈ ਤਾਂ ਮੈਨੂੰ ਇੱਕ ਵਿਓਂਤ ਸੁੱਝੀ। ਮੈਂ ਕਟੋਰਾ ਲੈ ਪੈਂਦ ਵੱਲੋਂ ਖੇਸ ਚੁੱਕ ਕੇ ਉੱਥੇ ਟਿਕਾਉਂਦਿਆਂ ਹੋਇਆਂ ਕਿਹਾ, "ਮੈਨੂੰ ਠੰਢਾ ਪੀਣ ਦੀ ਆਦਤ ਹੈ।"

ਉਹ ਸ਼ਾਇਦ ਆਪਣੇ ਜੇਠ ਨੂੰ ਏਨੀ ਖੇਚਲ਼ ਨਹੀਂ ਸੀ ਦੇਣੀ ਚਾਹੁੰਦੀ ਜਾਂ ਖ਼ਬਰੇ ਇਹ ਖ਼ਿਆਲ ਕਰ ਕੇ ਕਿ ਜੇਠ ਜੀ ਦੁੱਧ ਪੀਣ ਲਈ ਬਹੁਤ ਉਤਾਵਲੇ ਹੋਣਗੇ, ਭੱਜ ਕੇ ਗੜਵੀ ਚੁੱਕ ਲਿਆਈ ਤੇ ਫੈਂਟ-ਫੈਂਟ ਕੇ ਠੰਢਾ ਕਰਨ ਲੱਗੀ।

ਛੰਨਾ ਫੇਰ ਮੇਰੇ ਹੱਥ ਵਿੱਚ। ਖ਼ਿਆਲ ਸੀ ਸ਼ਾਇਦ ਫੜਾ ਕੇ ਤੁਰਦੀ ਬਣੇਗੀ ਪਰ ਸੱਸ ਨੇ ਸ਼ਾਇਦ ਉਸ ਨੂੰ ਚਿਤਾਵਨੀ ਕਰ ਕੇ ਭੇਜਿਆ ਸੀ ਕਿ ਖ਼ਾਲੀ ਛੰਨਾ ਲੈ ਕੇ ਮੁੜੇ।

ਇਸ ਵੇਲ਼ੇ ਜੇ ਕਦੇ ਉਸ ਛੰਨੇ ਦੀ ਥਾਂ ਮੈਨੂੰ ਕੋਈ ਸੰਖੀਏ ਦੀ ਗੋਲ਼ੀ ਦੇ ਦੇਂਦਾ ਤਾਂ ਨਿਸਚੇ ਹੀ ਮੈਂ ਉਸ ਨੂੰ ਇਸ ਤੋਂ ਤਰਜੀਹ ਦੇਂਦਾ।

ਇੱਕ ਘੁੱਟ, ਦੋ ਘੁੱਟ, ਚਾਰ ਘੁੱਟ ਪਰ ਕੀ ਏਸ ਤਰ੍ਹਾਂ ਇਹ ਛੱਪੜ ਜਿੱਡਾ ਛੰਨਾ ਮੁੱਕਣ ਵਾਲ਼ਾ ਸੀ ?

'ਖ਼ਸਮ ਨੂੰ ਖਾ ਗਿਆ ਇਹੋ-ਜਿਹਾ ਸੰਕੋਚ, ਮੇਰੀ ਨਹੀਂ ਸਲਾਹ ਹਾਲੇ ਮਰਨ ਦੀ।' ਦਿਲ ਵਿੱਚ ਇਹ ਸੋਚ ਕੇ ਮੈਂ 'ਬੱਸ' ਕਹਿੰਦਿਆਂ ਹੋਇਆਂ ਛੰਨਾ ਉਸ ਵੱਲ ਵਧਾਇਆ ਪਰ ਉਹ ਫੜਨ ਦੀ ਬਜਾਏ ਇੱਕ-ਦੋ ਕਦਮ ਪਿਛਾਂਹ ਹਟ ਗਈ। 'ਹੱਛਾ, ਜ਼ਰਾ ਠਹਿਰ ਕੇ ਪੀਆਂਗਾ।' ਕਹਿ ਕੇ ਮੈਂ ਛੰਨਾ ਜਾਣ-ਬੁੱਝ ਕੇ ਮੰਜੇ ਦੀ ਪੈਂਦ ਵੱਲ ਹੀਂਹ ਤੇ ਰੱਖ ਦਿੱਤਾ। ਹੀਂਹ ਇੰਨੀ ਚੌੜੀ ਨਹੀਂ ਸੀ ਕਿ ਇਸ ਪਰਾਤ ਜਿੱਡੇ ਛੰਨੇ ਨੂੰ ਝੱਲ ਸਕਦੀ। 'ਠੰਨ'ਕਰਦਾ ਛੰਨਾ ਭੁੰਜੇ ਜਾ ਪਿਆ ਤੇ ਦੁੱਧ ਡੁੱਲ੍ਹ ਗਿਆ।

"ਉਹੋ !" ਕਹਿ ਕੇ ਮੈਂ ਛੰਨਾ ਭੁੰਜਿਓਂ ਚੁੱਕਿਆ ਤੇ ਭਰਜਾਈ ਨੇ ਝੱਟ ਮੇਰੇ ਹੱਥੋਂ ਫੜ ਲਿਆ।

"ਕੀ ਹੋਇਆ, ਕੁੜੇ ?" ਕਹਿੰਦੀ ਹੋਈ ਭੂਆ ਆਪਣੀ ਡੰਗੋਰੀ ਖੜਕਾਉਂਦੀ ਮੇਰੇ ਪਾਸ ਆ ਪੁੱਜੀ।

"ਕੁਝ ਨਹੀਂ, ਦੁੱਧ ਡੁੱਲ੍ਹ ਗਿਆ ਏ", ਨੂੰਹ ਨੇ ਸ਼ਰਮਿੰਦਗੀ ਭਰੀ ਨੀਵੀਂ ਅਵਾਜ਼ ਵਿੱਚ ਕਿਹਾ।

"ਤੇ ਫੇਰ ਕੀ ਹੋਇਆ, ਦੁੱਧ ਦਾ ਕਾਲ਼ ਏ ? ਜਾਹ ਹੋਰ ਲੈ ਆ ਜਾ ਕੇ", ਕਹਿੰਦੀ ਹੋਈ ਭੂਆ ਮੇਰੇ ਕੋਲ਼ ਆ ਬੈਠੀ, "ਮੈਂ ਆਖਿਆ ਦੋ ਘੜੀਆਂ ਬਹਿ ਕੇ ਦੁੱਖ-ਸੁੱਖ ਦੀਆਂ ਗੱਲਾਂ ਕਰਾਂਗੀ ਫਿਰ ਸੋਚਿਆ ਥੱਕਿਆ ਹੋਵੇਗਾ, ਕਾਹਨੂੰ ਔਖਿਆਂ ਕਰਾਂ ਸੂ, 'ਰਮਾਣ ਕਰ ਲਵੇ ਦੋ ਘੜੀਆਂ।"

ਮੈਂ ਦਿਲ ਵਿੱਚ ਆਖਿਆ, 'ਭੂਆ, ਹੁਣ ਤੂੰ ਜ਼ਰੂਰ ਹਰਿਦੁਆਰ ਦਾ ਇਸ਼ਨਾਨ ਕਰਵਾਏਂਗੀ।' ਇਸ ਵੇਲ਼ੇ ਨੂੰਹ ਨੇ ਆ ਕੇ ਸੱਸ ਦੇ ਕੰਨ ਵਿੱਚ ਕੁਝ ਕਿਹਾ ਤੇ ਭੂਆ ਨੇ ਗੁੱਸੇ ਨਾਲ਼ ਉੱਤਰ ਦਿੱਤਾ, "ਕੀ ਆਖਿਆ ਈ ਜਾਗ ਲਾ ਛੱਡੀ ਏ ? ਸਾਰੇ ਨੂੰ ਈ ? ਹਾਏ, ਹਾਏ ਰੱਬਾ ! ਮੈਂ ਕਿਹੀ ਸੜ ਗਈ ਆਂ ਏਸ ਹੱਥੋਂ। ਸਾਰੇ ਦੁੱਧ ਨੂੰ ਕਾਹਨੂੰ ਜਾਗ ਫੂਕਣੀ ਸੀ। ਮੁੰਡਾ ਵਿਚਾਰਾ ਹੁਣ ਝਾਟਾ ਮੇਰਾ ਪੀਵੇਗਾ ? ਸਵੇਰ ਦਾ ਭੁੱਖਾ-ਭਾਣਾ ! ਸੰਧਿਆ ਵੇਲ਼ੇ ਦੇ ਦੋ ਫੁਲਕੇ ਖਾਧੇ ਸੂ, ਉੱਤੋਂ ਸੋਤਾ ਪਿਆ ਏ। ਇਹਨੇ



Downloaded from https:// www.studiestoday.com

Downloaded from https:// www.studiestoday.com

ਵਿਚਾਰੇ ਨੇ ਕੋਈ ਰੋਜ਼-ਰੋਜ਼ ਆਉਣਾ ਸੀ ਸਾਡੇ ਘਰ ? ਜਾਹ ਜਾ ਕੇ ਰਾਮੇ ਕਿਆਂ ਦੇ ਘਰੋਂ ਦੁੱਧ ਦਾ ਛੰਨਾ ਲੈ ਆ।"

"ਨਾ ਭੂਆ ਜੀ, ਤੁਹਾਨੂੰ ਮੇਰੇ ਸਿਰ ਦੀ ਸਹੁੰ, ਜੇ ਦੁੱਧ ਨੂੰ ਭੇਜੋ", ਮੈਂ ਤਰਲੇ ਨਾਲ਼ ਕਿਹਾ।

"ਲੈ ਹੋਰ ਸੁਣ", ਭੂਆ ਪਿਆਰ ਭਰੀ ਘੁਰਕੀ ਨਾਲ਼ ਬੋਲੀ, "ਇਹ ਵੀ ਕੋਈ ਰਾਹ ਏ। ਸਵੇਰ ਦਾ ਭੁੱਖਣ-ਭਾਣਾ। ਮਾਂ ਸਦਕੇ! ਸ਼ਰਮ ਕਿਹੜੀ ਗੱਲ ਦੀ ਕਰਨੀ ਹੋਈ। ਇਹ ਕੋਈ ਬਗਾਨਾ ਘਰ ਏ? ਮੈਂ ਤੇ ਸਹਿਕ-ਸਹਿਕ ਕੇ ਲਿਆ ਸੀ ਤੈਨੂੰ। ਤਿੰਨਾਂ ਘਰਾਂ ਵਿੱਚੋਂ ਤੂੰਹੀਓਂ ਤੇ ਵੱਡਿਆਂ ਦੀ ਨਿਸ਼ਾਨੀ ਏਂ। ਪੁੱਤਰ, ਕਿਹੜੇ-ਕਿਹੜੇ ਜਫ਼ਰ ਨੇ ਜਿਹੜੇ ਤੈਨੂੰ ਲੈਣ ਲਈ ਅਸੀਂ ਨਹੀਂ ਜਾਲ਼ੇ ਹੋਣੇ ?"

ਤੇ ਭੂਆ ਬੋਲਦੀ ਗਈ....... ਮੇਰੇ ਕੰਨ ਭੂਆ ਦੀਆਂ ਗੱਲਾਂ ਵੱਲ ਸਨ ਪਰ ਧਿਆਨ ਬੂਹੇ ਵੱਲ ਸੀ।

ਭਰਜਾਈ ਆ ਗਈ ਤੇ ਮੈਂ ਰੱਬ ਦਾ ਸ਼ੁਕਰ ਕੀਤਾ, ਖ਼ਾਲੀ ਕਟੋਰਾ ਉਸ ਦੇ ਹੱਥ ਵਿੱਚ ਸੀ ਤੇ ਸੱਸ ਨੂੰ ਬੜੀ ਨਿਰਾਸ ਅਵਾਜ਼ ਵਿੱਚ ਕਹਿਣ ਲੱਗੀ, "ਉਹਨਾਂ ਦੀ ਤੇ ਅੱਜ ਕੱਟੀ ਚੁੰਘ ਗਈ ਏ।"

ਸੁਣਦਿਆਂ ਸਾਰ ਭੂਆ ਬੋਲ ਉੱਠੀ, "ਬੱਸ! ਲੱਗ ਗਈ ਅੱਗ ਹੁਣ ਸਾਰੇ ਪਿੰਡ ਨੂੰ! ਓਹੀਓ ਦੁੱਧ ਜਿਹਨੂੰ ਕੁੱਤੇ ਨਹੀਂ ਕਬੂਲਦੇ, ਅੱਜ ਕਾਲ਼ ਪੈ ਗਿਆ ਏ। ਮੁੰਡਾ ਆਖੇਗਾ ਕਿਹੇ ਚੰਦਰੇ ਘਰ ਆ ਵੜਿਆਂ ਵਾਂ ਜੋ ਦੁੱਧ ਦੀ ਛਿੱਟ ਵੀ ਨਹੀਂ ਜੁੜਦੀ।"

ਤੇ ਉਹ ਸ਼ਰਮਿੰਦਗੀ ਤੇ ਰਹਿਮ ਭਰੇ ਭਾਵਾਂ ਨਾਲ਼ ਮੇਰੀ ਪਿੱਠ ਦੇ ਉੱਤੇ ਹੱਥ ਫੇਰਦੀ ਹੋਈ ਬੋਲੀ, "ਤੇ ਕਾਕਾ ਭੁੱਖਾ ਈ ਸਵੇਂਗਾ ਹੁਣ ? ਹਾਏ, ਮਾਂ ਸਦਕੇ! ਕਿਹਾ 'ਰਮਾਣ ਪਿਆ ਲੱਗਦਾ ਏ ਮੈਨੂੰ।"

ਪਰ ਮੈਂ ਭੁੰਜੇ ਡੁੱਲ੍ਹੇ ਹੋਏ ਦੁੱਧ ਵੱਲ ਤੱਕਦਾ ਹੋਇਆ ਦਿਲ ਵਿੱਚ ਕਹਿ ਰਿਹਾ ਸਾਂ, 'ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜਾਬੋਂ ਛੁੱਟੀ।'

## ਪਾਠ-ਅਭਿਆਸ

1. ਦੱਸੋ :

(ੳ) ਲੇਖਕ ਨੂੰ ਤੀਹ-ਪੈਂਤੀ ਵਰ੍ਹੇ ਪਹਿਲਾਂ ਭੂਆ ਦੀਆਂ ਕਿਹੜੀਆਂ ਗੱਲਾਂ ਯਾਦ ਸਨ ?

(ਅ) ਲੇਖਕ ਭੂਆ ਦੇ ਪਿੰਡ ਕਿਉਂ ਗਿਆ ?

(ੲ) ਭੂਆ ਨੇ ਆਪਣੇ ਭਤੀਜੇ ਲਈ ਮੋਹ ਕਿਵੇਂ ਪ੍ਰਗਟ ਕੀਤਾ ?

(ਸ) 'ਅੱਗੇ ਜਿਠਾਣੀ ਦੇ ਫੁੱਲ ਲੈ ਕੇ ਗਈ ਸੈਂ, ਹੁਣ ਭਾਵੇਂ ਭਤੀਜੇ ਦੇ ਫੁੱਲਾਂ ਦੀ ਵਾਰੀ ਹੈ।' ਇਹ ਗੱਲ ਭਤੀਜੇ ਨੇ ਕਿਉਂ ਸੋਚੀ ?

(ਹ) 'ਭਲਾ ਹੋਇਆ ਮੇਰਾ ਚਰਖਾ ਟੁੱਟਾ ਜਿੰਦ ਅਜਾਬੋਂ ਛੁੱਟੀ', ਇਸ ਕਹਾਵਤ ਦਾ ਕੀ ਅਰਥ ਹੈ ? ਇਸ ਕਹਾਣੀ ਵਿੱਚ ਇਹ ਕਿਸ ਨੇ ਆਖੀ ਅਤੇ ਕਿਉਂ ?

(ਕ) ਇਸ ਕਹਾਣੀ ਵਿੱਚ ਲੇਖਕ ਨੂੰ ਖਾਣ-ਪੀਣ ਦੀਆਂ ਚੀਜ਼ਾਂ ਤੋਂ ਏਨਾ ਡਰ ਕਿਉਂ ਲੱਗਦਾ ਹੈ ?



Downloaded from https:// www.studiestoday.com

Downloaded from https:// www.studiestoday.com

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਸੋਤੇ ਪਏ | : | ਸੌਣ ਵੇਲ਼ੇ |
| ਧੇਤਿਆਂ ਦੀ | : | ਧੀ ਵਾਲ਼ਿਆਂ ਦੀ, ਧੀ ਦੇ ਮਾਪਿਆਂ ਦੀ |
| ਅੰਧਰਾਤਾ | : | ਇੱਕ ਰੋਗ ਜਿਸ ਵਿੱਚ ਰਾਤ ਨੂੰ ਕੁਝ ਨਹੀਂ ਦਿਸਦਾ |
| ਆਹਰ | : | ਕੰਮ, ਧੰਦਾ, ਰੁਝੇਵਾਂ |
| ਤਬੀਅਤ ਚਿੱਕ ਹੋ ਗਈ | : | ਮਨ ਖ਼ਰਾਬ ਹੋ ਗਿਆ |
| ਅੰਬਾਰ | : | ਢੇਰ |
| ਬਾਬਤ | : | ਬਾਰੇ, ਸੰਬੰਧ ਵਿੱਚ |
| ਗਰਾਹੀ | : | ਬੁਰਕੀ, ਰੋਟੀ ਦਾ ਟੁਕੜਾ ਜੋ ਇੱਕੋ ਵਾਰੀ ਮੂੰਹ ਵਿੱਚ ਪਾਇਆ ਜਾਵੇ। |
| ਅੰਬਰਸਰ | : | ਅੰਮ੍ਰਿਤਸਰ |
| ਸਬੱਬ ਨਾਲ਼ | : | ਸੁਭਾਵਿਕ ਹੀ, ਅਚਾਨਕ ਹੀ |
| ਪੁਆੜੇ | : | ਝਗੜੇ |
| ਕਮਬਖ਼ਤ | : | ਬਦਨਸੀਬ, ਭਾਗਹੀਣ |
| ਪਥੱਲਾ ਮਾਰ ਕੇ | : | ਚੌਂਕੜੀ ਮਾਰ ਕੇ |
| ਲੱਪ | : | ਇੱਕ ਹੱਥ ਦਾ ਰੁੱਗ |
| ਕਾਲ਼-ਰੂਪੀ | : | ਮੌਤ-ਰੂਪੀ |
| ਖ਼ਲਾਸੀ | : | ਛੁਟਕਾਰਾ, ਮੁਕਤੀ |
| ਇੰਤਜ਼ਾਮ | : | ਪ੍ਰਬੰਧ, ਬੰਦੋਬਸਤ |
| ਖੇਚਲ਼ | : | ਕਸ਼ਟ, ਤਕਲੀਫ਼ |
| ਉਤਾਵਲੇ | : | ਕਾਹਲ਼ੇ, ਤੇਜ਼, ਬੇਸਬਰੇ |
| ਤਰਜੀਹ ਦੇਣੀ | : | ਪਹਿਲ ਦੇਣੀ |
| ਸੰਕੋਚ | : | ਸੰਗ, ਸ਼ਰਮ, ਝਿਜਕ |
| ਤਾਣ | : | ਬਲ, ਤਾਕਤ |
| ਹੀਂਹ | : | ਮੰਜੀ ਦੀ ਬਾਹੀ |
| ਸੰਧਿਆ ਵੇਲ਼ੇ | : | ਸੰਝ, ਤਕਾਲ਼ਾਂ ਵੇਲ਼ੇ |
| ਘੁਰਕੀ | : | ਨਰਾਜ਼ਗੀ ਦੀ ਨਜ਼ਰ, ਡਰਾਵਾ, ਧਮਕੀ |

3. ਵਾਕਾਂ ਵਿੱਚ ਵਰਤੋ :

ਖ਼ਾਹਸ਼, ਭੁੱਖਾ-ਭਾਣਾ, ਸਦਕੇ ਜਾਣਾ, ਜਸ ਖੱਟਣਾ, ਅੱਧ-ਪਚੱਧਾ, ਮੁਹਿੰਮ, ਮੱਛੀ ਵਾਂਗ ਤੜਫਣਾ, ਬਰਦਾਸ਼ਤ ਕਰਨਾ, ਚਿਤਾਵਨੀ, ਜ਼ਫ਼ਰ ਜਾਲਣੇ।

ਵਿਆਕਰਨ :

ਪਿਛਲੇ ਪਾਠ ਵਿੱਚ ਤੁਸੀਂ ਵਾਕਾਂ ਦੀ ਇੱਕ ਪ੍ਰਕਾਰ ਦੀ ਸ਼੍ਰੇਣੀ-ਵੰਡ ਪੜ੍ਹੀ ਹੈ। ਵਾਕ ਦੀ ਦੂਜੀ



Downloaded from https:// www.studiestoday.com

Downloaded from https:// www.studiestoday.com

ਪ੍ਰਕਾਰ ਦੀ ਸ਼੍ਰੇਣੀ-ਵੰਡ ਹੇਠਾਂ ਦਿੱਤੇ ਅਨੁਸਾਰ ਹੈ :

| | | | |
|---|---|---|---|
| 1 | ਵਿਸਮੈ-ਵਾਚਕ ਵਾਕ | 2 | ਪ੍ਰਸ਼ਨ-ਵਾਚਕ ਵਾਕ |
| 3 | ਨਾਂਹ-ਵਾਚਕ ਵਾਕ | 4 | ਹਾਂ-ਵਾਚਕ ਵਾਕ |

1 ਵਿਸਮੈ-ਵਾਚਕ ਵਾਕ : ਜਿਸ ਵਾਕ ਵਿੱਚ ਹੈਰਾਨੀ ਜਾਂ ਵਿਸਮੈ ਦਾ ਭਾਵ ਪ੍ਰਗਟ ਕੀਤਾ ਗਿਆ ਹੋਵੇ ਉਸ ਨੂੰ ਵਿਸਮੈ ਵਾਚਕ ਵਾਕ ਆਖਦੇ ਹਨ।

2 ਪ੍ਰਸ਼ਨ-ਵਾਚਕ ਵਾਕ : ਜਿਸ ਵਾਕ ਵਿੱਚ ਕੋਈ ਸਵਾਲ ਜਾਂ ਪ੍ਰਸ਼ਨ ਪੁੱਛਿਆ ਗਿਆ ਹੋਵੇ, ਉਸ ਨੂੰ ਪ੍ਰਸ਼ਨ-ਵਾਚਕ ਵਾਕ ਕਹਿੰਦੇ ਹਨ।

3 ਨਾਂਹ-ਵਾਚਕ ਵਾਕ : ਜਿਸ ਵਾਕ ਵਿੱਚ ਕਿਰਿਆ ਨਾਂਹ-ਵਾਚਕ ਹੋਵੇ, ਉਸ ਨੂੰ ਨਾਂਹ-ਵਾਚਕ ਵਾਕ ਕਹਿੰਦੇ ਹਨ।

4 ਹਾਂ-ਵਾਚਕ ਵਾਕ : ਜਿਸ ਵਾਕ ਵਿੱਚ ਕਿਰਿਆ ਹਾਂ-ਵਾਚਕ, ਸਹਿਮਤੀ ਪ੍ਰਗਟ ਕਰਨ ਜਾਂ ਮੰਨਣ ਦਾ ਭਾਵ ਪ੍ਰਗਟ ਕਰਦੀ ਹੋਵੇ, ਉਸ ਨੂੰ ਹਾਂ-ਵਾਚਕ ਵਾਕ ਕਿਹਾ ਜਾਂਦਾ ਹੈ।

ਵਾਕਾਂ ਦੀ ਸ਼੍ਰੇਣੀ-ਵੰਡ ਅਨੁਸਾਰ ਅੱਗੇ ਦਿੱਤੇ ਵਾਕਾਂ ਦੀਆਂ ਵੰਨਗੀਆਂ ਦੱਸੋ :

(ੳ) ਉਸ ਦੀ ਨੂੰਹ ਭੱਜੀ ਆਈ।

(ਅ) ਸਵਾਰੀ ਦਾ ਕੋਈ ਪ੍ਰਬੰਧ ਨਾ ਹੋ ਸਕਿਆ।

(ੲ) "ਤੇ ਭੂਆ ਜੀ ! ਏਨੀਆਂ ਸੇਵੀਆਂ ਕੌਣ ਖਾਵੇਗਾ ?" ਮੈਂ ਇੱਕ ਵਾਰੀ ਫੇਰ ਕਿਹਾ।

(ਸ) "ਕੁੜੇ ! ਆਈਂ ਨੀ, ਭੱਜ ਕੇ। ਨੀ ਮੇਰਾ ਸਿੰਘ ........ ਆਇਆ ਈ, ਸੁੱਖ ਨਾਲ਼।"

(ਹ) ਉਹ ਸ਼ਾਇਦ ਆਪਣੇ ਜੇਠ ਨੂੰ ਏਨੀ ਖੇਚਲ਼ ਨਹੀਂ ਸੀ ਦੇਣਾ ਚਾਹੁੰਦੀ।

(ਕ) ਇੱਕ ਘੁੱਟ, ਦੋ ਘੁੱਟ, ਚਾਰ ਘੁੱਟ ਪਰ ਕੀ ਏਸ ਤਰ੍ਹਾਂ ਇਹ ਛੱਪੜ ਜਿੱਡਾ ਛੰਨਾ ਮੁੱਕਣ ਵਾਲ਼ਾ ਸੀ ?

ਤੁਹਾਨੂੰ ਵੀ ਇਸ ਕਹਾਣੀ ਵਿੱਚ ਦੱਸੇ ਵਾਂਗ ਕੋਈ ਮੋਹ-ਭਿੱਜੀ ਘਟਨਾ ਯਾਦ ਹੋਵੇਗੀ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

ਇਸ ਕਹਾਣੀ ਵਿੱਚ ਲੇਖਕ ਨੇ ਬਹੁਤ ਸਾਰੇ ਮੁਹਾਵਰੇ ਅਤੇ ਅਖਾਉਤਾਂ ਵਰਤੀਆਂ ਹਨ। ਇਹਨਾਂ ਦੀ ਸੂਚੀ ਬਣਾਓ।



Downloaded from https:// www.studiestoday.com

Downloaded from https:// www.studiestoday.com

## ਪਾਠ-26

# ਰੱਬ ਦੀ ਪੌੜੀ



ਹਰ ਰੋਜ਼ ਮੈਂ ਦੁਨੀਆਂ ਦੀ ਸਭ ਤੋਂ ਉੱਚੀ ਇਮਾਰਤ ਕੋਲ਼ ਦੀ ਲੰਘਦਾ ਜਿਸ ਦਾ ਨਾਂ 'ਐਮਪਾਇਰ ਸਟੇਟ ਬਿਲਡਿੰਗ' ਹੈ ਪਰ ਮੇਰਾ ਕਦੇ ਇਸ ਉੱਤੇ ਚੜ੍ਹ ਕੇ ਦੇਖਣ ਨੂੰ ਜੀਅ ਨਹੀਂ ਸੀ ਕੀਤਾ।

ਨਿਊਯਾਰਕ ਵਿੱਚ ਸੈਂਕੜੇ ਚੀਜ਼ਾਂ ਦੇ ਨਾਲ਼ ਇਹ ਸ਼ਬਦ ਜੁੜੇ ਹੋਏ ਹਨ: ਇਹ ਸਭ ਤੋਂ ਵੱਡੀ ਬੰਦਰਗਾਹ ਹੈ, ਇਹ ਸਭ ਤੋਂ ਵੱਡਾ ਅਮੀਰ ਆਦਮੀ ਹੈ, ਇਹ ਸਭ ਤੋਂ ਵੱਡਾ ਬਜ਼ਾਰ, ਇਹ ਸਭ ਤੋਂ ਵੱਡਾ ਥਿਏਟਰ, ਇਹ ਸਭ ਤੋਂ ਵੱਡਾ ਅਖ਼ਬਾਰ, ਇਹ ਸਭ ਤੋਂ ਵੱਡੀ ਸੱਟਾ-ਮੰਡੀ ਹੈ। ਹਰ ਚੀਜ਼ ਵੱਡੀ। ਨਿੱਕੀ ਚੀਜ਼ ਤਾਂ ਕਿਤੇ-ਕਿਤੇ ਦੇਖਣ ਨੂੰ ਮਿਲ਼ਦੀ ਹੈ।

ਇੱਕ ਦਿਨ ਮੈਂ ਦੁਨੀਆਂ ਦੀ ਸਭ ਤੋਂ ਵੱਡੀ ਦੁਕਾਨ ਵਿੱਚ, ਜਿੱਥੇ ਸੂਈ ਤੋਂ ਲੈ ਕੇ ਹਵਾਈ ਜਹਾਜ਼ ਤੀਕ ਵਿਕਦਾ ਹੈ, ਜੁਰਾਬਾਂ ਦਾ ਇੱਕ ਜੋੜਾ ਖ਼ਰੀਦਣ ਗਿਆ। ਸੋਚਿਆ, ਇਸੇ ਬਹਾਨੇ ਇਸ ਵੱਡੀ ਦੁਕਾਨ ਦਾ ਨਜ਼ਾਰਾ ਵੀ ਕਰ ਲਵਾਂਗਾ। ਮੈਂ ਟੋਕੀਓ ਤੇ ਪੈਰਿਸ ਦੇ ਵੱਡੇ ਸਟੋਰ ਤੱਕੇ ਸਨ। ਉਹਨਾਂ ਦੀ ਸਜਾਵਟ, ਸ਼ਿੰਗਾਰ, ਤਰਤੀਬ ਤੱਕ ਕੇ ਬਹੁਤ ਪ੍ਰਭਾਵਿਤ ਹੋਇਆਂ ਸਾਂ। ਟੋਕੀਓ ਦੇ ਇੱਕ ਅੱਠ-ਮੰਜ਼ਲਾ ਸਟੋਰ ਵਿੱਚ ਹਰ ਮੰਜ਼ਲ ਦੀ ਹਰ ਪੌੜੀ ਅੱਗੇ ਸਜੀ-ਸਜਾਈ ਜਪਾਨੀ ਕੁੜੀ ਇਸ ਲਈ ਖੜ੍ਹੀ ਹੁੰਦੀ ਕਿ ਹਰ ਆਉਣ-ਜਾਣ ਵਾਲ਼ੇ ਦਾ ਦੂਹਰੀ ਹੋ ਕੇ ਧੰਨਵਾਦ ਕਰੇ, ਗਾਹਕ ਚੀਜ਼ ਲਵੇ ਭਾਵੇਂ ਨਾ। ਸਟੋਰ ਦੇ ਵਿੱਚ ਰੈੱਸਟੋਰੈਂਟ, ਡਾਕਖ਼ਾਨਾ, ਫੁੱਲਾਂ ਦੀਆਂ ਕਿਆਰੀਆਂ ਅਤੇ ਬੱਚਿਆਂ ਦੇ ਦਿਲ-ਪਰਚਾਵੇ ਲਈ ਚਿੜੀਆ-ਘਰ ਵੀ ਸੀ। ਵਿਚਕਾਰ ਉੱਚੇ ਥੜ੍ਹੇ ਉੱਤੇ ਹੀਰਿਆਂ-ਪੰਨਿਆਂ ਨਾਲ਼ ਜੜੀ ਇੱਕ ਮੂਰਤੀ ਸੀ ਜੋ ਗਾਹਕਾਂ ਨੂੰ ਪ੍ਰਸੰਨ ਕਰਨ ਲਈ ਉੱਥੇ ਰੱਖੀ ਗਈ ਸੀ।

ਨਿਊਯਾਰਕ ਦੀ ਇਸ ਵੱਡੀ ਦੁਕਾਨ ਦੇ ਬੂਹੇ ਵਿੱਚ ਵੜਦਿਆਂ ਸਾਰ ਪੰਛੀਆਂ ਦੀ ਚਹਿਚਹਾਟ ਸੁਣਾਈ ਦਿੱਤੀ। ਉੱਥੇ ਫੁੱਲਾਂ ਦੇ ਗੁਲਦਸਤੇ ਅਤੇ ਬੂਟੇ ਸਨ। ਜੀਅ ਖ਼ੁਸ਼ ਹੋ ਗਿਆ।



Downloaded from https:// www.studiestoday.com

Downloaded from https:// www.studiestoday.com

ਬੜੀ ਭੀੜ ਸੀ। ਮੈਂ ਰਾਲਫ ਦੇ ਨਾਲ਼ ਸਾਂ। ਅਸੀਂ ਦੋਵੇਂ ਗਾਹਕਾਂ ਦੀ ਭੀੜ ਨੂੰ ਚੀਰਦੇ ਹੋਏ ਜੁਰਾਬਾਂ ਵਾਲ਼ੇ ਵਿਭਾਗ ਵਿੱਚ ਪੁੱਜੇ। ਉੱਥੋਂ ਤੀਕ ਪਹੁੰਚਦੇ-ਪਹੁੰਚਦੇ ਮੈਨੂੰ ਪਤਾ ਚੱਲ ਗਿਆ ਕਿ ਇਹ ਨਕਲੀ ਫੁੱਲਾਂ ਦੀ ਪ੍ਰਦਰਸ਼ਨੀ ਸੀ। ਪੰਛੀ ਵੀ ਨਕਲੀ ਸਨ। ਕਰਮਚਾਰੀਆਂ ਨੇ ਬੋਲਦੇ ਹੋਏ ਪੰਛੀਆਂ ਦੇ ਰਿਕਾਰਡ ਲਾਏ ਹੋਏ ਸਨ। ਰਾਲਫ ਨੇ ਦੱਸਿਆ ਕਿ ਰਿਕਾਰਡ ਵਿੱਚ ਵੀ ਅਸਲੀ ਪੰਛੀ ਨਹੀਂ ਸਨ ਬੋਲ ਰਹੇ। ਜੀਅ ਖ਼ਰਾਬ ਹੋ ਗਿਆ।

ਜੁਰਾਬਾਂ ਵੇਚਣ ਵਾਲ਼ੇ ਵਿਭਾਗ ਦੇ ਨਿਗਰਾਨ ਨੂੰ ਆਪਣੇ ਮੇਚ ਦੀ ਜੁਰਾਬ ਲਈ ਪੁੱਛਿਆ ਤਾਂ ਉਸ ਨੇ ਤਰ੍ਹਾਂ-ਤਰ੍ਹਾਂ ਦੀਆਂ ਜੁਰਾਬਾਂ ਵੱਲ ਇਸ਼ਾਰਾ ਕੀਤਾ। ਮੈਂ ਉਹਨਾਂ ਵਿੱਚੋਂ ਇੱਕ ਚੁਣ ਲਈ ਤੇ ਮੁੱਠੀ ਮੀਚ ਕੇ ਜੁਰਾਬ ਦਾ ਮੇਚ ਲਿਆ ਤੇ ਪੁੱਛਿਆ, "ਕੀ ਇਹ ਮੇਰੇ ਮੇਚ ਆ ਜਾਵੇਗੀ ?"

ਨਿਗਰਾਨ ਨੇ ਆਖਿਆ, "ਹੋਰਨਾਂ ਦੇ ਮੇਚ ਆਉਂਦੀ ਹੈ, ਤੇਰੇ ਕਿਉਂ ਨਹੀਂ ਆਵੇਗੀ ?"

ਜੁੱਤੀਆਂ ਤੇ ਜੁਰਾਬਾਂ ਦੇ ਮੇਚ ਬਾਰੇ ਮੈਂ ਬੜਾ ਵਹਿਮੀ ਹਾਂ।

ਜੁਰਾਬ ਨੂੰ ਚੰਗੀ ਤਰ੍ਹਾਂ ਤੱਕ ਕੇ ਤੇ ਹਿਸਾਬ ਲਾ ਕੇ ਮੈਂ ਫ਼ੈਸਲਾ ਕਰ ਲਿਆ ਕਿ ਇਸ ਨੂੰ ਖ਼ਰੀਦਾਂਗਾ। ਨਿਗਰਾਨ ਨੇ ਵੀ ਮੇਰੇ ਪੰਜ ਮਿੰਟ ਇਸ ਤਰ੍ਹਾਂ ਚੀਜ਼ ਨੂੰ ਪਸੰਦ ਕਰਨ ਵਿੱਚ ਹੀ ਲਾਉਣ ਉੱਤੇ ਕੁਝ ਫ਼ੈਸਲਾ ਕਰ ਲਿਆ ਸੀ।

ਇਹ ਆਖ ਕੇ ਕਿ ਮੈਂ ਇਹੋ ਜੁਰਾਬ ਖ਼ਰੀਦਾਂ, ਮੈਂ ਜੁਰਾਬ ਨੂੰ ਵੇਖਣ ਲੱਗਾ।

ਨਵਾਂ-ਨਵਾਂ ਟੋਕੀਓ ਤੋਂ ਆਇਆ ਸਾਂ। ਉੱਥੋਂ ਦੇ ਸਟੋਰ ਵਿੱਚ ਜੇ ਫ਼ੀਤਾ ਵੀ ਖ਼ਰੀਦਣਾ ਹੋਵੇ ਤਾਂ ਕਰਮਚਾਰੀ ਅੱਧਾ ਘੰਟਾ ਤੁਹਾਡੀ ਤਸੱਲੀ ਲਈ ਲਾ ਦਿੰਦੇ ਹਨ ਅਤੇ ਇਸ ਉੱਤੇ ਵੀ ਜੇ ਨਾ ਖ਼ਰੀਦੋ ਤਾਂ ਬੜੀ ਨਰਮੀ ਨਾਲ਼ ਤੁਹਾਡਾ ਧੰਨਵਾਦ ਕਰਦੇ ਹਨ ਕਿ ਤੁਸਾਂ ਉਹਨਾਂ ਦੀ ਦੁਕਾਨ ਉੱਤੇ ਚਰਨ ਪਾਏ।

ਮੈਂ ਜੁਰਾਬ ਦੇ ਜੋੜੇ ਨੂੰ ਖੋਲ੍ਹਣ ਲੱਗਾ। ਨਿਗਰਾਨ ਨੇ ਝੱਟ ਆਖਿਆ, "ਪਹਿਲਾਂ ਪੈਸੇ ਰੱਖ। ਫਿਰ ਜੁਰਾਬਾਂ ਨੂੰ ਉਲਟਾਵੀਂ-ਪੁਲਟਾਵੀਂ।"

ਪੈਸੇ ਦੇ ਕੇ ਮੈਂ ਜੁਰਾਬਾਂ ਨੂੰ ਤਹਿ ਕਰ ਕੇ ਜੇਬ ਵਿੱਚ ਪਾਇਆ। ਦੂਜੇ ਬੂਹੇ ਤੋਂ ਬਾਹਰ ਨਿਕਲ਼ਨ ਲਈ ਤੁਰਿਆ ਤਾਂ ਗਾਹਕਾਂ ਦੇ ਧੱਕਿਆਂ ਦੀ ਮਦਦ ਨਾਲ਼ ਹੀ ਬਾਹਰ ਆ ਪਿਆ।

ਦਿਨ ਦੇ 11 ਵੱਜੇ ਸਨ। ਸੂਰਜ ਚਮਕ ਰਿਹਾ ਸੀ। ਚਿੱਟੀ ਧੁੱਪ ਨਾਲ਼ ਨਿਊਯਾਰਕ ਦੀਆਂ ਬਿਲਡਿੰਗਾਂ ਲਿੱਪੀਆਂ ਹੋਈਆਂ ਸੁੰਦਰ ਲੱਗ ਰਹੀਆਂ ਸਨ। ਗਲ਼ੀ ਵਿੱਚੋਂ ਭਾਂਤ-ਭਾਂਤ ਦੀ ਖ਼ਲਕਤ ਲੰਘ ਰਹੀ ਸੀ। ਅਕਾਸ਼ ਨੀਲਾ-ਨੀਲਾ। ਐਮਪਾਇਰ ਸਟੇਟ ਬਿਲਡਿੰਗ ਦੀ ਉੱਚੀ ਬੁਰਜੀ ਲਿਸ਼ਕ ਰਹੀ ਸੀ।

ਰਾਲਫ ਨੂੰ ਛੁੱਟੀ ਸੀ। ਸਾਡੇ ਕੋਲ਼ ਕਾਫ਼ੀ ਸਮਾਂ ਸੀ। ਜਦੋਂ ਫ਼ਿਫ਼ਥ ਐਵੇਨਿਊ ਦੀ 34 ਵੀਂ ਗਲ਼ੀ ਕੋਲ਼ ਦੀ ਲੰਘੇ ਤਾਂ ਉਸ ਆਖਿਆ, "ਚੱਲ, ਐਮਪਾਇਰ ਸਟੇਟ ਬਿਲਡਿੰਗ ਉੱਤੇ ਹੀ ਚੜ੍ਹ ਕੇ ਤੱਕ ਲਈਏ। ਮੈਂ ਇੱਥੇ ਰਹਿੰਦਾ ਹਾਂ, ਬਿਲਕੁਲ ਨੇੜੇ ਪਰ ਕਦੇ ਨਹੀਂ ਤੱਕਿਆ।"

ਅਸੀਂ ਬਿਲਡਿੰਗ ਵੱਲ ਵਧੇ ਅਤੇ ਇਸ ਦੇ ਵੱਡੇ ਬੂਹੇ ਵਿੱਚ ਦਾਖ਼ਲ ਹੋ ਕੇ ਲਿਫ਼ਟ ਵਾਲ਼ੀ ਥਾਂ ਜਾ ਖਲੋਤੇ ਜਿੱਥੇ ਯਾਤਰੀਆਂ ਦਾ ਇੱਕ ਟੋਲਾ ਖੜ੍ਹਾ ਬਿਲਡਿੰਗ ਉੱਪਰ ਜਾਣ ਦੇ ਲਈ ਟਿਕਟ ਖ਼ਰੀਦ ਰਿਹਾ ਸੀ।



Downloaded from https:// www.studiestoday.com

Downloaded from https:// www.studiestoday.com

ਰਾਲਫ ਨੇ ਟਿਕਟ ਖ਼ਰੀਦੇ। ਅਸੀਂ ਸਾਰੇ ਇੱਕ ਵੱਡੀ ਲਿਫ਼ਟ ਵਿੱਚ ਬੈਠ ਗਏ ਜੋ ਡਾਕ-ਗੱਡੀ ਵਾਂਗ ਛੁੱਟੀ ਤੇ ਠੂਹ 80ਵੀਂ ਮੰਜ਼ਲ ਉੱਤੇ ਪਹੁੰਚ ਗਈ।

ਇੱਥੇ ਛੇ ਮੰਜ਼ਲਾਂ ਹੋਰ ਉੱਪਰ ਜਾ ਕੇ ਅਸੀਂ ਉੱਚੇ ਬੁਰਜ ਉੱਤੇ ਪੁੱਜ ਗਏ ਜਿੱਥੋਂ ਸਾਰਾ ਨਿਊਯਾਰਕ ਦਿਸਦਾ ਹੈ। ਖੂੰਜਿਆਂ ਵਿੱਚ ਦੂਰਬੀਨਾਂ ਲੱਗੀਆਂ ਹੋਈਆਂ ਹਨ ਜਿਨ੍ਹਾਂ ਵਿੱਚੋਂ ਦੀ 40-40 ਮੀਲ ਆਲ਼ੇ-ਦੁਆਲ਼ੇ ਦਾ ਨਜ਼ਾਰਾ ਦਿਸਦਾ ਹੈ। ਹੇਠਾਂ ਮਨਹਟਨ ਦਾ ਟਾਪੂ ਦਿਖਾਈ ਦਿੰਦਾ ਹੈ ਜਿਸ ਵਿੱਚ ਡੱਬੀਆਂ ਵਰਗੇ ਘਰ ਹਨ, ਸੜਕਾਂ ਉੱਤੇ ਮੋਟਰਾਂ ਕੀੜੀਆਂ ਵਾਂਗ ਤੁਰਦੀਆਂ-ਫਿਰਦੀਆਂ ਹਨ, ਹਡਸਨ ਦਰਿਆ ਅਤੇ ਪੂਰਬੀ ਦਰਿਆ ਦੇ ਗੰਧਲ਼ੇ ਸਲੇਟੀ ਪਾਣੀਆਂ ਨੇ ਟਾਪੂ ਨੂੰ ਵਗਲ਼ਿਆ ਹੋਇਆ ਹੈ ਜਿਨ੍ਹਾਂ ਵਿੱਚ ਕਿਸ਼ਤੀਆਂ ਤੇ ਜਹਾਜ਼ ਖੜ੍ਹੇ ਰਹਿੰਦੇ ਹਨ। ਨਾਲ਼ ਲੱਗਦੀ ਰਿਆਸਤ ਨਿਊ-ਜਰਸੀ, ਉਸ ਤੋਂ ਪਰੇ ਫ਼ੈਕਟਰੀਆਂ, ਉਸ ਤੋਂ ਪਰੇ ਖੇਤ ਅਤੇ ਉਸ ਤੋਂ ਪਰੇ ਦੂਜੇ ਸ਼ਹਿਰ ਨਜ਼ਰ ਆਉਂਦੇ ਹਨ।

ਇੱਥੇ ਪੁੱਜ ਕੇ ਹਵਾ ਦਾ ਦਬਾਅ ਬਦਲ ਜਾਂਦਾ ਹੈ। ਤਾਪਮਾਨ ਵਿੱਚ ਵਧੇਰੇ ਠੰਢ ਉੱਤਰ ਆਉਂਦੀ ਹੈ।

ਇਸ ਤੋਂ ਉੱਪਰ 16 ਮੰਜ਼ਲਾਂ ਹੋਰ ਚੜ੍ਹ ਕੇ ਅਸੀਂ ਇਸ ਦੇ ਸਿਖਰ ਉੱਤੇ ਪੁੱਜ ਗਏ —ਧਰਤੀ ਤੋਂ 1250 ਫ਼ੁੱਟ ਉੱਚਾ। ਇਸ ਉੱਤੇ ਹੋਰ ਉੱਚੀ ਬੁਰਜੀ ਹੈ। ਜਿਸ ਦੀ ਨੋਕ 1472 ਫ਼ੁੱਟ ਤੀਕ ਪੁੱਜਦੀ ਹੈ — ਕੁਤਬ ਦੀ ਲਾਠ ਤੋਂ ਚੌਗੁਣੀ ਉੱਚੀ। 102 ਵੀਂ ਮੰਜ਼ਲ ਦੇ ਜੰਗਲ਼ੇ ਵਿੱਚ ਖੜੋ ਕੇ ਦੂਰਬੀਨ ਨਾਲ਼ ਅਸੀਂ ਵਿਸ਼ਾਲ ਧਰਤੀ ਤੇ ਇਸ ਦੇ ਬਦਲਦੇ ਰੰਗ-ਰੂਪ ਤੱਕ ਰਹੇ ਸਾਂ। ਇੱਥੋਂ 80 ਮੀਲ ਦੂਰ ਤੱਕ ਦੀ ਚੀਜ਼ ਨਜ਼ਰ ਆਉਂਦੀ ਹੈ। ਜੇਕਰ ਸੂਰਜ ਚਮਕ ਰਿਹਾ ਹੋਵੇ ਤੇ ਅਸਮਾਨ ਨਿੱਖਰਿਆ ਹੋਵੇ। ਜਿਵੇਂ ਆਦਮੀ ਦਿੱਲੀ ਖੜ੍ਹਾ ਹੋਵੇ ਤੇ ਉਸ ਨੂੰ ਮਥਰਾ ਦਿਖਾਈ ਦੇ ਰਹੀ ਹੋਵੇ। ਇੱਥੇ ਖੜ੍ਹੇ ਅਸੀਂ ਹਡਸਨ ਦਰਿਆ ਦੇ ਨਿੱਕੇ ਜਿਹੇ ਟਾਪੂ ਵਿੱਚੋਂ ਉੱਭਰੀ ਹੋਈ ਅਜ਼ਾਦੀ ਦੀ ਦੇਵੀ ਦੀ ਮੂਰਤੀ ਵੀ ਤੱਕੀ-ਉਚੀ ਬਾਂਹ — ਅਮਰੀਕਾ ਦੀ ਅਜ਼ਾਦੀ ਦੀ ਪ੍ਰਤੀਕ।

ਆਮ ਦਿਨਾਂ ਵਿੱਚ ਇਸ ਬਿਲਡਿੰਗ ਦੀਆਂ ਸਿਖਰਲੀਆਂ ਮੰਜ਼ਲਾਂ ਤੇ ਬੁਰਜੀ ਬੱਦਲ਼ਾਂ ਵਿੱਚ ਲੁਕੇ ਰਹਿੰਦੇ ਹਨ। ਸਿਖਰਲੀ ਮੰਜ਼ਲ ਵਿੱਚ ਬੈਠੇ ਦਫ਼ਤਰ ਦੇ ਲੋਕ ਕੰਮ ਕਰ ਰਹੇ ਹਨ। ਇਹਨਾਂ ਦੀਆਂ ਖਿੜਕੀਆਂ ਤੋਂ ਹੇਠਾਂ ਬੱਦਲ਼ ਹਨ ਜੋ ਮੀਂਹ ਵਰ੍ਹਾ ਰਹੇ ਹਨ। ਕਈ ਵਾਰ ਇਸ ਮੰਜ਼ਲ ’ਤੇ ਮੀਂਹ ਉਲਟਾ ਵਰ੍ਹਦਾ ਦਿਸਦਾ ਹੈ। ਤਾਪਮਾਨ ਦੇ ਬਦਲਣ ਤੇ ਲੋਹੜੇ ਦੀ ਉਚਾਈ ਹੋਣ ਕਰ ਕੇ ਵਰਖਾ ਦਾ ਰੰਗ ਵੀ ਸੁਰਖ਼-ਸੁਰਖ਼ ਨਜ਼ਰ ਆਉਂਦਾ ਹੈ।

ਉੱਚੀ ਬੁਰਜੀ ਤੋਂ ਸਭ ਟੈਲੀਵੀਜ਼ਨ ਕੰਪਨੀਆਂ ਆਪਣੇ-ਆਪਣੇ ਪ੍ਰੋਗ੍ਰਾਮ ਪ੍ਰਸਾਰਿਤ ਕਰਦੀਆਂ ਹਨ ਜਿਨ੍ਹਾਂ ਨੂੰ ਨੇੜੇ-ਤੇੜੇ ਦੀਆਂ ਚਾਰ ਰਿਆਸਤਾਂ ਦੇ 52 ਲੱਖ ਦਰਸ਼ਕ ਦੇਖਦੇ ਹਨ। ਇਸ ਇਮਾਰਤ ਨੂੰ ਦੁਨੀਆਂ ਦਾ ਅੱਠਵਾਂ ਅਜੂਬਾ ਆਖਿਆ ਜਾਂਦਾ ਹੈ। ਇੱਥੋਂ ਦੇ ਪੁਰਾਣੇ ਮਾਹੀਗੀਰ ਇਸ ਨੂੰ ‘ਰੱਬ ਦੀ ਪੌੜੀ’ ਆਖਦੇ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਇਹ ਮਹਾਨ ਬਿਲਡਿੰਗ ਉਸ ਵੇਲ਼ੇ ਉੱਸਰੀ ਜਦੋਂ 1930 ਵਿੱਚ ਅਮਰੀਕਾ ਵਿੱਚ ਮੰਦਾ ਆਇਆ ਹੋਇਆ ਸੀ ਤੇ ਕੋਈ ਢਾਈ ਗਜ਼ ਦਾ ਚੁਬਾਰਾ ਵੀ ਨਹੀਂ ਸੀ ਬਣਾਉਣਾ ਚਾਹੁੰਦਾ।



Downloaded from https:// www.studiestoday.com

Downloaded from https:// www.studiestoday.com

1 ਅਕਤੂਬਰ, 1929 ਨੂੰ ਪਹਿਲਾ ਟ੍ਰੱਕ ਇਸ ਥਾਂ ਦਾਖ਼ਲ ਹੋਇਆ ਤਾਂਜੁ ਇਸ ਥਾਂ 'ਤੇ ਬਣੇ ਹੋਟਲ ਨੂੰ ਢਾਹਿਆ ਜਾਵੇ। ਹੋਟਲ ਦਾ ਲੱਖਾਂ ਮਣ ਮਲਬਾ ਉਠਵਾ ਕੇ ਇੱਥੇ 55 ਫੁੱਟ ਡੂੰਘੀ ਨੀਂਹ ਖੋਦੀ ਗਈ ਅਤੇ ਉਸਾਰੀ ਦਾ ਕੰਮ ਸ਼ੁਰੂ ਹੋਇਆ। ਪੌਣੇ ਦੋ ਸਾਲ ਦੇ ਅੰਦਰ-ਅੰਦਰ ਇਹ ਵਿਚਿੱਤਰ ਮਹਿਲ ਤਿਆਰ ਹੋ ਗਿਆ। ਇਸ ਦੇ ਉੱਸਰਨ ਦੀ ਰਫ਼ਤਾਰ ਨੇ ਪੁਰਾਣੇ ਸਭ ਰਿਕਾਰਡ ਤੋੜ ਦਿੱਤੇ। 1930 ਵਿੱਚ ਉਸਾਰੀ ਦੇ ਇੰਨੇ ਨਵੀਨ ਯੰਤਰ ਤੇ ਸਾਇੰਸ ਦੀਆਂ ਇੰਨੀਆਂ ਕਾਢਾਂ ਨਹੀਂ ਸਨ ਜਿੰਨੀਆਂ ਅੱਜ-ਕੱਲ੍ਹ ਹਨ। ਫਿਰ ਵੀ ਹਰ ਹਫ਼ਤੇ ਸਾਢੇ ਚਾਰ ਮੰਜ਼ਲਾਂ ਤਿਆਰ ਹੋ ਜਾਂਦੀਆਂ। ਜਦੋਂ ਕੰਮ ਜ਼ੋਰਾਂ ਉੱਤੇ ਹੁੰਦਾ ਤਾ ਇੱਕ-ਇੱਕ ਦਿਨ ਵਿੱਚ ਹੀ ਡੇਢ ਮੰਜ਼ਲ ਉੱਸਰ ਜਾਂਦੀ। ਟ੍ਰੱਕ ਓਨਾ ਹੀ ਮਾਲ ਮਿਣ-ਤੋਲ ਕੇ ਲਿਆਉਂਦੇ ਜਿੰਨਾ ਰਾਤੋ-ਰਾਤ ਖਪ ਜਾਂਦਾ ਕਿਉਂਕਿ ਫ਼ਾਲਤੂ ਸਮਾਨ ਲਿਆਉਣ ਨਾਲ਼ ਆਲ਼ੇ-ਦੁਆਲ਼ੇ ਦੀਆਂ ਗਲ਼ੀਆਂ ਦੇ ਰਾਹ ਰੁਕ ਜਾਣ ਦਾ ਡਰ ਸੀ।

ਜਦੋਂ ਇਹ ਇਨਸਾਨੀ ਕਾਰੀਗਰੀ ਦਾ ਸ਼ਾਹਕਾਰ ਤਿਆਰ ਹੋਇਆ ਤਾਂ ਕਈ ਸਾਲ ਤੀਕ ਇਸ ਦੇ ਹਜ਼ਾਰਾਂ ਕਮਰੇ ਖ਼ਾਲੀ ਪਏ ਰਹੇ। ਦੋ-ਤਿੰਨ ਹੱਥਾਂ ਵਿੱਚ ਇਹ ਇਮਾਰਤ ਵਿਕੀ ਤੇ ਛੇਕੜ ਨਿਊਯਾਰਕ ਦੇ ਸ਼ਹਿਰੀਆਂ ਨੇ ਇਸ ਨੂੰ ਪ੍ਰਵਾਨ ਕਰ ਲਿਆ।

ਇਸ ਵਿੱਚ ਸੈਂਕੜੇ ਦਫ਼ਤਰ ਹਨ ਜਿਨ੍ਹਾਂ ਵਿੱਚ ਹਜ਼ਾਰਾਂ ਆਦਮੀ ਕੰਮ ਕਰਦੇ ਹਨ। ਇਸ ਦੇ ਬਣਾਉਣ ਵਿੱਚ 60 ਹਜ਼ਾਰ ਟਨ ਫ਼ੌਲਾਦ ਖਰਚ ਹੋਇਆ। ਸਾਢੇ ਅੱਠ ਮੀਲ ਲੰਮੀਆਂ ਪਾਣੀ ਦੀਆਂ ਨਾਲ਼ਾਂ ਤੇ 3500 ਮੀਲ ਲੰਮੀ ਟੈਲੀਫੂਨ ਤੇ ਟੈਲੀਗਰਾਫ ਦੀਆਂ ਤਾਰਾਂ ਵਰਤੀਆਂ ਗਈਆਂ ਹਨ। 74 ਲਿਫ਼ਟਾਂ ਹਨ, ਦੋ ਲੱਖ ਕਿਲੋਵਾਟ ਬਿਜਲੀ ਹਰ ਮਹੀਨੇ ਖ਼ਰਚ ਹੁੰਦੀ ਹੈ, ਇਸ ਦੀਆਂ ਸਾਢੇ ਛੇ ਹਜ਼ਾਰ ਖਿੜਕੀਆਂ ਨੂੰ ਮਜ਼ਦੂਰ ਦਿਨ-ਰਾਤ ਸਾਫ਼ ਕਰਦੇ ਰਹਿੰਦੇ ਹਨ ਅਤੇ ਇੱਕ ਖਿੜਕੀ ਦੀ ਵਾਰੀ ਪੰਦਰ੍ਹਾਂ ਦਿਨਾਂ ਪਿੱਛੋਂ ਆਉਂਦੀ ਹੈ। ਇੱਥੇ 1860 ਪੌੜੀਆਂ ਹਨ। ਦੋ ਸੌ ਔਰਤਾਂ ਇਸ ਦੇ ਕਮਰਿਆਂ ਨੂੰ ਹਰ ਰੋਜ਼ ਸਾਫ਼ ਕਰਦੀਆਂ ਹਨ ਅਤੇ 35000 ਦਰਸ਼ਕ ਇਸ ਉੱਤੇ ਚੜ੍ਹ ਕੇ ਨਿਊਯਾਰਕ ਦਾ ਨਜ਼ਾਰਾ ਮਾਣਦੇ ਹਨ। 90ਵੀਂ ਮੰਜ਼ਲ ਦੇ ਬੁਰਜ ਵਿੱਚ ਤੇਜ਼ ਰੋਸ਼ਨੀਆਂ ਜੜੀਆਂ ਹੋਈਆਂ ਹਨ ਜੋ ਰਾਤ ਵੇਲ਼ੇ ਚਾਨਣ ਦੀਆਂ ਧਾਰਾਂ ਵਗਾਉਂਦੀਆਂ ਹੋਈਆਂ ਘੁੰਮਦੀਆਂ ਹਨ। ਇਹ 300 ਮੀਲ ਦੀ ਵਿੱਥ ਤੋਂ ਨਜ਼ਰ ਆਉਂਦੀਆਂ ਹਨ-ਦੁਨੀਆਂ ਦੀ ਸਭ ਤੋਂ ਤੇਜ਼ ਰੋਸ਼ਨੀ।

ਇਸ ਦੀ ਤਸਵੀਰ ਦੇ ਲੱਖਾਂ ਕਾਰਡ ਹੁਣ ਤੀਕ ਵਿਕ ਚੁੱਕੇ ਹਨ, ਕਈ ਫ਼ਿਲਮਾਂ ਵਿੱਚ ਇਸ ਨੂੰ ਦਿਖਾਇਆ ਜਾ ਚੁੱਕਾ ਹੈ ਅਤੇ ਵੱਡੇ-ਵੱਡੇ ਲੀਡਰ, ਫ਼ਿਲਮ-ਸਟਾਰ, ਦੁਨੀਆ ਦੇ ਮਹਾਨ ਚਿੱਤਰਕਾਰ ਤੇ ਵਿਦਵਾਨ ਇਸ ਉੱਤੇ ਚੜ੍ਹ ਕੇ ਧਰਤੀ ਦੀ ਵਿਸ਼ਾਲ ਝਾਤ ਪਾ ਚੁੱਕੇ ਹਨ।

ਠੰਢੀ ਧੁੱਪ ਵਿੱਚ ਖੜ੍ਹੇ ਅਸੀਂ ਹੇਠਾਂ ਵਿਛੇ ਸ਼ਹਿਰ ਤੇ ਖਾੜੀਆਂ ਨੂੰ ਤੱਕਦੇ ਰਹੇ। ਹਰ ਚੀਜ਼ ਹਕੀਰ, ਨੀਵੀਂ, ਤੇ ਛੋਟੀ ਨਜ਼ਰ ਆ ਰਹੀ ਸੀ।

ਇੱਥੋਂ ਉੱਤਰ ਕੇ ਅਸੀਂ ਮੁੜ 86 ਵੀਂ ਮੰਜ਼ਲ ਉੱਤੇ ਆਏ। ਹਵਾ ਦੇ ਠੰਢੇ ਬੁੱਲਿਆਂ ਤੋਂ ਬਚਣ ਲਈ ਅੰਦਰ ਸ਼ੀਸ਼ੇ ਦੇ ਬਣੇ ਕੈਫ਼ੇ ਵਿੱਚ ਚਲੇ ਗਏ ਅਤੇ ਗਰਮ ਹੈਮਬਰਗਰ ਖਾਧੇ।

ਇਸ ਨਜ਼ਾਰੇ ਪਿੱਛੋਂ ਵੱਡੀ ਦੁਕਾਨ ਦੀ ਬੇਸੁਆਦੀ ਦੂਰ ਹੋ ਗਈ। ਮੈਂ ਨਵੀਆਂ ਜੁਰਾਬਾਂ ਜੇਬ ਵਿੱਚੋਂ ਕੱਢ ਕੇ ਪਾ ਲਈਆਂ ਜੋ ਵਾਕਈ ਮੇਰੇ ਮੇਚ ਆ ਗਈਆਂ।



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ

1. **ਦੱਸੋ :**

(ੳ) ਲੇਖਕ ਨੇ 'ਰੱਬ ਦੀ ਪੌੜੀ' ਕਿਸ ਨੂੰ ਕਿਹਾ ਹੈ ਅਤੇ ਇਹ ਕਿੱਥੇ ਸਥਿਤ ਹੈ ?

(ਅ) ਲੇਖਕ ਨੇ ਨਿਊਯਾਰਕ ਅਤੇ ਟੋਕੀਓ ਦੇ ਸਟੋਰ-ਕਰਮਚਾਰੀਆਂ ਦੇ ਵਤੀਰੇ ਵਿੱਚ ਕੀ ਅੰਤਰ ਦੇਖਿਆ ?

(ੲ) 'ਐਮਪਾਇਰ ਸਟੇਟ ਬਿਲਡਿੰਗ' ਦੇ ਉੱਪਰੋਂ ਆਲ਼ੇ-ਦੁਆਲੇ ਦਾ ਦ੍ਰਿਸ਼ ਕਿਹੋ-ਜਿਹਾ ਦਿਖਾਈ ਦਿੰਦਾ ਹੈ ?

(ਸ) 'ਐਮਪਾਇਰ ਸਟੇਟ ਬਿਲਡਿੰਗ' ਕਦੋਂ ਬਣਨੀ ਸ਼ੁਰੂ ਹੋਈ ਅਤੇ ਇਹ ਕਿਵੇਂ ਤੇ ਕਿੰਨੇ ਸਮੇਂ ਵਿੱਚ ਮੁਕੰਮਲ ਹੋਈ ?

(ਹ) ਇਸ ਇਮਾਰਤ ਦੀ ਵਰਤੋਂ ਕਿਹੜੇ-ਕਿਹੜੇ ਕੰਮਾਂ ਲਈ ਕੀਤੀ ਜਾਂਦੀ ਹੈ ?

2. **ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਸਟੋਰ | : | ਗੁਦਾਮ, ਚੀਜ਼ਾਂ ਦੇ ਇੱਕਠੇ ਰੱਖਣ ਦੀ ਥਾਂ, ਵੱਡੀ ਦੁਕਾਨ |
| ਤਰਤੀਬ | : | ਸਿਲਸਿਲੇਵਾਰ, ਕ੍ਰਮ ਅਨੁਸਾਰ |
| ਨਿਗਰਾਨ | : | ਦੇਖ-ਭਾਲ਼ ਕਰਨ ਵਾਲ਼ਾ, ਨਿਰੀਖਕ |
| ਬੁਰਜੀ | : | ਮਿਨਾਰ, ਗੁੰਬਦ, ਗੁੰਬਦ ਦੀ ਸ਼ਕਲ ਦਾ ਬਣਿਆ ਮਕਾਨ |
| ਡਾਕ-ਗੱਡੀ ਵਾਂਗ | : | ਤੇਜ਼ੀ ਨਾਲ਼ |
| ਸੁਰਖ਼ | : | ਲਾਲ, ਰੱਤਾ, ਕਿਰਮਚੀ |
| ਮਾਹੀਗੀਰ | : | ਮੱਛੀਆਂ ਫੜਨ ਵਾਲ਼ੇ, ਮਾਛੀ, ਮਛੇਰੇ |
| ਖਪ ਜਾਂਦਾ | : | ਲੱਗ ਜਾਂਦਾ, ਮੁੱਕ ਜਾਂਦਾ, ਜਜ਼ਬ ਹੋ ਜਾਂਦਾ |
| ਫ਼ੌਲਾਦ | : | ਬਹੁਤ ਸਖ਼ਤ ਤੇ ਵਧੀਆ ਲੋਹਾ |
| ਫ਼ਿਫ਼ਥ ਐਵੇਨਿਊ | : | ਪੰਜਵੀਂ ਗਲ਼ੀ, ਪੰਜਵਾਂ ਰਾਹ |
| ਖਾੜੀ | : | ਸਮੁੰਦਰ ਦਾ ਉਹ ਹਿੱਸਾ ਜੋ ਦੂਰ ਤੱਕ ਖ਼ੁਸ਼ਕੀ ਦੇ ਅੰਦਰ ਚਲਾ ਗਿਆ ਹੋਵੇ। |
| ਕੈਫ਼ੇ | : | ਕਾਫ਼ੀ-ਹਾਊਸ, ਉਹ ਥਾਂ ਜਿੱਥੇ ਕਾਫ਼ੀ ਤਿਆਰ ਕਰ ਕੇ ਪਿਆਈ ਜਾਂਦੀ ਹੈ। |

3. **ਵਾਕਾਂ ਵਿੱਚ ਵਰਤੋ :**

ਸਜਾਵਟ, ਸਿਖਰਲੀ, ਚਰਨ ਪਾਉਣੇ, ਪ੍ਰਤੀਕ, ਗੰਧਲ਼ਾ, ਵਿਚਿੱਤਰ, ਵਾਕਈ, ਸ਼ਾਰਕਾਰ

### ਵਿਆਕਰਨ :

ਆਪਣੇ ਮਨ ਦੇ ਭਾਵ ਪ੍ਰਗਟ ਕਰਨ ਲਈ ਤੁਸੀਂ ਵਾਕ ਬੋਲਦੇ ਹੋ। ਕਈ ਵਾਰੀ ਇੱਕ ਸ਼ਬਦ ਜਾਂ ਵਾਕਾਂਸ਼ ਰਾਹੀਂ ਹੀ ਭਾਵ ਪ੍ਰਗਟ ਹੋ ਜਾਂਦਾ ਹੈ। ਇਸ ਤਰ੍ਹਾਂ ਬੋਲ ਕੇ ਜਾਂ ਲਿਖ ਕੇ ਗੱਲ ਦੱਸਦੇ ਸਮੇਂ ਤੁਸੀਂ ਸ਼ਬਦਾਂ ਦੀ ਵਰਤੋਂ ਕਰਦੇ ਹੋ।



Downloaded from https:// www.studiestoday.com

Downloaded from https:// www.studiestoday.com

ਤੁਸੀਂ ਪਿਛਲੀ ਸ਼੍ਰੇਣੀ ਵਿੱਚ ਵੀ ਪੜ੍ਹ ਚੁੱਕੇ ਹੋ ਕਿ ਵਿਆਕਰਨ ਅਨੁਸਾਰ ਇਹਨਾਂ ਸ਼ਬਦਾਂ ਦੀਆਂ ਅੱਠ ਸ਼੍ਰੇਣੀਆਂ ਵਿੱਚ ਵੰਡ ਕੀਤੀ ਜਾਂਦੀ ਹੈ। ਇਸ ਵੰਡ ਨੂੰ ਸ਼ਬਦ-ਭੇਦ ਆਖਦੇ ਹਨ।

ਇਹ ਅੱਠ ਸ਼ਬਦ-ਭੇਦ ਹਨ : ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਿਕ।

ਹਰ ਸ਼ਬਦ-ਭੇਦ ਦੀਆਂ ਅੱਗੋਂ ਕਈ-ਕਈ ਕਿਸਮਾਂ ਹਨ, ਜਿਵੇਂ : ਨਾਂਵ ਅਤੇ ਵਿਸ਼ੇਸ਼ਣ ਦੀਆਂ ਪੰਜ-ਪੰਜ ਕਿਸਮਾਂ ਹਨ ਅਤੇ ਪੜਨਾਂਵ ਦੀਆਂ ਛੇ ਕਿਸਮਾਂ ਹਨ। ਇਸੇ ਤਰ੍ਹਾਂ ਦੂਜੇ ਸ਼ਬਦ-ਭੇਦਾਂ ਦੀਆਂ ਵੀ ਵੱਖ-ਵੱਖ ਕਿਸਮਾਂ ਹਨ।

ਇਸ ਪਾਠ ਵਿੱਚੋਂ ਤੇ ਪਿਛਲੇ ਪਾਠਾਂ ਵਿੱਚੋਂ ਸ਼ਬਦ-ਭੇਦਾਂ ਦੀਆਂ ਅਤੇ ਉਹਨਾਂ ਦੀਆਂ ਕਿਸਮਾਂ ਦੀਆਂ ਦੋ-ਦੋ ਉਦਾਹਰਨਾਂ ਦਿਓ।

ਇਹ ਲੇਖ ਪੰਜਾਬੀ ਦੇ ਪ੍ਰਸਿੱਧ ਲੇਖਕ ਬਲਵੰਤ ਗਾਰਗੀ ਦੇ ਸਫ਼ਰਨਾਮੇ 'ਪਾਤਾਲ਼ ਦੀ ਧਰਤੀ' ਵਿੱਚੋਂ ਲਿਆ ਗਿਆ ਹੈ। ਆਪਣੇ ਸਕੂਲ ਦੀ ਲਾਇਬ੍ਰੇਰੀ ਵਿੱਚੋਂ ਲੇਖਕ ਦੀ ਇਹ ਪੁਸਤਕ ਲੈ ਕੇ ਪੜ੍ਹੋ।

ਆਪਣੇ ਪ੍ਰਾਂਤ, ਭਾਰਤ ਦੇ ਕਿਸੇ ਹੋਰ ਪ੍ਰਾਂਤ ਜਾਂ ਵਿਦੇਸ਼ ਵਿੱਚ ਕੀਤੀ ਆਪਣੀ ਯਾਤਰਾ ਦਾ ਸੰਖੇਪ ਹਾਲ ਲਿਖ ਕੇ ਆਪਣੇ ਅਧਿਆਪਕ ਜੀ ਨੂੰ ਦਿਖਾਓ।



Downloaded from https:// www.studiestoday.com

Downloaded from https:// www.studiestoday.com

ਪਾਠ-26

# ਗੱਗੂ

ਮੈਂ ਆਪਣੇ ਸਕੂਲੋਂ ਆਉਂਦਿਆਂ ਬਸਤਾ ਕੰਧੋਲ਼ੀ 'ਤੇ ਰੱਖ ਕੇ ਚਾਹ ਪੀਣ ਲਈ ਮਾਂ ਦੇ ਪੈਰਾਂ ਹੇਠ ਅੱਗ ਮਚਾ ਦਿੱਤੀ। ਮਾਂ ਨੇ ਝੱਟ-ਪੱਟ ਪਿੱਤਲ਼ ਦੇ ਗਲਾਸ ਵਿੱਚ ਚਾਹ ਪਾ ਕੇ ਫੜਾਉਂਦਿਆਂ ਕਿਹਾ,"ਭਲ਼ਕੇ ਤਾਂ ਮੈਂ ਆਪਣੇ ਪੁੱਤਰ ਨੂੰ ਬਾਹੁਲ਼ੀ ਖਾਣ ਨੂੰ ਦੇਵਾਂਗੀ!" "ਬਾਹੁਲ਼ੀ!" ਮੈਂ ਹੈਰਾਨੀ ਨਾਲ਼ ਪੁੱਛਿਆ।

"ਹਾਂ, ਬਾਹੁਲ਼ੀ, ਅੱਜ ਦੁਪਹਿਰੇ ਆਪਣੀ ਮੀਣੀ ਮੱਝ ਸੂ ਪਈ ਹੈ, ਬਹੁਤ ਸੋਹਣਾ ਪੰਜ-ਕਲਿਆਣਾ ਕੱਟਾ ਦਿੱਤਾ ਐ।"

ਇਹ ਸੁਣ ਕੇ ਮੈਂ ਅੱਧੀ ਚਾਹ ਗਲਾਸ ਵਿੱਚ ਹੀ ਛੱਡ ਕੇ ਮੀਣੀ ਮੱਝ ਦੀ ਖੁਰਲੀ ਵੱਲ ਨੂੰ ਭੱਜ ਗਿਆ। ਖੁਰਲੀ ਦੇ ਮੁੱਢ 'ਚ ਮੱਝ ਮੂਹਰੇ ਬਹੁਤ ਸੋਹਣਾ, ਸ਼ਾਹ-ਕਾਲ਼ਾ ਕੱਟਾ ਪਿਆ ਸੀ। ਪਿਆਰਾ-ਪਿਆਰਾ ਤੇ ਭੋਲੂ ਜਿਹਾ! ਉਸ ਦਾ ਬੱਲ੍ਹਾ ਮੱਥਾ (ਚਿੱਟੇ ਫੁੱਲ ਵਾਲ਼ਾ) ਮੈਨੂੰ ਗੋਰਾ-ਗੋਰਾ ਲੱਗਿਆ। ਚਾਰੇ ਖੁਰ ਹੇਠੋਂ ਇੱਕ-ਇੱਕ ਗਿੱਠ ਚਿੱਟੇ ਜਿਵੇਂ ਚੰਹੁਆਂ ਨੂੰ ਮਿਣ ਕੇ ਚਿੱਟਾ ਰੰਗ ਕੀਤਾ ਹੋਵੇ। ਪੂਛ ਦਾ ਪਿਛਲਾ ਹਿੱਸਾ ਵੀ ਥੋੜ੍ਹਾ ਜਿਹਾ ਬੱਗਾ ਸੀ।

ਮੱਝ, ਕੱਟੇ ਨੂੰ ਪਿਆਰ ਨਾਲ਼ ਚੱਟ ਕੇ ਮਮਤਾ ਵੀ ਵਿਖਾ ਰਹੀ ਸੀ ਤੇ ਉਸ ਦੇ ਮਿੱਟੀ ਨਾਲ਼ ਲਿੱਬੜੇ ਪਿੰਡੇ ਨੂੰ ਜੀਭ ਨਾਲ਼ ਸਾਫ਼ ਵੀ ਕਰ ਰਹੀ ਸੀ। ਉਹ ਕਦੇ ਕੱਟੇ ਦੀਆਂ ਅੱਖਾਂ ਚੱਟਦੀ, ਕਦੇ ਮੱਥਾ ਚੱਟਦੀ, ਕਦੇ ਕੰਨ ਚੱਟਦੀ, ਕਦੇ 'ਪੁੱਚ-ਪੁੱਚ' ਕਰ ਕੇ ਉਹਦੇ ਸਾਰੇ ਪਿੰਡੇ 'ਤੇ ਹੀ ਜੀਭ ਫੇਰ ਦਿੰਦੀ। ਪਹਿਲੀ-ਨਜ਼ਾਰੇ ਹੀ ਮੈਨੂੰ ਕੱਟੇ ਨਾਲ਼ ਪਿਆਰ ਜਿਹਾ ਹੋ ਗਿਆ।

ਏਨੇ ਨੂੰ ਮਾਂ ਆ ਗਈ। ਮੈਨੂੰ ਡੰਡਾ ਫੜਾ ਕੇ ਮੱਝ ਦੇ ਨੇੜੇ ਬਿਠਾ ਕੇ ਹਿਦਾਇਤ ਕੀਤੀ, "ਇੱਥੇ ਬੈਠ ਕੇ ਧਿਆਨ ਰੱਖੀਂ। ਕਾਂ-ਕੁੱਤਾ ਕੱਟੇ ਦੇ ਖੁਰਾਂ ਨੂੰ ਮੂੰਹ ਨਾ ਮਾਰ ਜਾਵੇ। ਕਟਡੂਆਂ ਦੇ ਖੁਰ ਕੂਲ਼ੇ ਤੇ ਕੱਚੇ ਹੁੰਦੇ ਨੇ। ਜਾਨਵਰਾਂ ਤੋਂ ਇਹਨਾਂ ਨੂੰ ਬਚਾ ਕੇ ਰੱਖਣਾ ਪੈਂਦਾ ਐ।"

ਕਿੱਕਰ 'ਤੇ ਬੈਠੇ ਕਾਂ ਨੇ ਦੋ-ਤਿੰਨ ਵਾਰ ਮੈਨੂੰ ਝਕਾਨੀ ਦੇ ਕੇ ਠੂੰਗਾ ਮਾਰਨ ਦੀ ਕੋਸ਼ਸ਼ ਕੀਤੀ ਪਰ ਮੈਂ ਹਰ ਵਾਰੀ ਉਸ ਨੂੰ ਡੰਡਾ ਹਿਲਾ ਕੇ ਉਡਾ ਦਿੰਦਾ।

ਨਿੱਕਾ ਜਿਹਾ ਕੱਟਾ ਉੱਠ ਕੇ ਤੁਰਨ ਦੀ ਕੋਸ਼ਸ਼ ਕਰਦਾ ਪਰ ਹਰ ਵਾਰ ਧੜੰਮ ਕਰ ਕੇ ਉੱਥੇ ਹੀ ਡਿਗ ਪੈਂਦਾ।ਮੱਝ ਭੱਜ ਕੇ ਉਧਰ ਜਾਂਦੀ।ਉਸ ਨੂੰ ਸਗੋਂ ਹੋਰ ਜ਼ੋਰ ਨਾਲ਼ ਚੱਟਣ ਲੱਗ ਜਾਂਦੀ।

"ਮਾਂ! ਆਪਾਂ ਕੱਟੇ ਦਾ ਸੋਹਣਾ ਜਿਹਾ ਨਾਂ ਰੱਖੀਏ! ਮੈਨੂੰ ਇਹ ਭੋਲੂ ਜਿਹਾ ਬਹੁਤ ਚੰਗਾ ਲੱਗਦਾ ਐ। ਆਪਾਂ ਇਸ ਨੂੰ 'ਗੱਗੂ' ਕਿਹਾ ਕਰਾਂਗੇ।"

"ਤੈਨੂੰ ਤਾਂ ਹਰ ਵੇਲ਼ੇ ਕਾਵਾਂ-ਕੁੱਤਿਆਂ ਦੇ ਨਾਂ ਸੁੱਝਦੇ ਰਹਿੰਦੇ ਆ," ਮਾਂ ਨੇ ਕਿਹਾ।ਉਸ ਦਿਨ ਤੋਂ ਬਾਅਦ ਪਤਾ ਨਹੀਂ ਕਿਵੇਂ ਘਰ ਵਿੱਚ ਸਾਰੇ ਹੀ ਉਸ ਨੂੰ 'ਗੱਗੂ' ਕਹਿਣ ਲੱਗ ਪਏ। ਆਥਣ, ਸਵੇਰ ਜਦੋਂ ਧਾਰ



Downloaded from https:// www.studiestoday.com

Downloaded from https:// www.studiestoday.com

ਕੱਢਣ ਦੀ ਗੱਲ ਹੁੰਦੀ ਤਾਂ ਮਾਂ ਕਹਿੰਦੀ,"ਗੱਗੂ ਦੀ ਮਾਂ ਦੀ ਧਾਰ ਕੱਢ ਲਈ ਆ ਕਿ ਨਹੀਂ ?"

ਜਿਵੇਂ ਘਰਾਂ ਵਿੱਚ ਆਮ ਹੁੰਦਾ ਹੈ-ਛੋਟੇ ਹੁੰਦਿਆਂ ਨੂੰ ਵੱਧ ਪਿਆਰ ਮਿਲ਼ਦਾ ਹੈ ਤੇ ਫੇਰ ਇਹ ਹੌਲ਼ੀ-ਹੌਲ਼ੀ ਘਟਦਾ ਜਾਂਦਾ ਹੈ। ਗੱਗੂ ਨਾਲ਼ ਵੀ ਇਸੇ ਤਰ੍ਹਾਂ ਹੋਇਆ। ਜਿਵੇਂ-ਜਿਵੇਂ ਗੱਗੂ ਵੱਡਾ ਹੋ ਰਿਹਾ ਸੀ, ਘਰਦਿਆਂ ਦੀ ਉਸ ਨਾਲ਼ ਸਾਂਝ ਘਟਦੀ ਗਈ। ਉਸ ਨਾਲ਼ ਮੇਰੀ ਸਾਂਝ ਦਿਨੋ-ਦਿਨ ਵਧਦੀ ਗਈ। ਹੁਣ ਗੱਗੂ ਮੇਰੇ ਪਿਆਰ ਨੂੰ ਮਹਿਸੂਸ ਕਰਨ ਲੱਗ ਪਿਆ ਸੀ। ਮੈਂ ਜਦੋਂ ਵੀ ਉਸ ਦੇ ਸਿਰ 'ਤੇ ਹੱਥ ਫੇਰਦਾ, ਉਹ ਮੇਰਾ ਹੱਥ ਚੱਟਣ ਲੱਗ ਪੈਂਦਾ। ਮੈਂ ਜਦੋਂ ਵੀ ਉਸ ਦੇ ਨੇੜੇ ਦੀ ਲੰਘਦਾ, ਗੱਗੂ ਮੈਨੂੰ ਵੇਖ ਕੇ ਜ਼ਰੂਰ ਅੜਿੰਗਦਾ।

ਇੱਕ ਦਿਨ ਗੱਗੂ ਦੇ ਪਿੰਡੇ 'ਤੇ ਹੱਥ ਫੇਰਨ ਸਮੇਂ ਮੈਨੂੰ ਜਾਪਿਆ ਕਿ ਉਹ ਪਹਿਲਾਂ ਨਾਲ਼ੋਂ ਕਮਜ਼ੋਰ ਹੋ ਗਿਆ ਹੈ। ਜਦੋਂ ਮਾਂ ਨਾਲ਼ ਇਹ ਗੱਲ ਕੀਤੀ ਤਾਂ ਉਹਨੇ ਕਿਹਾ, "ਗੱਗੂ ਹੁਣ ਥੋੜ੍ਹਾ ਵੱਡਾ ਹੋ ਗਿਆ ਹੈ। ਪਹਿਲਾਂ ਉਸ ਨੂੰ ਦੋ ਥਣ ਚੁੰਘਾਉਂਦੇ ਸੀ। ਫੇਰ ਇੱਕ, ਹੁਣ ਤਾਂ ਬੱਸ ਗੱਗੂ ਦਾ ਥਣਾਂ ਨੂੰ ਮੂੰਹ ਲਵਾ ਕੇ, ਜਦੋਂ ਮੱਝ ਪਸਮ ਪਵੇ, ਗੱਗੂ ਨੂੰ ਪਰ੍ਹੇ ਹਟਾ ਕੇ ਦੂਜੇ ਕਿੱਲੇ ਨਾਲ਼ ਬੰਨ੍ਹ ਦਿੰਦੇ ਹਾਂ।"

"ਪਰ ਮਾਂ! ਮੀਣੀ ਮੱਝ ਤਾਂ ਗੱਗੂ ਦੀ ਆਪਣੀ ਮਾਂ ਹੈ। ਆਪਾਂ ਗੱਗੂ ਨੂੰ ਉਸ ਦੀ ਆਪਣੀ ਮਾਂ ਦਾ ਹੀ ਦੁੱਧ ਕਿਉਂ ਨਹੀਂ ਪੀਣ ਦਿੰਦੇ ?" ਮੈਂ ਪੁੱਛਿਆ।

ਮੈਂ ਕਈ ਵਾਰ 'ਨ੍ਹੇਰੇ-ਸਵੇਰੇ ਧਾਰ ਕੱਢਣ ਤੋਂ ਪਹਿਲਾਂ ਗੱਗੂ ਨੂੰ ਕਿੱਲੇ ਤੋਂ ਖੋਲ੍ਹ ਦਿੰਦਾ। ਗੱਗੂ ਝੱਟ ਆਪਣੀ ਮਾਂ ਦਾ ਸਾਰਾ ਹੀ ਦੁੱਧ ਗਪਲ਼-ਗਪਲ਼ ਕਰ ਕੇ ਚੁੰਘ ਜਾਂਦਾ। ਘਰ 'ਚ ਕਦੇ ਵੀ ਮੇਰੀ ਇਸ ਸ਼ਰਾਰਤ ਦਾ ਪਤਾ ਨਾ ਲੱਗਾ।

ਗੱਗੂ ਹੋਰ ਵੱਡਾ ਹੋ ਗਿਆ। ਮੈਂ ਜਦੋਂ ਹੱਥ 'ਚ ਫੜੀ ਰੋਟੀ ਦਿਖਾ ਕੇ ਗੱਗੂ ਕਹਿ ਕੇ 'ਵਾਜ ਮਾਰਦਾ ਤਾਂ ਉਹ ਭੱਜਾ ਆਉਂਦਾ। ਮੇਰੇ ਹੱਥੋਂ ਰੋਟੀ ਖਾ ਕੇ ਮਗਰੋਂ ਮੇਰਾ ਹੱਥ ਚੱਟਣ ਲੱਗ ਪੈਂਦਾ। ਕਈ ਵਾਰ ਲਾਡ ਨਾਲ਼ ਮੇਰੇ ਪੋਲੀਆਂ-ਪੋਲੀਆਂ ਢੁੱਡਾਂ ਵੀ ਮਾਰਦਾ।

ਮੈਂ ਜਦੋਂ ਵੀ ਗੁੜ ਦੀਆਂ ਰੋੜੀਆਂ ਗੱਗੂ ਦੇ ਮੂੰਹ 'ਚ ਪਾਉਂਦਾ, ਉਹ ਗੁੜ ਖਾ ਕੇ ਮੇਰੀਆਂ ਉਂਗਲ਼ਾਂ ਨੂੰ ਚੱਟਣ ਲੱਗ ਪੈਂਦਾ। ਇਸ ਤਰ੍ਹਾਂ ਲੱਗਦਾ, ਜਿਵੇਂ ਉਹ ਆਪਣੀ ਮਾਂ ਦਾ ਦੁੱਧ ਚੁੰਘ ਰਿਹਾ ਹੋਵੇ।

ਕਈ ਵਾਰ ਸ਼ਰਾਰਤ ਨਾਲ਼ ਹੱਥ 'ਚ ਰੋਟੀ ਫੜ ਕੇ ਮੈਂ ਗੱਗੂ ਕੋਲ਼ ਹੱਥ ਉੱਚਾ ਕਰ ਕੇ ਖੜ੍ਹ ਜਾਂਦਾ। ਉਸ ਦਾ ਰੋਟੀ ਤੱਕ ਮੂੰਹ ਨਾ ਅੱਪੜਦਾ। ਉਹ ਧੌਣ ਉੱਚੀ ਕਰ ਕੇ ਰੋਟੀ ਖੋਹਣ ਦੀ ਕੋਸ਼ਸ ਕਰਦਾ। ਜੇ ਫੇਰ ਵੀ ਮੂੰਹ ਨਾ ਅੱਪੜਦਾ ਤਾਂ ਮੈਨੂੰ ਧੌਂਡੇ ਲਾਉਣ ਦੀ ਕੋਸ਼ਸ਼ ਕਰਦਾ।

ਰੋਟੀ ਖੁਆ ਕੇ ਮੈਂ ਇਸ਼ਾਰੇ ਨਾਲ਼ ਕਹਿੰਦਾ,"ਗੱਗੂ ਚੱਲ ਆਪਣੇ ਕਿੱਲੇ 'ਤੇ ਚਲਿਆ ਜਾਹ," ਤਾਂ ਗੱਗੂ ਇਸ਼ਾਰਾ ਸਮਝ ਕੇ ਝੱਟ ਵਾਪਸ ਮੁੜ ਜਾਂਦਾ।

ਕਦੇ-ਕਦੇ ਮੈਂ ਖਾਣ ਵਾਲ਼ੀ ਕੋਈ ਹੋਰ ਚੀਜ਼ ਗੱਗੂ ਨੂੰ ਦਿਖਾ ਕੇ ਉਸ ਦੇ ਅੱਗੇ-ਅੱਗੇ ਭੱਜ ਜਾਂਦਾ। ਗੱਗੂ ਪਿੱਛੇ-ਪਿੱਛੇ ਦੌੜਦਾ। ਅਸੀਂ ਘਰ ਵਿੱਚ ਕਈ ਗੇੜੇ ਕੱਢਦੇ। ਮਾਂ ਅੱਕ ਕੇ ਆਖਦੀ,"ਬਲੋਲ੍ਹਾ! ਕੱਟੇ ਤੋਂ ਸਾਰਾ ਵਿਹੜਾ ਪੁਟਾ ਦਿੱਤਾ। ਮੈਂ ਤਾਂ ਪਹਿਲਾਂ ਹੀ ਮਸਾਂ-ਮਸਾਂ ਸੰਭਰਿਆ-ਸੂਰ੍ਹਿਆ ਸੀ।"



Downloaded from https:// www.studiestoday.com

Downloaded from https:// www.studiestoday.com

ਮੈਂ ਸਕੂਲੋਂ ਆ ਕੇ ਕਦੇ-ਕਦੇ ਮੱਝਾਂ ਚਾਰਨ ਜਾਂਦਾ। ਗੱਗੂ ਵੀ ਨਾਲ਼ ਹੁੰਦਾ। ਬਾਕੀ ਪਸ਼ੂਆ ਨਾਲ਼ੋਂ ਅੱਡ ਕਰ ਕੇ, ਗੱਗੂ ਨੂੰ ਉਧੱਰ ਚਰਨ ਲਈ ਛੱਡ ਦਿੰਦਾ ਜਿੱਧਰ ਵਧੀਆ ਲਵਾ-ਲਵਾ ਹਰਾ ਘਾਹ ਹੁੰਦਾ।

ਘਰ ਦੇ ਅੰਦਰ, ਬਾਹਰ ਕੰਧਾਂ 'ਤੇ ਕੋਲੇ ਨਾਲ਼ ਮੈਂ 'ਗੱਗੂ' ਲਿਖ ਦਿੱਤਾ ਸੀ। ਮਾਂ ਨੇ ਕਈ ਵਾਰ ਟੋਕਿਆ, "ਕਿਉਂ ਸਾਰੀਆਂ ਕੰਧਾਂ ਕਾਲ਼ੀਆਂ ਕਰਦਾ ਰਹਿੰਦਾ ਐਂ?"

ਮਾਸਟਰ ਜੀ ਨੇ ਇੱਕ ਵਾਰ ਮੇਰੀ ਕਾਪੀ 'ਤੇ 'ਗੱਗੂ' ਲਿਖਿਆ ਪੜ੍ਹ ਕੇ ਪੁੱਛਿਆ ਸੀ, "ਇਹ ਕੀਹਦਾ ਨਾਂ ਐਂ?" ਮੈਂ ਕਿਹਾ, "ਮਾਸਟਰ ਜੀ, ਇਹ ਮੇਰੇ ਆੜ੍ਹੀ ਦਾ ਨਾਂ ਹੈ।"

ਭਾਵੇਂ ਗੱਗੂ ਅੱਗੇ ਨਾਲ਼ੋਂ ਕਾਫ਼ੀ ਵੱਡਾ ਹੋ ਗਿਆ ਸੀ ਪਰ ਉਸ ਦੀਆਂ ਮੇਰੇ ਨਾਲ਼ ਕੀਤੀਆਂ ਜਾਣ ਵਾਲ਼ੀਆਂ ਸ਼ਰਾਰਤਾਂ ਅਤੇ ਪਿਆਰ ਵਿੱਚ ਕੋਈ ਕਮੀ ਨਹੀਂ ਆਈ ਸੀ।

ਮੈਂ ਜਦੋਂ ਵੀ ਸਕੂਲੋਂ ਆਉਂਦਾ, ਮੈਨੂੰ ਬੂਹੇ 'ਚ ਦੇਖ ਗੱਗੂ ਇੱਕ ਵਾਰ ਜ਼ਰੂਰ ਅੜਿੰਗਦਾ। ਮੈਨੂੰ ਵੀ ਪਤਾ ਲੱਗ ਜਾਂਦਾ ਕਿ ਗੱਗੂ ਨੂੰ ਮੇਰੇ ਆਏ ਦਾ ਪਤਾ ਲੱਗ ਗਿਆ ਹੈ। ਮੈਂ ਬਸਤਾ ਰੱਖ ਕੇ ਉਸ ਦੇ ਪਿੰਡੇ ਤੇ ਸਿਰ 'ਤੇ ਹੱਥ ਫੇਰਦਾ। ਨਿੱਕੇ-ਨਿੱਕੇ ਸਿੰਗਾਂ ਹੇਠਾਂ ਪੋਲੀ-ਪੋਲੀ ਖੁਰਕ ਕਰਦਾ। ਜਦੋਂ ਤੱਕ ਗੱਗੂ ਮੇਰੇ ਨਾਲ਼ ਲਾਡੀਆਂ-ਬਾਡੀਆਂ ਨਾ ਕਰ ਲੈਂਦਾ, ਮੈਨੂੰ ਟੇਕ ਨਾ ਅਉਂਦੀ।

ਵੱਡਾ ਹੋਣ ਕਰ ਕੇ ਗੱਗੂ ਹੁਣ ਦੁੱਧ ਚੁੰਘਣਾ ਛੱਡ ਚੁੱਕਾ ਸੀ, ਸ਼ਾਇਦ ਘਰਦਿਆਂ ਨੇ ਛੁਡਾ ਦਿੱਤਾ ਸੀ। ਹੁਣ ਤਾਂ ਉਹ ਆਪਣੇ ਹਿੱਸੇ ਆਉਂਦੇ ਪੱਠੇ ਹੀ ਖਾਂਦਾ। ਜਦੋਂ ਕਦੇ ਰਾਤ ਨੂੰ ਰੱਸਾ ਤੁੜਾ ਕੇ ਉਹ ਆਪਣੀ ਮਰਜ਼ੀ ਨਾਲ਼ ਰੱਜ ਕੇ ਪੱਠੇ ਖਾ ਲੈਂਦਾ ਤਾਂ ਮੈਨੂੰ ਬਹੁਤ ਖ਼ੁਸ਼ੀ ਹੁੰਦੀ।

ਕਈ ਵਾਰ ਗੱਗੂ ਨਾਲ਼ ਖੇਡਦਿਆਂ-ਖੇਡਦਿਆਂ ਮੈਂ ਉਸ ਨੂੰ ਜੱਫੀ ਪਾ ਲੈਂਦਾ। ਮਾਂ ਝਿੜਕ ਕੇ ਕਹਿੰਦੀ, "ਕਿਉਂ ਕੱਟੇ ਨੂੰ ਚੁੰਮੀ-ਚੱਟੀ ਜਾਨੈਂ। ਮੂੰਹ 'ਚ ਗੰਦੇ ਵਾਲ਼ ਪੈ ਜਾਣਗੇ।"

ਮੈਂ ਮਾਂ ਨੂੰ ਕਹਿੰਦਾ, "ਗੱਗੂ ਵੀ ਤਾਂ ਮੈਨੂੰ ਪਿਆਰ ਕਰਦਾ ਹੈ।"

ਇੱਕ ਦਿਨ ਜਦੋਂ ਮੈਂ ਸਕੂਲੋਂ ਪਰਤਿਆ ਤਾਂ ਮੈਨੂੰ ਗੱਗੂ ਦਾ ਅੜਿੰਗਣਾ ਸੁਣਾਈ ਨਾ ਦਿੱਤਾ। ਮੈਂ ਸੋਚਿਆ ਸ਼ਾਇਦ ਗੱਗੂ ਏਧਰ-ਉੱਧਰ ਹੋਵੇਗਾ। ਮੈਂ "ਗੱਗੂ! ਗੱਗੂ!" ਕਰ ਕੇ ਕਈ 'ਵਾਜਾਂ-ਮਾਰੀਆਂ ਪਰ ਗੱਗੂ ਨੇ ਕੋਈ ਉੱਤਰ ਨਾ ਦਿੱਤਾ। ਕਿੱਲੇ 'ਤੇ ਜਾ ਕੇ ਦੇਖਿਆ ਤਾਂ ਗੱਗੂ ਉੱਥੇ ਨਹੀਂ ਸੀ। ਮੈਨੂੰ ਅਚਵੀ ਲੱਗ ਗਈ। ਮਾਂ ਨੂੰ ਪੁੱਛਿਆ, "ਗੱਗੂ ਕਿੱਥੇ ਆ, ਮਾਂ?"

ਪਹਿਲਾਂ ਤਾਂ ਮਾਂ ਨੇ ਕਈ ਆਨੇ-ਬਹਾਨੇ ਕੀਤੇ। ਫੇਰ ਮੇਰੇ ਜ਼ਿਦ ਕਰਨ 'ਤੇ ਦੱਸ ਦਿੱਤਾ ਕਿ ਤੇਰਾ ਗੱਗੂ ਤੇਰੇ ਬਾਪੂ ਨੇ ਵੇਚ ਦਿੱਤਾ ਹੈ। ਮੈਂ ਇਹ ਸੁਣ ਕੇ ਕੰਬ ਗਿਆ। ਰੋਂਦੇ-ਰੋਂਦੇ ਨੇ ਮੈਂ ਭਰੇ-ਪੀਤੇ ਮਨ ਨਾਲ਼ ਪੁੱਛਿਆ,

"ਮੇਰਾ ਗੱਗੂ ਤੁਸੀਂ ਕਿਉਂ ਵੇਚਿਆ?"

"ਆਪਾਂ ਨੂੰ ਪੈਸਿਆਂ ਦੀ ਲੋੜ ਸੀ," ਮਾਂ ਨੇ ਕਿਹਾ।

ਇਸ ਘਟਨਾ ਤੋਂ ਤਿੰਨ ਦਿਨ ਮਗਰੋਂ ਤੱਕ ਮੈਂ ਰੋਟੀ ਨਾ ਖਾਧੀ। ਮਾਂ ਨੇ ਮਿੰਨਤ-ਤਰਲਾ ਅਤੇ ਪਿਆਰ ਕਰ ਕੇ ਮੈਨੂੰ ਰੋਟੀ ਖੁਆਈ। ਮਾਂ ਨੇ ਲਾਰਾ ਵੀ ਲਾਇਆ ਕਿ ਆਪਾਂ ਗੱਗੂ ਨੂੰ ਲੈ ਆਵਾਂਗੇ।



Downloaded from https:// www.studiestoday.com

Downloaded from https:// www.studiestoday.com

ਮੈਂ ਬਾਪੂ ਨੂੰ ਕਿਹਾ, "ਆਪਾਂ, ਆਪਣੇ ਗੱਗੂ ਨੂੰ ਵਾਪਸ ਲੈ ਆਈਏ।" "ਵੇਚੀ ਚੀਜ਼ ਵਾਪਸ ਨਹੀਂ ਲਿਆਂਦੀ ਜਾਂਦੀ," ਬਾਪੂ ਦਾ ਇੱਕ-ਟੁੱਕ ਉੱਤਰ ਸੀ।

ਕਈ ਦਿਨਾਂ ਬਾਅਦ ਮੇਰੇ ਜਮਾਤੀ ਦੋਸਤ ਪਾਲੇ ਨੇ ਦੱਸਿਆ, "ਤੇਰਾ ਗੱਗੂ ਤੇਰੇ ਬਾਪੂ ਨੇ ਆਪਣੇ ਹੀ ਪਿੰਡ ਦੇ ਦਲੀਪੇ ਨੂੰ ਵੇਚਦਿਆਂ, ਮੈਂ ਆਪਣੀ ਅੱਖੀਂ ਵੇਖਿਆ ਸੀ। ਦਲੀਪਾ ਗੱਗੂ ਨੂੰ ਕਿੱਕਰ ਨਾਲ਼ ਨੂੜ ਕੇ ਨੱਥ ਮਾਰ ਰਿਹਾ ਸੀ। ਦਲੀਪੇ ਨੇ ਪਹਿਲਾਂ ਤਿੱਖਾ ਸੂਆ ਗੱਗੂ ਦੇ ਨੱਕ 'ਚੋਂ ਲੰਘਾਇਆ। ਫਿਰ ਮੋਰੀ ਵਿੱਚ ਦੀ ਰੱਸੀ ਦੀ ਨੱਥ ਪਾ ਦਿੱਤੀ।"

ਪਾਲੇ ਨੇ ਦੱਸਿਆ,"ਜਦੋਂ ਦਲੀਪੇ ਨੇ ਗੱਗੂ ਦੇ ਨੱਕ 'ਚ ਮੋਰੀ ਕੀਤੀ, ਤਾਂ ਗੱਗੂ ਬਹੁਤ ਤੜਫਿਆ, ਬਹੁਤ ਅੜਿੰਗਿਆ, ਜਿਵੇਂ ਤੈਨੂੰ 'ਵਾਜਾਂ ਮਾਰ ਰਿਹਾ ਹੋਵੇ।"

ਪਾਲੇ ਦੀ ਗੱਲ ਸੁਣਦਿਆਂ ਸਾਰ ਮੈਂ ਨੰਗੇ ਪੈਰੀਂ ਦਲੀਪੇ ਦੇ ਘਰ ਵੱਲ ਸ਼ੂਟ ਵੱਟ ਲਈ। ਮਾਂ ਨੇ ਮੈਨੂੰ ਪਿੱਛੋ ਫੜਨ ਦੀ ਕੋਸ਼ਸ਼ ਕੀਤੀ ਪਰ ਮੈਂ ਚਿੜੀ-ਪੂੰਝਾ ਛੁਡਾ ਕੇ ਭੱਜ ਗਿਆ।

ਮੈਂ ਦਲੀਪੇ ਦੇ ਪਸ਼ੂਆਂ ਵਾਲ਼ੇ ਵਾੜੇ ਵਿੱਚ ਪਹੁੰਚ ਗਿਆ। ਗੱਗੂ ਇੱਕ ਨੁੱਕਰ 'ਚ ਗੋਹੇ ਨਾਲ਼ ਲਿੱਬੜਿਆ-ਤਿਬੜਿਆ ਉਦਾਸ ਖੜ੍ਹਾ ਸੀ। ਮੈਂ ਭੱਜ ਕੇ ਗੱਗੂ ਦੇ ਗਲ਼ ਨੂੰ ਚੰਬੜ ਗਿਆ। ਗੱਗੂ ਦਾ ਨੱਕ ਦੀ ਪੀੜ ਨੇ ਬੁਰਾ ਹਾਲ ਕਰ ਦਿੱਤਾ ਸੀ। ਗੱਗੂ ਨੇ ਮੈਨੂੰ ਦੇਖ ਦੇ ਅੜਿੰਗਣ ਦੀ ਕੋਸ਼ਸ਼ ਕੀਤੀ ਪਰ ਪੀੜ ਨਾਲ਼ ਉਸ ਦੀ ਅਵਾਜ਼ ਸੰਘ ਵਿੱਚ ਹੀ ਅਟਕ ਕੇ ਰਹਿ ਗਈ। ਉਸ ਨੇ ਸਿਰਫ਼ ਮੁਰਦਾ ਅਵਾਜ਼ ਵਿੱਚ ਹੀ ਮੇਰੀ ਹਾਕ ਦਾ ਹੁੰਗਾਰਾ ਭਰਿਆ। ਗੱਗੂ ਦੇਖਣ ਨੂੰ ਵੀ ਬਹੁਤ ਮਾੜਚੂ ਜਿਹਾ ਲੱਗ ਰਿਹਾ ਸੀ। ਮੈਂ ਬਹੁਤ ਦੇਰ ਗੱਗੂ ਨੂੰ ਜੱਫੀ ਪਾ ਕੇ ਖੜ੍ਹਾ ਰਿਹਾ।

ਏਨੇ ਨੂੰ ਦੇਖਿਆ ਕਿ ਮਾਂ ਮੇਰੇ ਪਿੱਛੇ ਖੜ੍ਹੀ ਸੀ।

"ਕੋਈ ਨਾ ਪੁੱਤ, ਆਪਾਂ ਥੋੜ੍ਹੇ ਦਿਨਾਂ ਤੱਕ ਆਪਣੇ ਗੱਗੂ ਨੂੰ ਆਪਣੇ ਘਰ ਲੈ ਚੱਲਾਂਗੇ," ਮਾਂ ਨੇ ਕਿਹਾ। "ਨਹੀਂ, ਮੈਂ ਤਾਂ ਗੱਗੂ ਨੂੰ ਹੁਣੇ ਲੈ ਕੇ ਜਾਵਾਂਗਾ, ਦੇਖ ਦਲੀਪੇ ਨੇ ਮੇਰੇ ਗੱਗੂ ਦਾ ਬੁਰਾ ਹਾਲ ਕਰ ਦਿੱਤਾ ਹੈ। ਦਲੀਪੇ ਨੇ ਮੇਰੇ ਗੱਗੂ ਦਾ ਨੱਕ ਕਿਉਂ ਪਾੜਿਆ ਹੈ?"

ਗੱਗੂ ਨੇ ਮੇਰਾ ਹੱਥ ਚੱਟਣ ਦੀ ਕੋਸ਼ਸ਼ ਕੀਤੀ ਪਰ ਪੀੜ ਨਾਲ਼ ਉਸ ਦੀ ਜ਼ੁਬਾਨ ਬਾਹਰ ਨਾ ਨਿਕਲ਼ ਸਕੀ।

ਮਾਂ ਮੈਨੂੰ ਮਿੱਠੀਆਂ-ਮਿੱਠੀਆਂ ਗੱਲਾਂ 'ਚ ਲਾ ਕੇ ਵਾਪਸ ਘਰ ਲੈ ਆਈ।

ਅਗਲੇ ਦਿਨ ਜਦੋਂ ਮੈਂ ਸਕੂਲ ਜਾ ਰਿਹਾ ਸੀ ਤਾਂ ਮੈਂ ਦੂਰੋਂ ਆਉਂਦੀ ਦਲੀਪੇ ਦੀ ਰੇੜ੍ਹੀ ਸਿਆਣ ਲਈ। ਗੱਗੂ ਨੂੰ ਗੱਡੀ ਅੱਗੇ ਜੋੜ ਕੇ ਰੇੜ੍ਹੀ ਉੱਤੇ ਪੱਠੇ ਲੱਦੇ ਹੋਏ ਸਨ। ਗੱਗੂ ਮਸਾਂ ਤੁਰ ਰਿਹਾ ਸੀ। ਦਲੀਪਾ ਗੱਗੂ ਨੂੰ ਤੇਜ਼ ਤੋਰਨ ਲਈ ਜ਼ੋਰ-ਜ਼ੋਰ ਨਾਲ਼ ਸੋਟੀਆਂ ਮਾਰ ਰਿਹਾ ਸੀ। ਜਦੋਂ ਗੱਗੂ ਮੇਰੇ ਨੇੜੇ ਆਇਆ ਤਾਂ ਮੈਂ ਦੇਖਿਆ ਉਸ ਦੇ ਪਿੰਡੇ 'ਤੇ ਸੋਟੀਆਂ ਦੀਆਂ ਬਹੁਤ ਸਾਰੀਆਂ ਲਾਸਾਂ ਉੱਭਰੀਆਂ ਹੋਈਆਂ ਸਨ। ਮੇਰੇ ਬਰਾਬਰ ਆ ਕੇ ਗੱਗੂ ਜ਼ੋਰ ਨਾਲ਼ ਅੜਿੰਗਿਆ ਅਤੇ ਰੁਕ ਗਿਆ। ਮੈਂ ਭੱਜ ਕੇ ਦਲੀਪੇ ਦੇ ਹੱਥ 'ਚੋਂ ਸੋਟੀ ਖੋਹ ਲਈ ਤੇ ਕਿਹਾ,"ਤੂੰ ਮੇਰੇ ਗੱਗੂ ਨੂੰ ਕਿਉਂ ਕੁੱਟ ਰਿਹਾ ਏਂ? ਤੂੰ ਉਸ ਦਾ ਨੱਕ ਪਾੜ ਕੇ ਨੱਥ ਕਿਉਂ ਪਾਈ ਹੈ?"



Downloaded from https:// www.studiestoday.com

Downloaded from https:// www.studiestoday.com

ਦਲੀਪੇ ਨੇ ਮੇਰੀ ਗੱਲ ਦਾ ਕੋਈ ਉੱਤਰ ਨਾ ਦਿੱਤਾ।

"ਮੈਂ ਵੱਡਾ ਹੋ ਕੇ ਤੇਰੇ ਪੈਸੇ ਦੇ ਦੇਵਾਂਗਾ, ਤੂੰ ਮੇਰਾ ਗੱਗੂ ਮੈਨੂੰ ਮੋੜ ਦੇ," ਮੈਂ ਦਲੀਪੇ ਦੀ ਬਾਂਹ ਨੂੰ ਹੱਥ ਨਾਲ਼ ਹਲੂਣਦਿਆਂ ਕਿਹਾ। ਦਲੀਪੇ ਨੇ ਫੇਰ ਵੀ ਮੇਰੀ ਗੱਲ ਦਾ ਜਵਾਬ ਨਾ ਦਿੱਤਾ ਸਗੋਂ ਉਹ ਮੇਰੇ ਵੱਲ ਮੁਤਰ-ਮੁਤਰ ਝਾਕ ਰਿਹਾ ਸੀ।

ਦਲੀਪੇ ਨੇ ਮੇਰੇ ਹੱਥੋਂ ਸੋਟੀ ਖੋਹ ਕੇ ਇੱਕ ਦੋ ਸੋਟੀਆਂ ਗੱਗੂ ਦੇ ਮਾਰ ਕੇ ਉਸ ਨੂੰ ਤੋਰਨ ਦੀ ਕੋਸ਼ਸ਼ ਕੀਤੀ ਪਰ ਗੱਗੂ ਨੇ ਇੱਕ ਪੈਰ ਵੀ ਅੱਗੇ ਨਾ ਪੁੱਟਿਆ। ਗੱਗੂ ਤਰਸ ਭਰੀਆਂ ਨਜ਼ਰਾਂ ਨਾਲ਼ ਮੇਰੇ ਵੱਲ ਵੇਖ ਰਿਹਾ ਸੀ। ਮੈਂ ਦਲੀਪੇ ਨੂੰ ਕਿਹਾ, "ਗੱਗੂ ਮੇਰਾ ਆੜੀ ਹੈ। ਇਹ ਮੇਰੇ ਹੀ ਆਖੇ ਲੱਗਦਾ ਹੈ, ਤੂੰ ਇਸ ਨੂੰ ਮਾਰ ਨਾ।"

"ਹੂੰ! ਪਸ਼ੂਆਂ ਨਾਲ਼ ਕਾਹਦੀ ਆੜੀ? ਤੂੰ ਇਹਨੂੰ ਕਿੱਥੇ ਪੜ੍ਹਾ ਲਿਆ, ਬਈ, ਇਹ ਤੇਰੇ ਆਖੇ ਲੱਗ ਜੂ," ਦਲੀਪਾ ਬੋਲਿਆ।

ਦਲੀਪੇ ਨੇ ਫੇਰ ਮੂੰਹ ਨਾਲ਼ 'ਟਿੱਚ-ਟਿੱਚ' ਕਰ ਕੇ ਅਤੇ ਗੱਗੂ ਦੀ ਪਿੱਠ 'ਤੇ ਸੋਟੀ ਲਾ ਕੇ ਉਸ ਨੂੰ ਤੋਰਨਾ ਚਾਹਿਆ ਪਰ ਗੱਗੂ ਦਾ ਸਾਰਾ ਧਿਆਨ ਤਾਂ ਮੇਰੇ ਵੱਲ ਸੀ।

"ਇਹ ਤੇਰੇ ਆਖੇ ਨਹੀਂ ਲੱਗੇਗਾ। ਜੇ ਮੈਂ ਕਹਾਂ ਗੱਗੂ ਹੁਣੇ ਮੇਰੇ ਆਖੇ ਲੱਗ ਕੇ ਤੁਰ ਪਵੇਗਾ," ਮੈਂ ਕਿਹਾ।

"ਇਹ ਕਿਵੇਂ ਹੋ ਸਕਦਾ ਹੈ?" ਮੈਂ ਆਪਣੇ ਬਸਤੇ 'ਚੋਂ ਰੋਟੀ ਕੱਢੀ ਤੇ ਗੱਗੂ ਦੇ ਮੂੰਹ ਵਿੱਚ ਪਾ ਦਿੱਤੀ। ਉਸ ਨੇ ਰੋਟੀ ਖਾ ਕੇ ਮੇਰਾ ਹੱਥ ਚੱਟਿਆ।

ਮੈਂ ਗੱਗੂ ਦੇ ਪਿੰਡੇ 'ਤੇ ਹੱਥ ਫੇਰਿਆ ਤੇ ਉਸ ਦੇ ਕੰਨ ਕੋਲ਼ ਮੂੰਹ ਕਰ ਕੇ ਕਿਹਾ, "ਚੱਲ ਗੱਗੂ! ਆਪਣੇ ਘਰ ਚੱਲੀਏ," ਤੇ ਨਾਲ਼ ਹੀ ਹੱਥ ਨਾਲ਼ ਜਾਣ ਲਈ ਇਸ਼ਾਰਾ ਕੀਤਾ।

ਗੱਗੂ ਝੱਟ-ਪੱਟ ਸਣੇ ਰੇੜ੍ਹੀ ਦੇ ਤੇਜ਼ੀ ਨਾਲ਼ ਸਾਡੇ ਘਰ ਵੱਲ ਜਾਣ ਵਾਲ਼ੇ ਰਸਤੇ ਪੈ ਗਿਆ। ਦਲੀਪਾ ਛਾਲ਼ ਮਾਰ ਕੇ ਰੇੜ੍ਹੀ ਤੋਂ ਉੱਤਰ ਗਿਆ। ਮੈਂ ਤੇ ਗੱਗੂ ਘਰ ਨੂੰ ਜਾ ਰਹੇ ਸੀ। ਦਲੀਪਾ ਓਨੀ ਦੇਰ ਤੱਕ ਖੜ੍ਹਾ ਸਾਡੇ ਵੱਲ ਦੇਖਦਾ ਰਿਹਾ ਜਿੰਨੀ ਦੇਰ ਤੱਕ ਮੈਂ ਤੇ ਗੱਗੂ ਆਪਣੇ ਘਰ ਜਾਣ ਵਾਲ਼ਾ ਮੋੜ ਨਹੀਂ ਮੁੜ ਗਏ।



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ

1. ਦੱਸੋ :

(ੳ) ਮੱਝ ਦਾ ਕੱਟਾ ਕਿਹੋ-ਜਿਹਾ ਸੀ ?

(ਅ) ਮੱਝ ਕੱਟੇ ਨੂੰ ਕਿਵੇਂ ਮਮਤਾ ਵਿਖਾ ਰਹੀ ਸੀ ?

(ੲ) ਕਿਹੜੀਆਂ ਗੱਲਾਂ ਤੋਂ ਲੇਖਕ ਅਤੇ ਗੱਗੂ ਦੇ ਪਿਆਰ ਦਾ ਪਤਾ ਲੱਗਦਾ ਹੈ ?

(ਸ) ਨੱਥ ਨਾਲ਼ ਗੱਗੂ ਦੇ ਨੱਕ ਦਾ ਕੀ ਹਾਲ ਹੋਇਆ ?

(ਹ) ਲੇਖਕ ਦਲੀਪੇ ਕੋਲ਼ੋਂ ਗੱਗੂ ਨੂੰ ਕਿਸ ਤਰ੍ਹਾਂ ਲੈ ਆਇਆ ?

(ਕ) ਰੇੜ੍ਹੀ ਅੱਗੇ ਜੁੜੇ ਗੱਗੂ ਦੀ ਹਾਲਤ ਬਿਆਨ ਕਰੋ।

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਮੀਣੀ | : | ਉਹ ਗਾਂ ਜਾਂ ਮੱਝ ਜਿਸ ਦੇ ਸਿੰਗ ਹੇਠਾਂ ਨੂੰ ਮੁੜੇ ਹੋਏ ਹੋਣ। |
| ਪੰਜ ਕਲਿਆਣਾ | : | ਉਹ ਮੱਝ ਜਿਸ ਦੇ ਚਾਰੇ ਖੁਰ ਚਿੱਟੇ ਹੋਣ ਅਤੇ ਮੱਥੇ ਵਿੱਚ ਚਿੱਟਾ ਫੁੱਲ ਹੋਵੇ। |
| ਗਪਲ਼-ਗਪਲ਼ | : | ਗਟ-ਗਟ ਕਰ ਕੇ ਪੀ ਜਾਣਾ। |
| ਅੜਿੰਗਦਾ | : | ਉੱਚੀ ਅਵਾਜ਼ ਨਾਲ਼ ਬੋਲਣਾ। |
| ਆੜੀ | : | ਮਿੱਤਰ, ਦੋਸਤ। |

3. ਵਾਕਾਂ ਵਿੱਚ ਵਰਤੋ :

ਪੈਰਾਂ ਹੇਠ ਅੱਗ ਮਚਾਉਣੀ, ਸਾਂਝ, ਮਹਿਸੂਸ, ਢੁੱਡ, ਆੜੀ, ਅੱਚਵੀ ਲੱਗਣੀ, ਸ਼ੂਟ ਵੱਟਣੀ।

4. ਪੜ੍ਹੋ ਤੇ ਅਮਲ ਕਰੋ:

ਵਿਆਕਰਨ : ਸਮਾਸ ਸ਼ਬਦ : ਦੋ ਜਾਂ ਦੋ ਤੋਂ ਵੱਧ ਸ਼ਬਦਾਂ ਨੂੰ ਜੋੜ ਕੇ ਬਣੇ ਸ਼ਬਦ ਨੂੰ ਸਮਾਸ ਕਹਿੰਦੇ ਹਨ।

ਇਸ ਪਾਠ ਵਿੱਚ ਆਏ ਸਮਾਸੀ ਸ਼ਬਦ ਚੁਣ ਕੇ ਕਾਪੀ ਵਿੱਚ ਲਿਖੋ।

ਜਿਵੇਂ : ’ਨ੍ਹੇਰੇ-ਸਵੇਰੇ, ਮਿੰਨਤ-ਤਰਲਾ, ਆਨੇ-ਬਹਾਨੇ, ਭਰੇ-ਪੀਤੇ।



Downloaded from https:// www.studiestoday.com

Downloaded from https:// www.studiestoday.com

## ਪਾਠ-27

# ਵੱਡੇ ਭੈਣ ਜੀ

| | | |
|---|---|---|
| ਵਿੱਦਿਆ | : | ਇੱਕ ਸੁਘੜ ਇਸਤਰੀ |
| ਦੀਨ ਦਿਆਲ | : | ਪਤੀ |
| ਲਤਾ | : | ਬੇਟੀ |
| ਸੋਨੂੰ | : | ਬੇਟਾ |

(ਇੱਕ ਸਾਫ਼-ਸੁਥਰਾ ਕਮਰਾ, ਵਿੱਦਿਆ ਫਰਸ਼ 'ਤੇ ਕੱਪੜਾ ਵਿਛਾ ਕੇ ਮਸ਼ੀਨ ਚਲਾ ਰਹੀ ਹੈ, ਸੋਨੂੰ ਉਸ ਦੇ ਨੇੜੇ ਬੈਠਾ ਖੇਡਦਾ ਹੈ)

ਵਿੱਦਿਆ : ਬੇਟਾ, ਸਾਰਾ ਦਿਨ ਖੇਡਿਆ ਨਾ ਕਰ, ਕੁਝ ਪੜ੍ਹ ਲੈ, ਭੈਣ ਜੀ ਦਾ ਦਿੱਤਾ ਹੋਮ-ਵਰਕ ਪੂਰਾ ਕਰ ਲੈ।

ਸੋਨੂੰ : ਕਰ ਲਿਆ ਸਾਰਾ ਕੰਮ, ਮੰਮੀ ਪਹਾੜਾ ਯਾਦ ਕਰਵਾ ਦਿਓ।

ਵਿੱਦਿਆ : ਅੱਜ ਕਿਹੜਾ ਪਹਾੜਾ ਏ ?

ਸੋਨੂੰ : ਅੱਠ ਦਾ।

ਵਿੱਦਿਆ : ਦੋ ਤੋਂ ਸੱਤ ਤੱਕ ਯਾਦ ਨੇ ?

ਸੋਨੂੰ : ਹਾਂ, ਮੰਮੀ।

ਵਿੱਦਿਆ : ਚੰਗਾ ਸੱਤ ਦਾ ਸੁਣਾ, ਪਹਿਲਾਂ।

ਸੋਨੂੰ : (ਛੇਤੀ-ਛੇਤੀ) ਇੱਕ ਸਾਤਾ-ਸਾਤਾ, ਦੋ ਸਾਤੇ ਚੌਦਾਂ, ਤਿੰਨ ਸਾਤੇ ਇੱਕੀ, ਚਾਰ ਸਾਤੇ ਬੱਤੀ।

ਵਿੱਦਿਆ : ਨਹੀਂ, ਚਾਰ ਸਾਤੇ ਅਠਾਈ, ਲਤਾ ਨੂੰ ਬੁਲਾ, ਉਹ ਤੈਨੂੰ ਯਾਦ ਕਰਵਾਏਗੀ ਗੁਆਂਢੀਆਂ ਦੇ ਘਰ ਸਵਾਲ ਕੱਢਣ ਗਈ ਸੀ, ਉੱਥੇ ਹੀ ਬੈਠ ਗਈ।

(ਸੋਨੂੰ ਜਾਂਦਾ ਹੈ ਪਰ ਉਹ ਵੀ ਉੱਥੇ ਹੀ ਬੈਠ ਜਾਂਦਾ ਹੈ, ਕੁਝ ਚਿਰ ਪਿੱਛੋਂ ਵਿੱਦਿਆ ਉੱਚੀ-ਉੱਚੀ ਅਵਾਜ਼ਾਂ ਮਾਰਦੀ ਹੈ) ਲਤਾ, ਨੀ ਲਤਾ, ਓਏ ਸੋਨੂੰ ਤੁਹਾਡੇ ਡੈਡੀ ਆ ਗਏ।

(ਦੋਵੇਂ ਬੱਚੇ ਆ ਜਾਂਦੇ ਹਨ)

ਲਤਾ : ਮੰਮੀ ਕਿੱਥੇ ਹਨ, ਡੈਡੀ ?

ਸੋਨੂੰ : ਡੈਡੀ ! ਡੈਡੀ !, ਮੰਮੀ ਕਿੱਥੇ ਹਨ, ਡੈਡੀ ?



Downloaded from https:// www.studiestoday.com

Downloaded from https:// www.studiestoday.com

ਵਿੱਦਿਆ : ਉਹ ਨਹੀਂ ਆਏ। ਜੇ ਮੈਂ ਉਹਨਾਂ ਦਾ ਨਾਂ ਲਿਆ, ਤਾਂ ਤੁਸੀ ਆਏ ਹੋ। ਕਿਉਂ ਲਤਾ, ਏਨੀ ਦੇਰ ਲੱਗੀ ਏ, ਅੱਜ ਸਵਾਲ ਕੱਢਣ ਨੂੰ ?

ਸੋਨੂੰ : ਮੰਮੀ, ਇਹ ਸਵਾਲ ਨਹੀਂ ਸੀ ਕੱਢਦੀ, ਕੁਰਸੀ 'ਤੇ ਬੈਠੀ ਸੀ, ਬੁੱਲ੍ਹਾਂ ਨੂੰ ਲਾਲ ਸ਼ਾਹੀ, ਪਿੱਛੇ ਜੂੜਾ ਅਤੇ ਦੋ ਚੁੰਨੀਆਂ ਜੋੜ ਕੇ ਸਾੜ੍ਹੀ ਬੰਨੀ ਹੋਈ ਸੀ। ਵੇਖੋ, ਹੁਣ ਮੂੰਹ ਧੋ ਕੇ ਆਈ ਹੈ, ਭੈਣ ਜੀ ਬਣੀ ਬੈਠੀ ਸੀ। ਉੱਚੀ-ਉੱਚੀ ਹੱਸਦਾ ਹੈ।

ਵਿੱਦਿਆ : ਵੇਖ ਲਤਾ, ਹੁਣ ਮੈਂ ਤੈਨੂੰ ਕੁਝ ਨਹੀਂ ਆਖਦੀ ਪਰ ਅੱਗੋਂ ਉਹਨਾਂ ਦੇ ਘਰ ਸਵਾਲ ਕੱਢਣ ਨਹੀਂ ਜਾਣਾ।

ਲਤਾ : ਮੈਂ ਪੜ੍ਹ ਕੇ ਖੇਡਣ ਲੱਗੀ ਸੀ ਮੰਮੀ, ਕੋਈ ਭੈੜੀ ਖੇਡ ਤਾਂ ਨਹੀਂ, ਭੈਣ ਜੀ ਹੀ ਬਣੀ ਸੀ।

ਵਿੱਦਿਆ : ਤੂੰ ਪੜ੍ਹ ਲੈ ਬੇਟੇ ਪਹਿਲਾਂ, ਮੈਂ ਤੈਨੂੰ ਸੱਚੀ-ਮੁੱਚੀ ਭੈਣ ਜੀ ਬਣਾ ਦਿਆਂਗੀ ਲਾਲ ਬੁੱਲ੍ਹਾਂ ਅਤੇ ਸਾੜ੍ਹੀ ਵਾਲ਼ੀ ਨਹੀਂ ਸਗੋਂ ਅਜਿਹੀ ਭੈਣ ਜੀ ਜੋ ਬੱਚਿਆਂ ਨੂੰ ਚੰਗੀ ਸਿੱਖਿਆ ਦੇ ਕੇ ਚੰਗੇ ਬੱਚੇ ਬਣਾਵੇ ਤਾਂਕਿ ਬੱਚੇ ਝੂਠ ਨਾ ਬੋਲਣ, ਚੋਰੀ ਨਾ ਕਰਨ।

ਸੋਨੂੰ : ਤੁਸੀਂ ਕਿਉਂ ਝੂਠ ਬੋਲਿਆ ? ਡੈਡੀ ਤਾਂ ਆਏ ਨਹੀਂ।

ਵਿੱਦਿਆ : ਉਹ ਆਉਣ ਵਾਲ਼ੇ ਹਨ, ਉਹ ਤੈਨੂੰ ਗੁਆਂਢੀਆਂ ਦੇ ਘਰ ਜਾਣ ਤੋਂ ਮਨ੍ਹਾ ਕਰਦੇ ਹਨ ਇਸ ਲਈ ਮੈਨੂੰ ਝੂਠ ਬੋਲਣਾ ਪਿਆ।

ਲਤਾ : ਮੰਮੀ, ਪਹਿਲਾਂ ਤੁਸੀਂ ਮੈਨੂੰ ਦੱਸੋ, ਕਦੋਂ ਤੇ ਕਿਹੋ-ਜਿਹੀ ਭੈਣ ਜੀ ਬਣਾਓਗੇ ?

ਵਿੱਦਿਆ : ਅਜੇ ਤੂੰ ਬੱਚੀ ਏਂ, ਮੈਨੂੰ ਇੱਕ ਭੈਣ ਜੀ ਨੇ ਪੜ੍ਹਾਇਆ ਸੀ ਪਰ ਅਫ਼ਸੋਸ! ਮੈਂ ਚਾਹੁੰਦੀ ਹੋਈ ਵੀ ਉਹਨਾਂ ਵਾਂਗੂੰ ਭੈਣ ਜੀ ਨਾ ਬਣ ਸਕੀ। ਹੁਣ ਮੈਂ ਸਾਰਾ ਚਾਅ ਤੈਨੂੰ ਓਹੋ-ਜਿਹੀ ਭੈਣ ਜੀ ਬਣਾ ਕੇ ਪੂਰਾ ਕਰਾਂਗੀ।

ਸੋਨੂੰ : ਤੂੰ ਸਾਡੀ ਭੈਣ ਜੀ ਵੇਖੀ ਹੈ, ਕਿੱਡਾ ਜੂੜਾ ਹੁੰਦਾ ਹੈ। (ਦੋਵੇਂ ਹੱਥਾਂ ਨਾਲ਼) ਐਡਾ, ਲਤਾ, ਤੂੰ ਓਹੋ-ਜਿਹੀ ਨਹੀਂ ਬਣ ਸਕੇਂਗੀ।

ਲਤਾ : ਸਾਡੇ ਭੈਣ ਜੀ ਦੀ ਸਾੜ੍ਹੀ ਤੇਰੇ ਭੈਣ ਜੀ ਦੀ ਸਾੜ੍ਹੀ ਨਾਲ਼ੋਂ ਕਿੰਨੀ ਸੋਹਣੀ ਹੁੰਦੀ ਹੈ!

ਵਿੱਦਿਆ : ਤੇ ਪੜ੍ਹਾਉਂਦੀ ਕੌਣ ਏ, ਸੋਹਣਾ ? ਚੰਗੀਆਂ ਗੱਲਾਂ ਕੌਣ ਕਰਦੀ ਏ ਤੁਹਾਡੇ ਨਾਲ਼ ?

ਸੋਨੂੰ : ਭੈਣ ਜੀ ਕੋਈ ਗੱਲਾਂ ਕਰਦੀ ਹੁੰਦੀ ਹੈ ? ਸਾਨੂੰ ਤਾਂ ਡਰ ਲੱਗਦਾ ਏ, ਉਹਨਾਂ ਕੋਲ਼ੋਂ।

ਵਿੱਦਿਆ : ਮੈਂ ਲਤਾ ਨੂੰ ਡਰਾਉਣ ਵਾਲ਼ੀ ਭੈਣ ਜੀ ਨਹੀਂ ਬਣਾਉਣਾ।

ਲਤਾ : ਦੱਸੋ ਤਾਂ ਸਹੀ, ਕਿਹ-ਜਿਹੀ ਬਣਾਓਗੇ ?



Downloaded from https:// www.studiestoday.com

Downloaded from https:// www.studiestoday.com

ਵਿੱਦਿਆ : ਪਹਿਲੀਆਂ ਤਿੰਨ ਸ਼੍ਰੇਣੀਆਂ ਤਾਂ ਮੈਂ ਸੋਨੂੰ ਦੀ ਭੈਣ ਜੀ ਵਾਂਗੂੰ ਡਰਾਉਣ ਵਾਲ਼ੀ ਭੈਣ ਜੀ ਤੋਂ ਪੜ੍ਹੀਆਂ। ਉਹ ਮੇਜ਼ 'ਤੇ ਡੰਡਾ ਮਾਰ ਕੇ ਡਰਾਉਂਦੇ ਰਹਿੰਦੇ ਸਨ, ਪੜ੍ਹਾਉਂਦੇ ਘੱਟ ਸਨ।

ਲਤਾ : ਫੇਰ।

ਵਿੱਦਿਆ : ਚੌਥੀ, ਪੰਜਵੀਂ ਮੈਂ ਵੱਡੇ ਭੈਣ ਜੀ ਤੋਂ ਪੜ੍ਹੀਆਂ। ਉਹ ਪੜ੍ਹਾਉਂਦੇ ਨਾ ਥੱਕਦੇ, ਅਸੀਂ ਪੜ੍ਹਦੇ ਨਾ ਥੱਕਦੇ।

ਸੋਨੂੰ : ਉਹ ਮਾਰਦੇ ਨਹੀਂ ਸੀ, ਤੁਹਾਨੂੰ ?

ਵਿੱਦਿਆ : ਕਦੇ-ਕਦੇ ਮਾਰਦੇ ਸੀ ਪਰ ਪਿੱਛੋਂ ਪਿਆਰ ਕਰਦੇ ਸੀ। ਅਸੀਂ ਉਹਨਾਂ ਦੀ ਮਾਰ ਨੂੰ ਉਸੇ ਵੇਲ਼ੇ ਭੁੱਲ ਜਾਂਦੇ।

ਲਤਾ : ਜਿਵੇਂ ਤੁਸੀਂ ਸਾਨੂੰ ਮਾਰ ਕੇ ਪਿਆਰ ਕਰਨ ਲੱਗ ਜਾਂਦੇ ਹੋ ?

ਵਿੱਦਿਆ : ਹਾਂ ਬੇਟਾ, ਉਹ ਕਹਿੰਦੇ ਹੁੰਦੇ ਸੀ ਕਿ ਜਿਵੇਂ ਘਰ ਤੁਹਾਡੀ ਮੰਮੀ ਹੈ, ਓਵੇਂ ਹੀ ਸਕੂਲ ਵਿੱਚ ਮੈਂ ਤੁਹਾਡੀ ਮੰਮੀ ਹਾਂ। ਜਿਸ ਦਿਨ ਉਹ ਸਕੂਲ ਨਾ ਆਉਂਦੇ ਸਾਡਾ ਦਿਲ ਨਹੀਂ ਸੀ ਲੱਗਦਾ, ਉਹ ਸਾਨੂੰ ਦੱਸ ਕੇ ਛੁੱਟੀ ਲੈਂਦੇ ਤੇ ਸਾਨੂੰ ਲਿਖਣ ਦਾ ਕੰਮ ਦੇ ਕੇ ਜਾਂਦੇ।

ਲਤਾ : ਜੇ ਤੁਸੀਂ ਉਹਨਾਂ ਦਾ ਦਿੱਤਾ ਹੋਇਆ ਕੰਮ ਨਾ ਕਰਦੇ, ਤਾਂ ?

ਵਿੱਦਿਆ : ਫੇਰ ਉਹ ਸਾਡੇ ਨਾਲ਼ ਗ਼ੁੱਸੇ ਹੋ ਜਾਂਦੇ, ਅਸੀਂ ਮੁਆਫ਼ੀ ਮੰਗਦੇ ਤਾਂ ਉਹ ਹੱਸ ਪੈਂਦੇ।

ਲਤਾ : ਗੱਲਾਂ ਕੀ ਕਰਦੇ ਸੀ ਤੇ ਕਦੋਂ ਕਰਦੇ ਸੀ ?

ਵਿੱਦਿਆ : ਪਹਿਲਾਂ ਤਾਂ ਸਾਨੂੰ ਸਵਾਲ ਕਢਵਾਉਂਦੇ, ਉਸ ਪਿੱਛੋਂ ਚੰਗੀਆਂ-ਚੰਗੀਆਂ ਗੱਲਾਂ ਦੱਸਦੇ। ਸਨਿੱਚਰਵਾਰ ਨੂੰ ਬਾਲ-ਸਭਾ ਵਿੱਚ ਸਾਡੇ ਨਾਲ਼ ਬਹੁਤ ਸਾਰੀਆਂ ਗੱਲਾਂ ਕਰਦੇ। ਸਾਡਾ ਤਾਂ ਘਰ ਆਉਣ ਨੂੰ ਦਿਲ ਨਾ ਕਰਦਾ।

ਸੋਨੂੰ : ਕੀ ਗੱਲਾਂ ਕਰਦੇ ?

ਵਿੱਦਿਆ : ਉਹ ਕਹਿੰਦੇ ਹੁੰਦੇ ਸੀ ਕਿ ਜਿਵੇਂ ਤੁਸੀਂ ਸਕੂਲ ਵਿੱਚ ਮੇਰੇ ਆਖੇ ਲੱਗਦੇ ਹੋ, ਘਰ ਜਾ ਕੇ ਆਪਣੇ ਮਾਪਿਆਂ ਦੇ ਆਖੇ ਲੱਗਿਆ ਕਰੋ।

ਲਤਾ : ਹੋਰ ਕੀ ਕਹਿੰਦੇ ਸੀ ?

ਵਿੱਦਿਆ : ਬਾਪੂ ਦੇ ਤਿੰਨ ਬਾਂਦਰਾਂ ਦੀ ਕਹਾਣੀ ਸੁਣਾਉਂਦੇ ਅਤੇ ਚੰਗੇ ਆਚਰਨ ਬਾਰੇ ਵੀ ਸਮਝਾਉਂਦੇ ਹੁੰਦੇ ਸਨ।

ਸੋਨੂੰ : ਉਹ ਕੀ ਹੁੰਦਾ ਹੈ, ਮੰਮੀ......... ?

ਵਿੱਦਿਆ : ਆਚਰਨ ਕੀ ਹੁੰਦਾ ਹੈ, ਇਹ ਤਾਂ ਤੂੰ ਵੱਡਾ ਹੋ ਕੇ ਹੀ ਸਮਝੇਂਗਾ ਪਰ ਫੇਰ ਵੀ ਮੈਂ ਤੁਹਾਨੂੰ ਸਮਝਾਉਂਦੀ ਹਾਂ ਕਿ ਚੰਗੇ ਆਚਰਨ ਤੋਂ ਹੀ ਚੰਗੇ ਬੱਚੇ, ਚੰਗੇ



Downloaded from https:// www.studiestoday.com

Downloaded from https:// www.studiestoday.com

ਨੌਜਵਾਨ ਤੇ ਚੰਗੇ ਮਨੁੱਖ ਬਣਦੇ ਹਨ। ਭਾਰਤ ਦੇ ਨੌਜਵਾਨ ਅਜਿਹੇ ਹੀ ਹੋਣੇ ਚਾਹੀਦੇ ਹਨ।

ਲਤਾ : ਉਹ ਕਿਵੇਂ, ਮੰਮੀ.........?

ਵਿੱਦਿਆ : ਬੇਟੇ, ਜਿਵੇਂ ਅੱਜ-ਕੱਲ੍ਹ ਮੁੰਡੇ-ਕੁੜੀਆਂ ਘਰੋਂ ਤਾਂ ਪੜ੍ਹਨ ਜਾਂਦੇ ਹਨ ਪਰ ਮਾਪਿਆਂ ਨੂੰ ਧੋਖਾ ਦੇ ਕੇ ਫ਼ਿਲਮਾਂ ਵੇਖਦੇ ਹਨ, ਸੈਰਾਂ ਕਰਦੇ ਹਨ, ਟੋਲੀਆਂ ਬਣਾ ਕੇ ਲੜਦੇ ਹਨ, ਨਸ਼ੇ ਕਰਦੇ ਹਨ। ਮਾਪੇ ਉੱਕਾ ਹੀ ਆਪਣੇ ਬੱਚਿਆਂ ਤੋਂ ਅਨਜਾਣ ਹੁੰਦੇ ਹਨ। ਚੰਗੇ ਬੱਚੇ ਏਦਾਂ ਨਹੀਂ ਕਰਦੇ, ਉਹਨਾਂ ਦਾ ਆਚਰਨ ਠੀਕ ਹੁੰਦਾ ਹੈ। ਅਜਿਹੀ ਸਿੱਖਿਆ ਸਾਡੇ ਵੱਡੇ ਭੈਣ ਜੀ ਸਾਨੂੰ ਦਿੰਦੇ ਹੁੰਦੇ ਸਨ।

ਲਤਾ : ਮੰਮੀ ਸਾਨੂੰ ਤਾਂ ਅਜਿਹੀ ਸਿੱਖਿਆ ਕੋਈ ਨਹੀਂ ਦਿੰਦਾ।

ਸੋਨੂੰ : ਮੰਮੀ, ਤੁਸੀਂ ਹੁਣ ਸਕੂਲ ਜਾ ਕੇ ਬੱਚਿਆਂ ਨੂੰ ਅਜਿਹੀ ਸਿੱਖਿਆ ਦਿਆ ਕਰੋ।

ਵਿੱਦਿਆ : ਮੇਰੀ ਬੇਟੀ ਵੱਡੀ ਹੋ ਕੇ ਭੈਣ ਜੀ ਬਣੇਗੀ ਅਤੇ ਦੇਸ ਦੇ ਬੱਚਿਆਂ ਦਾ ਸੁਧਾਰ ਕਰੇਗੀ, ਕਿਉਂ ਲਤਾ?

ਲਤਾ : ਹਾਂ ਮੰਮੀ, ਮੈਂ ਤਾਂ ਜ਼ਰੂਰ ਭੈਣ ਜੀ ਹੀ ਬਣਾਂਗੀ।

ਸੋਨੂੰ : ਬਾਂਦਰਾਂ ਦੀ ਕਹਾਣੀ ਕਿਵੇਂ ਸੀ, ਮੰਮੀ?

ਵਿੱਦਿਆ : ਉਹ ਬਾਪੂ ਦੇ ਤਿੰਨ ਬਾਂਦਰ.......... ਇੱਕ ਨੇ ਮੂੰਹ 'ਤੇ ਹੱਥ ਰੱਖਿਆ ਹੋਇਆ, ਇੱਕ ਨੇ ਕੰਨਾਂ ਅਤੇ ਇੱਕ ਨੇ ਅੱਖਾਂ 'ਤੇ ਇਸਦਾ ਮਤਲਬ ਹੈ : ਭੈੜਾ ਬੋਲੋ ਨਾ, ਭੈੜਾ ਵੇਖੋ ਨਾ ਅਤੇ ਭੈੜਾ ਸੁਣੋ ਨਾ।

ਸੋਨੂੰ : ਮੈਂ ਵੀ ਪੜ੍ਹ ਕੇ ਅਧਿਆਪਕ ਬਣਾਂਗਾ।

ਵਿੱਦਿਆ : ਤੂੰ ਬੇਟੇ, ਮਾਸਟਰ ਜੀ ਬਣੇਂਗਾ।

ਲਤਾ : ਕੁਝ ਹੋਰ ਦੱਸੋ, ਮੰਮੀ (ਦੋਵੇਂ ਵਿੱਦਿਆ ਦੇ ਸਾਹਮਣੇ ਬੈਠ ਜਾਂਦੇ ਹਨ। ਦੀਨ ਦਿਆਲ ਆਉਂਦਾ ਹੈ)

ਦੀਨ ਦਿਆਲ : ਅੱਜ ਤਾਂ ਬੜੇ ਚੁੱਪ ਬੈਠੇ ਹੋ, ਜਿਵੇਂ ਸਕੂਲ ਵਿੱਚ ਭੈਣ ਜੀ ਕੋਲ਼ ਬੈਠੇ ਹੁੰਦੇ ਓ।

ਲਤਾ : ਹਾਂ ਡੈਡੀ, ਹੁਣ ਅਸੀਂ ਚੰਗੇ ਬੱਚੇ ਬਣਾਂਗੇ। ਮੈਂ ਰੱਜ ਕੇ ਪੜ੍ਹਾਂਗੀ ਅਤੇ ਬੱਚਿਆਂ ਨੂੰ ਪੜ੍ਹਾਵਾਂਗੀ।

ਦੀਨ ਦਿਆਲ : ਅੱਜ ਤੁਸੀਂ ਕਿਹੋ-ਜਿਹੀਆਂ ਗੱਲਾਂ ਕਰਦੇ ਹੋ?

ਸੋਨੂੰ : ਹਾਂ ਡੈਡੀ, ਮੈਂ ਵੀ ਪੜ੍ਹ ਕੇ ਮਾਸਟਰ ਜੀ ਬਣਾਂਗਾ ਅਤੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਆਂਗਾ : ਚੋਰੀ ਨਾ ਕਰੋ, ਝੂਠ ਨਾ ਬੋਲੋ, ਨਸ਼ੇ ਨਾ ਵਰਤੋ। ਠੀਕ ਏ ਮੰਮੀ? (ਸਾਰੇ ਹੱਸਦੇ ਹਨ)



Downloaded from https:// www.studiestoday.com

Downloaded from https:// www.studiestoday.com

ਵਿੱਦਿਆ : (ਹੱਸਦੀ ਹੋਈ) ਠੀਕ ਏ, ਪਹਾੜਾ ਤਾਂ ਸੁਣਾ ਦੇ, ਆਪਣੇ ਡੈਡੀ ਨੂੰ, ਸੱਤ ਚੌਕਾ ਬੱਤੀ।

ਸੋਨੂੰ : ਹੁਣ ਮੇਰੇ ਯਾਦ ਹੈ, ਸੱਤ ਚੌਕਾ ਅਠਾਈ। ਚੱਲ ਲਤਾ, ਮੈਨੂੰ ਅੱਠ ਦਾ ਪਹਾੜਾ ਯਾਦ ਕਰਵਾ।

(ਦੋਵੇਂ ਅੰਦਰ ਜਾਂਦੇ ਹਨ)

ਵਿੱਦਿਆ : ਤੁਸੀਂ ਦੱਸੋ, ਅੱਜ ਏਨੀ ਲੇਟ ਕਿਉਂ ਹੋਏ ?

ਦੀਨ ਦਿਆਲ: ਕੀ ਦੱਸਾਂ ਵਿੱਦਿਆ, ਮੈਂ ਤਾਂ ਠੀਕ ਟਾਈਮ 'ਤੇ ਆ ਜਾਣਾ ਸੀ। ਜਦੋਂ ਚੁੰਗੀ ਕੋਲ਼ ਪਹੁੰਚਿਆ ਤਾਂ ਪਲੱਸ ਟੂ ਦੇ ਬੱਚਿਆਂ ਵਿੱਚ ਲੜਾਈ ਹੋ ਰਹੀ ਸੀ।

ਵਿੱਦਿਆ : ਅੱਜ-ਕੱਲ੍ਹ ਦੇ ਮੁੰਡੇ ਕੋਈ ਪੜ੍ਹਦੇ ਨੇ ? ਲੜਦੇ ਨੇ। ਤੁਸੀਂ ਆ ਜਾਣਾ ਸੀ, ਤੁਹਾਨੂੰ ਕੀ ?

ਦੀਨ ਦਿਆਲ: ਆ ਤਾਂ ਜਾਂਦਾ ਪਰ ਮੇਰੇ ਦੋਸਤ ਦੇ ਮੁੰਡੇ ਦੇ ਬਹੁਤ ਸੱਟਾਂ ਵੱਜੀਆਂ। ਉਸ ਨੂੰ ਹਸਪਤਾਲ ਛੱਡ ਕੇ ਆਇਆ ਹਾਂ।

ਵਿੱਦਿਆ : ਹੁਣ ਦੁਬਾਰਾ ਜਾਓਗੇ ?

ਦੀਨ ਦਿਆਲ: ਨਹੀਂ, ਮੈਂ ਉਸ ਦੇ ਘਰੋਂ ਹੀ ਆਇਆ ਹਾਂ, ਉਹ ਆਪ ਹੀ ਸੰਭਾਲਣਗੇ, ਮੈਨੂੰ ਤਾਂ ਆਪਣੇ ਬੱਚਿਆਂ ਦੀ ਚਿੰਤਾ ਹੋ ਗਈ ਉਹਨਾਂ ਵੱਲ ਵੇਖ ਕੇ (ਦੋਵੇਂ ਬੱਚੇ ਆ ਜਾਂਦੇ ਹਨ)

ਸੋਨੂੰ : ਸੁਣੋ ਮੰਮੀ, ਅੱਠ ਦਾ ਪਹਾੜਾ, ਮੈਂ ਯਾਦ ਕਰ ਲਿਆ।

ਵਿੱਦਿਆ : ਆਪਣੇ ਬੱਚਿਆਂ ਦੀ ਚਿੰਤਾ ਨਾ ਕਰੋ, ਤੁਸੀਂ ਹੱਥ ਮੂੰਹ ਧੋ ਕੇ ਰੋਟੀ ਖਾਓ।

ਸੋਨੂੰ : ਡੈਡੀ, ਰੋਟੀ ਤੋਂ ਪਹਿਲਾਂ ਮੇਰਾ ਪਹਾੜਾ ਸੁਣੋ।

ਦੀਨ ਦਿਆਲ: ਚੰਗਾ ਸੁਣਾ।

ਸੋਨੂੰ : ਇੱਕ ਆਠਾ ਆਠਾ, ਦੋ ਆਠੇ ਸੋਲ਼ਾਂ, ਤਿੰਨ ਆਠੇ ਬੱਤੀ।

ਦੀਨ ਦਿਆਲ: ਨਹੀਂ ਬੇਟੇ, ਤਿੰਨ ਆਠੇ ਚੌਵੀ।

ਸੋਨੂੰ : ਮੰਮੀ ਨੇ ਤਾਂ ਬੱਤੀ ਦੱਸਿਆ ਸੀ।

ਵਿੱਦਿਆ : ਬੇਟੇ, ਝੂਠ ਨਹੀਂ ਬੋਲੀਦਾ।

ਸੋਨੂੰ : ਸੌਰੀ ਮੰਮੀ, ਝੂਠ ਨਹੀਂ ਬੋਲੀਦਾ, ਚੋਰੀ ਨਹੀਂ ਕਰੀਦੀ, ਨਸ਼ਾ ਨਹੀਂ ਖਾਣਾ ਚਾਹੀਦਾ। ਇੱਕ ਹੋਰ ਦੱਸਿਆ ਸੀ, ਮੰਮੀ ਨੇ। ਮੈਂ ਭੁੱਲ ਗਿਆ।

ਲਤਾ : ਆਚਰਨ।

(ਸਾਰੇ ਹੱਸਦੇ ਹਨ)



Downloaded from https:// www.studiestoday.com

Downloaded from https:// www.studiestoday.com

## ਪਾਠ-ਅਭਿਆਸ

1. ਦੱਸੋ :

(ੳ) ਲਤਾ ਕਿੱਥੇ ਗਈ ਸੀ ਅਤੇ ਕਿਉਂ ?

(ਅ) ਸੋਨੂੰ ਅਨੁਸਾਰ ਲਤਾ ਗੁਆਂਢੀਆਂ ਦੇ ਘਰ ਕੀ ਕਰ ਰਹੀ ਸੀ ?

(ੲ) ਵਿੱਦਿਆ ਆਪਣੀ ਧੀ ਦੇ ਭਵਿੱਖ ਬਾਰੇ ਕੀ ਸੋਚਦੀ ਹੈ ਅਤੇ ਕਿਉਂ ?

(ਸ) ਵਿੱਦਿਆ ਆਪਣੇ 'ਵੱਡੇ ਭੈਣ ਜੀ' ਨੂੰ ਇੱਕ ਆਦਰਸ਼ ਅਧਿਆਪਕਾ ਕਿਉਂ ਮੰਨਦੀ ਹੈ ?

2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਸੁਘੜ | : | ਸਿਆਣਾ, ਹੁਸ਼ਿਆਰ, ਸੁਸਿੱਖਿਅਤ |
| ਸ਼ਾਹੀ | : | ਸਿਆਹੀ, ਕਾਲ਼ਖ, ਦਵਾਤ ਵਿੱਚ ਪਾਉਣ ਵਾਲ਼ਾ ਰੰਗ |
| ਪਹਾੜਾ | : | ਕਿਸੇ ਅੰਕ ਦੇ ਗੁਣਨ-ਫਲ਼ਾਂ ਦੀ ਸਿਲਸਿਲੇਵਾਰ ਸੂਚੀ, ਗੁਣਨ-ਸੂਚੀ |
| ਅਫ਼ਸੋਸ | : | ਸ਼ੋਕ, ਰੰਜ, ਗ਼ਮ |
| ਚਾਅ | : | ਤੀਬਰ ਇੱਛਾ, ਲਾਲਸਾ, ਸੱਧਰ |
| ਆਚਰਨ | : | ਚਾਲ-ਚਲਣ, ਆਚਾਰ, ਵਤੀਰਾ। |

3. ਵਾਕਾਂ ਵਿੱਚ ਵਰਤੋ :

ਸਵਾਲ, ਸੁਘੜ, ਆਚਰਨ, ਬਾਲ-ਸਭਾ, ਚਾਅ

ਵਿਆਕਰਨ : ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ : ਤੁਸੀਂ ਵੇਖਿਆ ਹੋਣਾ ਹੈ ਕਿ ਕਈ ਵਾਰੀ ਜੋ ਗੱਲ ਇੱਕ ਵਾਕ ਜਾਂ ਬਹੁਤੇ ਸ਼ਬਦਾਂ ਰਾਹੀਂ ਆਖੀ ਜਾਂਦੀ ਹੈ, ਉਹ ਇੱਕ ਸ਼ਬਦ ਜਾਂ ਥੋੜ੍ਹੇ ਸ਼ਬਦਾਂ ਵਿੱਚ ਵੀ ਕਹੀ ਜਾ ਸਕਦੀ ਹੈ, ਜਿਵੇਂ : ਮਨੁੱਖ ਤੋਂ ਭੁੱਲਾਂ ਜਾਂ ਗ਼ਲਤੀਆਂ ਹੋ ਹੀ ਜਾਂਦੀਆਂ ਹਨ-ਮਨੁੱਖ ਭੁੱਲਣਹਾਰ ਹੈ।

ਬਹੁਤ ਬੋਲਣ ਵਾਲ਼ਾ-ਬੜਬੋਲਾ

ਰੱਬ ਨੂੰ ਨਾ ਮੰਨਣ ਵਾਲ਼ਾ-ਨਾਸਤਿਕ

ਹੁਣ ਤੱਕ ਪੜ੍ਹੇ ਪਿਛਲੇ ਪਾਠਾਂ ਵਿੱਚੋਂ ਅਜਿਹੇ ਸ਼ਬਦ ਚੁਣੋ ਜੋ ਬਹੁਤੇ ਸ਼ਬਦਾਂ ਦੀ ਥਾਂ ਵਰਤੇ ਗਏ ਹੋਣ।

ਬਹੁ-ਅਰਥਕ ਸ਼ਬਦ :

ਕਈ ਸ਼ਬਦ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਵੱਖ-ਵੱਖ ਪ੍ਰਸੰਗ ਵਿੱਚ ਵੱਖ-ਵੱਖ ਅਰਥ ਹੁੰਦੇ ਹਨ : ਜਿਵੇਂ : ਲਾਲ, ਜੋੜ, ਸਹੀ ਆਦਿ।

ਹੇਠਾਂ ਦਿੱਤੇ ਵਾਕਾਂ ਵਿੱਚੋਂ ਨਾਂਵ, ਪੜਨਾਂਵ, ਵਿਸ਼ੇਸ਼ਣ ਅਤੇ ਕਿਰਿਆ ਸ਼ਬਦ ਚੁਣੋ ਅਤੇ ਉਹਨਾਂ ਦੀਆਂ ਕਿਸਮਾਂ ਅਨੁਸਾਰ ਵੱਖ-ਵੱਖ ਕਰ ਕੇ ਲਿਖੋ :

(ੳ) "ਸਾਰਾ ਦਿਨ ਖੇਡਿਆ ਨਾ ਕਰ, ਕੁਝ ਪੜ੍ਹ ਲੈ।"

(ਅ) "ਕਿਉਂ ਲਤਾ, ਏਨੀ ਦੇਰ ਲੱਗੀ ਏ, ਅੱਜ ਸਵਾਲ ਕੱਢਣ ਨੂੰ ?"



Downloaded from https:// www.studiestoday.com

Downloaded from https:// www.studiestoday.com

(ੲ) "ਮੰਮੀ, ਇਹ ਸਵਾਲ ਨਹੀਂ ਸੀ ਕੱਢਦੀ, ਕੁਰਸੀ 'ਤੇ ਬੈਠੀ ਸੀ, ਬੁੱਲ੍ਹਾਂ ਨੂੰ ਲਾਲ ਸ਼ਾਹੀ, ਪਿੱਛੇ ਜੂੜਾ ਅਤੇ ਦੋ ਚੁੰਨੀਆਂ ਜੋੜ ਕੇ ਸਾੜ੍ਹੀ ਬੰਨ੍ਹੀ ਹੋਈ ਸੀ।"

(ਸ) "ਉਹ ਆਉਣ ਵਾਲ਼ੇ ਹਨ, ਉਹ ਤੈਨੂੰ ਗੁਆਂਢੀਆਂ ਦੇ ਘਰ ਜਾਣ ਤੋਂ ਮਨ੍ਹਾਂ ਕਰਦੇ ਹਨ।"

(ਹ) "ਤੁਸੀਂ ਕਿਉਂ ਝੂਠ ਬੋਲਿਆ ? ਡੈਡੀ ਤਾਂ ਆਏ ਨਹੀਂ।"

(ਕ) "ਸਾਡੇ ਭੈਣ ਜੀ ਦੀ ਸਾੜ੍ਹੀ ਤੇਰੇ ਭੈਣ ਜੀ ਦੀ ਸਾੜ੍ਹੀ ਨਾਲ਼ੋਂ ਕਿੰਨੀ ਸੋਹਣੀ ਹੁੰਦੀ ਹੈ!"

(ਖ) "ਹੁਣ ਮੈਂ ਸਾਰਾ ਚਾਅ ਤੈਨੂੰ ਉਹੋ-ਜਿਹੀ ਭੈਣ ਜੀ ਬਣਾ ਕੇ ਪੂਰਾ ਕਰਾਂਗੀ।"

ਤੁਹਾਨੂੰ ਆਪਣੇ ਸਕੂਲ ਦੇ ਜਿਹੜੇ ਅਧਿਆਪਕ ਜਾਂ ਅਧਿਆਪਕਾ ਚੰਗੇ ਲੱਗਦੇ ਹਨ, ਉਹਨਾਂ ਬਾਰੇ ਕੁਝ ਸਤਰਾਂ ਆਪਣੀ ਕਾਪੀ ਵਿੱਚ ਲਿਖੋ।

| | |
|---|---|
| ਬੁਰਾ | ਨਾ ਸੁਣੋ<br>ਨਾ ਦੇਖੋ<br>ਨਾ ਬੋਲੋ |



Downloaded from https:// www.studiestoday.com